12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 34
November 29, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਬਾ ਫੂਲੇ ਜੀ ਨੂੰ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਕੋਟਿਨ-ਕੋਟਿ ਪ੍ਰਣਾਮ।
**ਅਦਾਰਾ 'ਦੇਸ਼ ਦੁਆਬਾ'**



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 3 ਦਸੰਬਰ 2023 ਨੂੰ ਮਨਾਇਆ ਜਾ ਰਿਹਾ ਹੈ।
**(ਹੋਰ ਜਾਣਕਾਰੀ ਲਈ ਵੇਖੋ ਸਫਾ 2 'ਤੇ)**

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਸੁਪਰੀਮ ਕੋਰਟ ਕੰਪਲੈਕਸ 'ਚ ਸਥਾਪਿਤ ਹੋਇਆ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਬੁੱਤ

**ਨਵੀਂ ਦਿੱਲੀ (ਬਿਊਰੋ)** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਐਤਵਾਰ ਨੂੰ ਸੰਵਿਧਾਨ ਦਿਵਸ ਦੇ ਮੌਕੇ 'ਤੇ ਸੁਪਰੀਮ ਕੋਰਟ ਪਰਿਸਰ 'ਚ ਡਾਕਟਰ ਭੀਮ ਰਾਓ ਅੰਬੇਡਕਰ ਦੀ ਮੂਰਤੀ ਦਾ ਉਦਘਾਟਨ ਕੀਤਾ। ਇਸ ਮੌਕੇ ਭਾਰਤ ਦੇ ਚੀਫ਼ ਜਸਟਿਸ ਡੀਵਾਈ





ਚੰਦਰਚੂੜ ਅਤੇ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਮੌਜੂਦ ਸਨ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਸੀਜੇਆਈ ਡੀਵਾਈ ਚੰਦਰਚੂੜ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ 7 ਫੁੱਟ ਉੱਚੀ ਮੂਰਤੀ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਦਿੱਤੀ। ਇਸ ਤੋਂ ਬਾਅਦ ਰਾਸ਼ਟਰਪਤੀ ਮੁਰਮੂ ਅਤੇ ਸੀਜੇਆਈ ਚੰਦਰਚੂੜ ਨੇ ਬੂਟੇ ਲਗਾਏ। ਜ਼ਿਕਰਯੋਗ ਹੈ ਕਿ ਭਾਰਤ ਦੇ ਸੰਵਿਧਾਨ ਨੂੰ 26 ਨਵੰਬਰ 1949 ਨੂੰ ਸੰਵਿਧਾਨ ਸਭਾ ਦੁਆਰਾ ਅਪਣਾਇਆ ਗਿਆ ਸੀ। 2015 ਤੋਂ ਅੱਜ ਦਾ ਦਿਨ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲਾਂ ਇਸ ਦਿਨ ਨੂੰ ਕਾਨੂੰਨ ਦਿਵਸ ਵਜੋਂ ਮਨਾਇਆ ਜਾਂਦਾ ਸੀ।

## ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

**ਸ੍ਰੀ ਅੰਮ੍ਰਿਤਸਰ (ਬਿਊਰੋ)** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਭਾਰਤ ਤੋਂ ਇਲਾਵਾ ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਵਿਖੇ ਵੀ ਪ੍ਰਕਾਸ਼ ਦਿਹਾੜਾ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟ੍ਰੇਲੀਆ, ਨਿਊਜ਼ੀਲੈਂਡ ਸਮੇਤ ਹੋਰ ਵੀ ਮੁਲਕਾਂ ਵਿਚ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਵਾਸੀਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਪੀਐਮ ਮੋਦੀ



ਨੇ ਕਿਹਾ, ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, ਕਾਰਤਿਕ ਪੂਰਨਿਮਾ ਅਤੇ ਦੇਵ ਦੀਵਾਲੀ ਦੇ ਪਵਿੱਤਰ ਤਿਉਹਾਰ ਲਈ ਸ਼ੁੱਭ ਕਾਮਨਾਵਾਂ, ਜੋ ਸ਼ਰਧਾ, ਭਗਤੀ ਅਤੇ ਬ੍ਰਹਮ ਪੂਜਾ ਦੀ ਭਾਰਤੀ ਪਰੰਪਰਾ ਨੂੰ ਦਰਸਾਉਂਦਾ ਹੈ। ਸੇਵਾ ਕਰਨ ਅਤੇ ਭਾਈਚਾਰੇ ਦਾ ਪਿੱਛਾ ਕਰਨ 'ਤੇ ਉਸ ਦਾ ਜ਼ੋਰ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਤਾਕਤ ਦਿੰਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਵਡਮੁੱਲੇ ਸੰਦੇਸ਼ ਅੱਜ ਵੀ ਭਾਰਤ ਲਈ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਲਈ ਪ੍ਰੇਰਨਾਦਾਇਕ ਹਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਸਾਦਾ, ਸਦਭਾਵਨਾ ਅਤੇ ਦੂਜਿਆਂ ਪ੍ਰਤੀ ਸਮਰਪਿਤ ਹੋਣ ਲਈ ਪ੍ਰੇਰਿਤ ਕਰਦੇ ਹਨ।

## ਨਿਆਂ ਦੇ ਰਾਹ 'ਚ ਭਾਸ਼ਾ ਤੇ ਖਰਚ ਬਣਦੇ ਨੇ ਅੜਿੱਕਾ- ਰਾਸ਼ਟਰਪਤੀ ਦਰੋਪਦੀ ਮੁਰਮੂ

**ਨਵੀਂ ਦਿੱਲੀ-** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਸਿਖ਼ਰਲੀ ਨਿਆਂਪਾਲਿਕਾ 'ਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਤੇ 'ਇਨਸਾਫ ਦੀ ਕੀਮਤ' ਉਨ੍ਹਾਂ ਅੜਿੱਕਿਆਂ ਵਿਚੋਂ ਇਕ ਹਨ ਜੋ ਨਿਆਂ ਤੱਕ ਸਾਰਿਆਂ ਦੀ ਬਰਾਬਰ ਪਹੁੰਚ ਦੇ ਰਾਹ 'ਚ ਖੜ੍ਹੇ ਹੁੰਦੇ ਹਨ। ਉਨ੍ਹਾਂ ਇਨ੍ਹਾਂ ਅੜਿੱਕਿਆਂ ਨੂੰ ਦੂਰ ਕਰਨ 'ਤੇ ਜ਼ੋਰ ਦਿੱਤਾ। ਇੱਥੇ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁਰਮੂ ਨੇ ਦਿਹਾਤੀ



ਖੇਤਰਾਂ ਵਿਚ ਜਾਗਰੂਕਤਾ ਮੁਹਿੰਮ ਚਲਾਉਣ 'ਤੇ ਜ਼ੋਰ ਦਿੱਤਾ ਤਾਂ ਕਿ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕੀਤਾ ਜਾ ਸਕੇ। ਰਾਸ਼ਟਰਪਤੀ ਨੇ ਕਿਹਾ ਕਿ ਬਰਾਬਰੀ ਨਾ ਸਿਰਫ਼ ਨਿਆਂ ਦਾ ਅਧਾਰ ਹੈ, ਬਲਕਿ ਇਸ ਦੀ ਇਕ ਜ਼ਰੂਰੀ ਸ਼ਰਤ ਵੀ ਹੈ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਕੁਝ ਲੋਕ ਵੱਖ-ਵੱਖ ਕਾਰਨਾਂ ਕਰ ਕੇ ਆਪਣੀਆਂ ਸ਼ਿਕਾਇਤਾਂ ਦੇ ਨਿਬੇੜੇ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਨਿਆਂ ਦੇ ਰਾਹ ਵਿਚ ਆਉਂਦੇ ਅੜਿੱਕੇ ਦੂਰ ਕਰਨੇ ਜ਼ਰੂਰੀ ਹਨ ਜਿਨ੍ਹਾਂ ਵਿਚ ਨਿਆਂ ਦੀ ਕੀਮਤ ਵੀ ਸ਼ਾਮਲ ਹੈ। ਰਾਸ਼ਟਰਪਤੀ ਨੇ ਕਿਹਾ ਕਿ ਨਿਆਂ ਤੱਕ ਸਾਰਿਆਂ ਦੀ ਪਹੁੰਚ ਯਕੀਨੀ ਬਣਾਉਣ ਲਈ ਕੌਮੀ ਕਾਨੂੰਨੀ ਸੇਵਾਵਾਂ ਅਥਾਰਿਟੀ ਨੇ ਮਹੱਤਵਪੂਰਨ ਕਦਮ ਚੁੱਕੇ ਹਨ, ਤੇ ਕਾਨੂੰਨੀ ਸਹਾਇਤਾ ਦੇ ਵਿਸਤਾਰ ਵਿਚ ਅਹਿਮ ਰੋਲ ਨਿਭਾਇਆ ਹੈ। ਮੁਰਮੂ ਨੇ ਕਿਹਾ ਕਿ ਸਿਖਰਲੀ ਨਿਆਂਪਾਲਿਕਾ ਦੀ ਭਾਸ਼ਾ ਅੰਗਰੇਜ਼ੀ ਹੈ, ਇਸ ਕਰ ਕੇ ਸਮਾਜ ਦੇ ਵੱਡੇ ਵਰਗ ਨੂੰ ਨਿਆਂਇਕ ਪ੍ਰਕਿਰਿਆਵਾਂ ਸਮਝਣ 'ਚ ਮੁਸ਼ਕਲ ਆਉਂਦੀ ਹੈ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਵੀ ਸੁਪਰੀਮ ਕੋਰਟ ਵੱਲੋਂ ਫੈਸਲੇ ਖੇਤਰੀ ਭਾਸ਼ਾਵਾਂ ਵਿਚ ਦੇਣ ਦਾ ਜ਼ਿਕਰ ਕੀਤਾ। ਇਸ ਮੌਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਤੇ ਹੋਰ ਜੱਜ ਵੀ ਹਾਜ਼ਰ ਸਨ।

### ਰਾਸ਼ਟਰਪਤੀ ਨੂੰ ਮਿਲੇ ਛੇ ਦੇਸ਼ਾਂ ਦੇ ਰਾਜਦੂਤ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਇੱਥੇ ਰਾਸ਼ਟਰਪਤੀ ਭਵਨ ਵਿੱਚ ਇੱਕ ਸਮਾਰੋਹ ਦੌਰਾਨ ਆਇਰਲੈਂਡ, ਮਲੇਸ਼ੀਆ ਅਤੇ ਮਾਲੀ ਸਮੇਤ ਛੇ ਦੇਸ਼ਾਂ ਦੇ ਰਾਜਦੂਤਾਂ ਤੋਂ ਦਸਤਾਵੇਜ਼ ਹਾਸਲ ਕੀਤੇ। ਇਹ ਜਾਣਕਾਰੀ ਰਾਸ਼ਟਰਪਤੀ ਭਵਨ ਵੱਲੋਂ ਜਾਰੀ ਇੱਕ ਬਿਆਨ ਵਿੱਚ ਦਿੱਤੀ ਗਈ ਹੈ। ਰਾਸ਼ਟਰਪਤੀ ਭਵਨ ਨੇ ਕਿਹਾ ਕਿ ਰਾਸ਼ਟਰਪਤੀ ਮੁਰਮੂ ਨੂੰ ਆਪਣੇ ਦਸਤਾਵੇਜ਼ ਸੌਂਪਣ ਵਾਲਿਆਂ ਵਿੱਚ ਆਇਰਲੈਂਡ ਦੇ ਰਾਜਦੂਤ ਕੇਵਿਨ ਕੈਲੀ, ਬੋਸਨੀਆ ਤੇ ਹਰਜ਼ੇਗੋਵਿਨਾ ਦੇ ਰਾਜਦੂਤ ਹੈਰਿਸ ਹਰਲੇ ਅਤੇ ਅਰਮੀਨੀਆ ਗਣਰਾਜ ਦੇ ਰਾਜਦੂਤ ਵਹਾਗਨ ਅਫਯਾਨ ਸ਼ਾਮਲ ਸਨ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823




MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434





DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 1-2-3, 2023**

**Sri Guru Nanak Dev Ji's "Parkash Utsav"**

**Nanak aaya, Nanak aaya, Kal taaran Guru Nanak aaya**

Sri Guru Nanak Dev Ji's Parkash Utsav will be celebrated at Gurughar on December 3, 2023. Akhand path will start on Friday 12/01/23, at 10:00 AM and will conclude with Bhog ceremony on Sunday morning 12/03/2023. Sudhir family of Phagwara will be hosting the Akhand Path and Langar Sewa. Gurughar Jatha of Bhai Balwinder Singh ji and Jatha of Bhai Suveg Singh ji from San Jose will delight Sangat with Shabad Kirtan. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Nishan Sahib Chola Sewa ( Hoisting of NISHAN SAHIB)**

Sudhir family will be doing the Nishan Sahib Chola Sewa on December 2, 2023 (Saturday) at 11:00 AM.

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**"NANAK NAM CHARDI KALA TERE BHANE SARBAT DA BHALA"**

## For STALLS or any SEWA, please contact :

**President Vinod Kumar at (408) 718-2506 or Chairman Ramesh Suman at (925) 366-3618**

We are planning to have another health camp in December in our Gurughar. There is a group of Nurses and Doctors who have been coming to Gurdwara Sahib for this Sewa. I would be nice to see some medical professionals from our local community join that day. Please let me know if you are available for this SEWA..

## Sangat Sewadars

www.sriguruarvidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |

# "ਕਰਮਨ ਸਿੱਖ ਐਸੋਸੀਏਸ਼ਨ" ਵੱਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਕਰਵਾਏ ਗਏ ਵਿਸ਼ੇਸ਼ ਸਮਾਗਮ




**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਸਥਾਨਿਕ "ਕਰਮਨ ਸਿੱਖ ਐਸੋਸੀਏਸ਼ਨ" ਵੱਲੋਂ ਹਰ ਸਾਲ ਦੀ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਏ ਗਏ। ਇੰਨਾਂ ਸਮਾਗਮਾਂ ਵਿੱਚ ਤਿੰਨ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਗੁਰਬਾਣੀ ਪ੍ਰਵਾਹ ਚੱਲੇ। ਜਿਸ ਦੌਰਾਨ ਰੋਜ਼ਾਨਾ ਸਵੇਰ ਅਤੇ ਸ਼ਾਮ ਦੇ ਕੀਰਤਨ ਦੀਵਾਨ ਸਜਾਏ ਗਏ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਅਤੇ ਗੁਰਬਾਣੀ ਵਿਚਾਰਾਂ ਹੋਈਆਂ। ਜਿਸ ਵਿੱਚ ਹਾਜ਼ਰ ਬੁਲਾਰਿਆ ਨੇ ਧੰਨ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਸਮੂੰਹ ਇਨਸਾਨੀਅਤ ਨੂੰ ਦੇਣਾ ਬਾਰੇ ਚਾਨਣਾ ਪਾਇਆ।

ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਨੇ ਕੀਰਤਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਜਸ-ਮਹਿਮਾ ਦਾ ਵਿਖਿਆਨ ਕੀਤਾ। ਜਦ ਕਿ ਗਾਇਕ ਅਤੇ ਗੀਤਕਾਰ ਪੱਪੀ ਭਦੌੜ ਨੇ ਗਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਵਾਲੀ ਸਾਖੀ ਨੂੰ ਸੰਖੇਪ ਸਾਂਝਾ ਕੀਤਾ। ਇਸ ਸਮੇਂ ਖਾਸ ਤੌਰ 'ਤੇ ਭਾਈ ਮੈਹਲ ਸਿੰਘ ਚੰਡੀਗੜ ਵਾਲਿਆ ਦੇ ਕਵੀਸ਼ਰੀ ਜੱਥੇ ਨੇ ਧੰਨ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਯਾਤਰਾਵਾਂ, ਲੋਕ ਭਲਾਈ ਅਤੇ ਸਿੱਖਿਆਵਾ ਦਾ ਵਰਨਣ ਕਰਦੇ ਹੋਏ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਦੇ ਹੋਏ ਗੁਰਬਾਣੀ ਅਤੇ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ।

ਸਮੁੱਚੇ ਸਮਾਗਮ ਵਿੱਚ ਇਲਾਕੇ ਭਰ ਤੋਂ ਪਹੁੰਚ ਕੇ ਸੰਗਤਾਂ ਨੇ ਹਾਜ਼ਰੀ ਭਰਦੇ ਹੋਏ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਬੱਚਿਆਂ ਨੇ ਵੀ ਵੱਧ ਚੜ ਕੇ ਲੰਗਰਾਂ ਵਿੱਚ ਸੇਵਾਵਾ ਨਿਭਾਈਆਂ।

ਗੁਰੂ ਦੇ ਲੰਗਰ ਤਿੰਨੇ ਦਿਨ ਅਤੁੱਟ ਵਰਤੇ। ਇਸ ਸਮੇਂ ਹਾਜ਼ਰ ਕਵੀਸ਼ਰੀ ਜੱਥੇ ਨੂੰ ਵੀ ਕਰਮਨ ਸਿੱਖ ਐਸੋਸੀਏਸ਼ਨ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਗੁਰੂ ਦੀਆਂ ਸਿਖਿਆਵਾ ਨੂੰ ਮੰਨਣ ਦੀ ਗੱਲ ਕਰਦੇ ਹੋਏ, ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਗੁਰਪੁਰਬ ਨੂੰ ਸਮਰਪਿਤ ਸਮਾਗਮ ਯਾਦਗਾਰੀ ਹੋ ਨਿਬੜਿਆਂ।

# ਸਰਬੱਤ ਦੇ ਭਲੇ ਲਈ ਕਰਮਨ ਦੀ ਸੰਗਤ ਨੇ ਕਰਵਾਇਆ ਸਲਾਨਾ ਅਖੰਡ ਪਾਠ




**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜਨੋ (ਕੈਲੀਫੋਰਨੀਆਂ)–** ਫਰਿਜਨੋ ਦੇ ਲਾਗਲੇ ਸ਼ਹਿਰ ਕਰਮਨ ਦੀ ਸਿੱਖ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਪਰਿਵਾਰਾਂ ਵੱਲੋਂ 24 ਨਵੰਬਰ ਦਿਨ ਸ਼ੁੱਕਰਵਾਰ ਤੋਂ ਐਤਵਾਰ 26 ਨਵੰਬਰ 2023 ਤੱਕ ਕਰਮਨ ਸ਼ਹਿਰ ਦੇ ਗੁਰਦੁਆਰਾ ਆਨੰਦਗੜ੍ਹ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਸਲਾਨਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਜਥੇ ਵੱਲੋ ਕੀਰਤਨ ਕੀਤਾ ਗਿਆ ਅਤੇ ਭਾਈ ਮਹਿਲ ਸਿੰਘ ਚੰਗੀਗੜ ਦੇ ਢਾਡੀ ਜੱਥੇ ਨੇ ਢਾਡੀ ਵਾਰਾਂ ਗਾਕੇ ਚੰਗਾ ਸਮਾਂ ਬੰਨਿਆ।

ਇਸ ਸਮਾਗਮ ਲਈ ਐਸੋਸੀਏਸ਼ਨ ਦੇ ਸਾਰੇ ਮੈਂਬਰ ਜਿੰਨਾਂ ਵਿੱਚ ਪੁਸ਼ਪਿੰਦਰ ਸਿੰਘ ਕਰੀ, ਦਿਲਬੀਰ ਸਿੰਘ ਦਿਓ, ਤੇਜਿੰਦਰ ਸਿੰਘ ਗਿੱਲ, ਅਮਨਦੀਪ ਸਿੰਘ ਭੱਠਲ, ਸੁਖਦੀਪ ਸਿੰਘ ਥਿੰਦ, ਅਮਨਦੀਪ ਸਿੰਘ ਬਧੇਸ਼ਾ ਆਦਿ ਵਧਾਈ ਦੇ ਪਾਤਰ ਹਨ। ਇਸ ਮੌਕੇ ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿੱਚ "ਸਿੱਖ ਅਵੇਰਨਿਸ ਮਹੀਨਾ" ਮਨਾਇਆ ਗਿਆ

## ਤਿੰਨ ਸ਼ਹਿਰਾਂ ਦੇ ਮੇਅਰ ਹੋਏ ਸ਼ਾਮਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**- ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿੱਚ ਅੱਜ "ਸਿੱਖ ਅਵੇਰਨਿਸ ਮਹੀਨਾ" ਦਾ ਦਿਨ ਮਨਾਇਆ ਗਿਆ ਜੋ ਹਰ ਸਾਲ ਮਨਾਇਆ ਜਾਂਦਾ ਹੈ, ਇਸ ਦੌਰਾਨ ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ, ਵਲੇਹੋ ਸ਼ਹਿਰ ਦੇ ਵਾਇਸ ਮੇਅਰ ਤੇ ਸਟੇਟ ਸੈਨੇਟ ਲਈ ਉਮੀਦਵਾਰ ਰੋਜਾਨਾ ਵਰਡਰ ਅਲੀਗਾ, ਤੇ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ ਨੇ ਸਿੱਖ ਧਰਮ ਦੇ ਅਸੂਲਾਂ ਤੇ ਸਿੱਖ ਭਾਈਚਾਰੇ ਦੀ ਤਰੀਫ ਕਰਦਿਆਂ ਕਿਹਾ ਇਨਾਂ ਨੇ ਕੈਲੀਫੋਰਨੀਆਂ ਤੇ ਵੈਸਟ ਸੈਕਰਾਮੈਂਟੋ ਦੀ ਤਰੱਕੀ ਭਰਵਾਂ ਯੋਗਦਾਨ ਪਾਇਆ, ਇਸ ਉਪਰੰਤ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਸਿੱਖ ਧਰਮ ਤਿੰਨ ਅਸੂਲਾਂ ਤੇ ਟਿਕਿਆ ਹੋਇਆ, ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ, ਇਸ ਤੋਂ ਇਲਾਵਾ ਸਿੱਖ ਨੂੰ ਗੁਰੂਆਂ ਦੀਆਂ ਸਿਖਿਆਂਵਾਂ ਹੋਰ ਵੀ ਅਨੁਸ਼ਾਸਨੀ ਬਣਾ ਦਿੰਦਿਆਂ ਹਨ। ਇਸ ਮੌਕੇ ਨਰਿੰਦਰ ਸਿੰਘ ਥਾਂਦੀ ਜਿਨਾਂ ਵਲੋਂ ਇਸ ਪ੍ਰੋਗਾਰਮ ਦਾ ਅਯੋਜਿਨ ਕੀਤਾ ਗਿਆ ਸੀ ਨੇ ਆਏ ਮਹਿਮਾਨਾਂ ਦਾ ਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਹ ਪ੍ਰੋਗਰਾਮ ਬਿਜਨਸਮੈਨ ਨਰਿੰਦਰ ਸਿੰਘ ਥਾਂਦੀ ਦੇ ਬੱਚਿਆਂ ਪਾਰਸ ਸਿੰਘ ਥਾਂਦੀ ਤੇ ਬੇਟੀ ਜੈਜਨਿਮ ਕੌਰ ਥਾਂਦੀ ਦੇ ਜਨਮ ਦਿਨ ਦੀ ਖੁਸ਼ੀ 'ਚ ਰੱਖਿਆ ਗਿਆ ਸੀ। ਇਸ ਮੌਕੇ ਸੈਕਰਾਮੇਂਟੋ ਦੇ ਲਗਭਗ ਸਾਰੇ ਗੁਰੂ ਘਰਾਂ ਦੇ ਪ੍ਰਬੰਧਕ ਤੇ ਥਾਂਦੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਸਾਰੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਵੀ ਹਾਜਿਰ ਸਨ।



# ਅਮਰੀਕਾ ਵਿਚ 3 ਫਲਸਤੀਨੀ ਵਿਦਿਆਰਥੀਆਂ ਉਪਰ ਹਮਲਾ ਕਰਨ ਵਾਲਾ ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਵਰਮੌਂਟ ਰਾਜ ਵਿਚ ਬਰਲਿੰਗਟਨ ਵਿਖੇ ਥੈਂਕਸਗਿਵਿੰਗ ਦਿਵਸ ਮਨਾਉਣ ਲਈ ਇਕੱਠੇ ਹੋਏ 3 ਫਲਸਤੀਨੀ ਕਾਲਜ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਗ੍ਰਿਫਤਾਰ ਸ਼ੱਕੀ ਹਮਲਾਵਰ ਦੀ ਪਛਾਣ ਜੈਸਨ ਈਟੋਨ (48) ਵਜੋਂ ਹੋਈ ਹੈ ਤੇ ਪੁਲਿਸ ਨੇ ਉਸ ਨੂੰ 3 ਫਲਸਤੀਨੀ ਵਿਦਿਆਰਥੀਆਂ ਉਪਰ ਹਮਲੇ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਘਟਨਾ ਦੀ ਨਫਰਤੀ ਅਪਰਾਧ ਦੇ ਨਜਰੀਏ ਤੋਂ ਜਾਂਚ ਕੀਤੀ ਜਾ ਰਹੀ ਹੈ। ਅਦਾਲਤ ਵਿਚ ਪੇਸ਼ੀ ਸਮੇ ਈਟੋਨ ਨੇ 3 ਹੱਤਿਆਵਾਂ ਦੀ ਕੋਸ਼ਿਸ਼ ਦੇ ਦੂਸਰਾ ਦਰਜਾ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿਚ ਹੀਸ਼ਮ ਅਵਾਰਤਨੀ, ਕਿਨਾਨ ਅਬਦੁਲ ਹਾਮਿਦ ਤੇ ਤਾਹਸੀਨ ਅਹਿਮਦ ਨਾਮੀ ਫਲਸਤੀਨੀ ਵਿਦਿਆਰਥੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਸਨ। ਇਹ ਸਾਰੇ ਵਿਦਿਆਰਥੀ 20 ਸਾਲ ਦੀ ਉਮਰ ਦੇ ਹਨ ਤੇ ਅਮਰੀਕਾ ਦੇ ਵੱਖ ਵੱਖ ਕਾਲਜਾਂ ਵਿਚ ਪੜ ਰਹੇ ਹਨ।



# ਅਮਰੀਕਾ ਵਿਚ ਐਮਰਜੈਂਸੀ ਦਰਵਾਜਾ ਖੋਲ ਕੇ ਇਕ ਮੁਸਾਫਿਰ ਜਹਾਜ਼ ਦੇ ਪਰਾਂ 'ਤੇ ਚੜਿਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਲੋਇਸਆਨਾ ਰਾਜ ਵਿਚ ਨਿਊ ਓਰਲੀਨਜ ਲੋਇਸ ਆਰਮਸਟਰਾਂਗ ਇੰਟਰਨੈਸ਼ਨਲ ਏਅਰਪੋਰਟ 'ਤੇ ਉਸ ਵੇਲੇ ਹਾਲਾਤ ਤਨਾਅ ਵਾਲੇ ਬਣ ਗਏ ਜਦੋਂ ਸਾਊਥ ਵੈਸਟ ਏਅਰਲਾਈਨਜ ਦੀ ਉਡਾਨ ਵਿਚ ਸਵਾਰ ਇਕ ਮੁਸਾਫਿਰ ਐਮਰਜੈਂਸੀ ਦਰਵਾਜ਼ਾ ਖੋਲ ਕੇ ਜਹਾਜ਼ ਦੇ ਪਰਾਂ ਉਪਰ ਚੜ ਗਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਜਹਾਜ਼ ਉਡਾਨ ਭਰਨ ਦੀ ਤਿਆਰੀ ਵਿਚ ਸੀ। ਇਹ ਜਾਣਕਾਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਜੈਫਰਸਨ ਪੈਰਿਸ਼ ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਇਕ 38 ਸਾਲਾ ਮੁਸਾਫਿਰ ਨੂੰ ਹਵਾਈ ਅੱਡੇ ਦੇ ਮੁਲਾਜ਼ਮਾਂ ਨੇ ਪੁਲਿਸ ਅਫਸਰਾਂ ਦੇ ਮੌਕੇ ਉਪਰ ਪੁੱਜਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਸੀ। ਪੁਲਿਸ ਅਨੁਸਾਰ ਘਟਨਾ ਸਮੇ ਜਹਾਜ਼ ਖੜਾ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਮੁਸਾਫਿਰ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਤਾਂ ਜੋ ਉਸ ਦੀ ਸਿਹਤ ਦੀ ਜਾਂਚ ਕੀਤੀ ਜਾ ਸਕੇ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਮੁਸਾਫਿਰ ਨੂੰ ਮਾਨਸਿਕ ਸਿਹਤ ਦੀ ਸਮੱਸਿਆ ਹੋ ਸਕਦੀ ਹੈ। ਬਿਆਨ ਅਨੁਸਾਰ ਮੁਸਾਫਿਰ ਦੇ ਕਬਜ਼ੇ ਵਿਚੋਂ ਕਿਸੇ ਕਿਸਮ ਦਾ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਹੈ ਤੇ ਸਥਾਨਕ ਪੱਧਰ 'ਤੇ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਕਰਨ ਦੀ ਸੰਭਾਵਨਾ ਨਹੀਂ ਹੈ ਹਾਲਾਂ ਕਿ ਘਟਨਾ ਦੀ ਜਾਂਚ ਸੰਘੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਿਸ ਨੇ ਸਪਸ਼ਟ ਕੀਤਾ ਹੈ ਕਿ ਇਸ ਘਟਨਾ ਵਿਚ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ ਹੈ। ਸਾਊਥ ਵੈਸਟ ਏਅਰਲਾਈਨਜ ਦੇ ਬੁਲਾਰੇ ਕ੍ਰਿਸ ਪੈਰੀ ਨੇ ਕਿਹਾ ਹੈ ਕਿ ਕੁਝ ਸਮੇ ਦੀ ਦੇਰੀ ਉਪਰੰਤ ਹਵਾਈ ਅੱਡੇ ਤੋਂ ਉਡਾਣਾਂ ਆਮ ਵਾਂਗ ਆ ਤੇ ਜਾ ਰਹੀਆਂ ਹਨ। ਤਕਰੀਬਨ 2 ਘੰਟੇ ਉਡਾਣਾਂ ਵਿਚ ਦੇਰੀ ਹੋਈ।





## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਨੇ ਆਜ਼ਾਦੀ ਪੱਖੀ ਸਿੱਖ ਸ਼ਖਸੀਅਤਾਂ ਨੂੰ ਮਾਰਨ ਦੀ ਸਾਜ਼ਿਸ਼ ਨੂੰ ਕੀਤਾ ਨਾਕਾਮ, ਭਾਰਤ ਨੂੰ ਦਿੱਤੀ ਚੇਤਾਵਨੀ: ਫਾਈਨੈਂਸ਼ੀਅਲ ਟਾਈਮਜ਼ ਵਿੱਚ ਖੁਲਾਸਾ

**ਸੈਕਰਾਮੈਂਟੋ–** ਅਮਰੀਕਾ ਦੇ ਅਧਿਕਾਰੀਆਂ ਨੇ ਦੇਸ਼ ਵਿੱਚ ਇੱਕ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ ਅਤੇ ਨਵੀਂ ਦਿੱਲੀ ਦੀ ਸਰਕਾਰ ਦੀ ਦੇ ਇੱਕ ਜਹਾਜ਼ ਦੇ ਇੱਕ ਬੰਬ ਧਮਾਕੇ ਦਾ ਇਤਿਹਾਸਕ ਪਿਛੋਕੜ ਹੈ ਜਿਸ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ, ਜਿਸ ਲਈ ਸਿੱਖ ਜੁਝਾਰੂਆਂ ਨੂੰ ਜ਼ਿੰਮੇਵਾਰ ਜਦੋਂ ਕੈਨੇਡਾ ਨੇ ਕਿਹਾ ਸੀ ਕਿ ਵੈਨਕੂਵਰ ਵਿੱਚ ਸਿੱਖ ਆਜ਼ਾਦੀ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ ਜੂਨ ਵਿੱਚ ਹੋਏ ਕਤਲ ਨਾਲ ਭਾਰਤੀ ਏਜੰਟਾਂ ਨੂੰ ਜੋੜਨ ਦੇ





ਇਸ ਵਿੱਚ ਸ਼ਾਮਲ ਚਿੰਤਾਵਾਂ ਨੂੰ ਲੈ ਕੇ ਭਾਰਤ ਨੂੰ ਚੇਤਾਵਨੀ ਵੀ ਜਾਰੀ ਕੀਤੀ ਹੈ। ਫਾਈਨੈਂਸ਼ੀਅਲ ਟਾਈਮਜ਼ ਨੇ ਸਰੋਤਾਂ ਦੇ ਹਵਾਲੇ ਨਾਲ ਰਿਪੋਰਟ ਜਾਰੀ ਕਰਦੇ ਕਿਹਾ ਕਿ ਉਨਾਂ ਕਥਿਤ ਤੌਰ 'ਤੇ ਨਾਕਾਮ ਸਾਜਿਸ਼ ਦੇ ਨਿਸ਼ਾਨੇ ਵਜੋਂ ਗੁਰਪਤਵੰਤ ਸਿੰਘ ਪੰਨੂ ਦੀ ਪਛਾਣ ਕੀਤੀ। ਸਾਜ਼ਿਸ਼ ਦਾ ਨਿਸ਼ਾਨਾ ਗੁਰਪਤਵੰਤ ਸਿੰਘ ਪੰਨੂ, ਇੱਕ ਅਮਰੀਕੀ ਅਤੇ ਕੈਨੇਡੀਅਨ ਨਾਗਰਿਕ ਹੈ, ਜੋ ਸਿੱਖਸ ਫਾਰ ਜਸਟਿਸ ਦਾ ਜਨਰਲ ਸਲਾਹਕਾਰ ਹੈ, ਇੱਕ ਯੂਐਸ-ਅਧਾਰਤ ਸਮੂਹ ਜੋ ਖਾਲਿਸਤਾਨ ਨਾਂ ਦੀ ਇੱਕ ਆਜ਼ਾਦ ਸਿੱਖ ਰਾਜ ਨੂੰ ਅੱਗੇ ਵਧਾਉਣ ਵਾਲੀ ਲਹਿਰ ਦਾ ਹਿੱਸਾ ਹੈ। ਉਸਨੇ ਇਸ ਮਹੀਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੇ ਵੀਡੀਓ ਸੰਦੇਸ਼ਾਂ ਵਿੱਚ ਏਅਰ ਇੰਡੀਆ ਦੇ ਯਾਤਰੀਆਂ ਨੂੰ ਚੇਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਪੰਨੂ ਨੇ ਮੰਗਲਵਾਰ ਨੂੰ ਰਾਇਟਰਜ਼ ਨੂੰ ਦੱਸਿਆ ਕਿ ਉਨ੍ਹਾਂ ਦਾ ਸੰਦੇਸ਼ 'ਏਅਰ ਇੰਡੀਆ ਦਾ ਬਾਈਕਾਟ ਕਰਨ ਦਾ ਸੀ ਨਾ ਕਿ ਬੰਬਾਰੀ ਕਰਨ ਦਾ। ਐਨ ਆਈ ਏ ਕੇਸ 1985 ਵਿੱਚ ਕੈਨੇਡਾ ਤੋਂ ਭਾਰਤ ਲਈ ਉਡਾਣ ਭਰਨ ਵਾਲੇ ਏਅਰ ਇੰਡੀਆ ਠਹਿਰਾਇਆ ਗਿਆ ਸੀ। ਐਫਟੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਨੂ ਨੇ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਅਮਰੀਕੀ ਅਧਿਕਾਰੀਆਂ ਨੇ ਉਸ ਨੂੰ ਸਾਜ਼ਿਸ਼ ਬਾਰੇ ਪਹਿਲਾਂ ਚੇਤਾਵਨੀ ਦਿੱਤੀ ਸੀ। ਐਫਟੀ ਰਿਪੋਰਟ ਤੋਂ ਬਾਅਦ ਪੰਨੂ ਨੇ ਰਾਇਟਰਜ਼ ਨੂੰ ਕਿਹਾ ਕਿ ਉਹ ਅਮਰੀਕੀ ਸਰਕਾਰ ਨੂੰ ਭਾਰਤੀ ਸੰਚਾਲਕਾਂ ਤੋਂ ਅਮਰੀਕੀ ਧਰਤੀ 'ਤੇ ਮੇਰੀ ਜਾਨ ਨੂੰ ਖਤਰੇ ਦੇ ਮੁੱਦੇ ਦਾ ਜਵਾਬ ਦੇਵੇਗਾ। ਉਨ੍ਹਾਂ ਕਿਹਾ, ਜਿਸ ਤਰ੍ਹਾਂ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੀ ਧਰਤੀ 'ਤੇ ਭਾਰਤੀ ਏਜੰਟਾਂ ਵੱਲੋਂ ਕੀਤੀ ਗਈ ਹੱਤਿਆ ਕੈਨੇਡਾ ਦੀ ਪ੍ਰਭੂਸੱਤਾ ਲਈ ਚੁਣੌਤੀ ਸੀ, ਉਸੇ ਤਰ੍ਹਾਂ ਅਮਰੀਕੀ ਧਰਤੀ 'ਤੇ ਅਮਰੀਕੀ ਨਾਗਰਿਕ ਨੂੰ ਖਤਰਾ ਅਮਰੀਕਾ ਦੀ ਪ੍ਰਭੂਸੱਤਾ ਲਈ ਚੁਣੌਤੀ ਹੈ।

ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕੈਨੇਡਾ ਦੇ ਜਨਤਕ ਇਲਜ਼ਾਮ ਤੋਂ ਬਾਅਦ ਅਮਰੀਕਾ ਨੇ ਨਾਕਾਮ ਸਾਜਿਸ਼ ਦੇ ਵੇਰਵੇ ਸਹਿਯੋਗੀ ਦੇਸ਼ਾਂ ਦੇ ਇੱਕ ਸਮੂਹ ਜੀ5 ਨਾਲ ਸਾਂਝੇ ਕੀਤੇ ਹਨ। ਇਹ ਰਿਪੋਰਟ ਦੋ ਮਹੀਨੇ ਬਾਅਦ ਆਈ ਹੈ ਭਰੋਸੇਯੋਗ ਸਬੂਤ ਹਨ। ਯੂਐਸ ਨਿਆਂ ਵਿਭਾਗ ਇਸ ਗੱਲ 'ਤੇ ਬਹਿਸ ਕਰ ਰਿਹਾ ਹੈ ਕਿ ਕੀ ਦੋਸ਼ਾਂ ਨੂੰ ਖੋਲ੍ਹਣਾ ਹੈ ਅਤੇ ਦੋਸ਼ਾਂ ਨੂੰ ਜਨਤਕ ਕਰਨਾ ਹੈ ਜਾਂ ਉਦੋਂ ਤੱਕ ਇੰਤਜ਼ਾਰ ਕਰਨਾ ਹੈ ਜਦੋਂ ਤੱਕ ਕੈਨੇਡਾ ਨਿੱਝਰ ਦੇ ਕਤਲ ਦੀ ਜਾਂਚ ਪੂਰੀ ਨਹੀਂ ਕਰ ਲੈਂਦਾ। ਅਮਰੀਕੀ ਨਿਆਂ ਵਿਭਾਗ ਅਤੇ ਐਫਬੀਆਈ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

**ਬਾਈਡਨ ਪ੍ਰਸ਼ਾਸਨ ਕੀ ਸੋਚ ਰਿਹਾ ਹੈ:** ਫਾਈਨੈਂਸ਼ੀਅਲ ਟਾਈਮਜ਼ ਮੁਤਾਬਿਕ ਬਾਇਡਨ ਪ੍ਰਸ਼ਾਸਨ ਦੇ ਅੰਦਰ ਬਹਿਸ ਤੋਂ ਜਾਣੂ ਕਈ ਲੋਕਾਂ ਨੇ ਕਿਹਾ ਕਿ ਅਧਿਕਾਰੀ ਜਾਣਦੇ ਹਨ ਕਿ ਅਮਰੀਕੀ ਸਾਜ਼ਿਸ਼ ਦਾ ਕੋਈ ਵੀ ਜਨਤਕ ਖੁਲਾਸਾ, ਅਤੇ ਵਾਸ਼ਿੰਗਟਨ ਦਾ ਨਵੀਂ ਦਿੱਲੀ ਪ੍ਰਤੀ ਵਿਰੋਧ, ਇੱਕ ਭਰੋਸੇਮੰਦ ਭਾਈਵਾਲ ਵਜੋਂ ਭਾਰਤ ਦੀ ਭਰੋਸੇਯੋਗਤਾ ਬਾਰੇ ਸਵਾਲਾਂ ਨੂੰ ਨਵੇਂ ਸਿਰਿਓਂ ਖੜ੍ਹਾ ਕਰੇਗਾ। ਬਾਈਡਨ ਪ੍ਰਸ਼ਾਸਨ ਨੂੰ ਭਾਰਤ ਨਾਲ ਗੂੜੇ ਸਬੰਧ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਕੇ ਮਨੁੱਖੀ ਅਧਿਕਾਰ ਸਮੂਹਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ"।

# ਕੈਲੀਫੋਰਨੀਆ ਵਿਚ 2 ਭਾਰਤੀ ਵਿਦਿਆਰਥੀਆਂ ਉਪਰ ਹਮਲਾ, ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫੋਰਨੀਆ ਦੀ ਫਰੀਮਾਂਟ ਹੱਬ ਨੇੜੇ ਅਮਰੀਕਾ ਵਿਚ ਇੰਜੀਨੀਅਰਿੰਗ ਦੀ ਪੜਾਈ ਕਰ ਰਹੇ 2 ਭਾਰਤੀ ਵਿਦਿਆਰਥੀਆਂ ਉਪਰ ਚਾਕੂ ਨਾਲ ਹਮਲਾ ਕਰਨ ਦੀ ਖਬਰ ਹੈ। ਹਮਲੇ ਦੀ ਘਟਨਾ ਬੀਤੇ ਦਿਨ ਸ਼ਾਮ 4.30 ਵਜੇ ਦੇ ਆਸਪਾਸ ਵਾਪਰੀ । ਇਸ ਦੇ ਕੁਝ ਸਮੇ ਬਾਅਦ ਤੁਰੰਤ ਕਾਰਵਾਈ ਕਰਕੇ ਫਰੀਮਾਂਟ ਦੀ ਪੁਲਿਸ ਨੇ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਜਿਸ ਦੀ ਪਛਾਣ ਮਿਗੁਏਲ ਐਂਜਲ ਵਿਲਰੀਅਲ ਵਜੋਂ ਹੋਈ ਹੈ ਜੋ ਫਰੀਮਾਂਟ ਦਾ ਹੀ ਵਸਨੀਕ ਹੈ। ਉਸ ਵਿਰੁੱਧ ਪਹਿਲਾ ਦਰਜਾ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਲਾਏ ਗਏ ਹਨ ਤੇ ਉਸ ਨੂੰ ਸਾਂਟਾ ਰੀਟਾ ਜੇਲ ਵਿਚ ਰਖਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਕੁਝ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਸ਼ੱਕੀ ਦੋਸ਼ੀ ਨੂੰ ਬਿਨਾਂ ਕਿਸੇ ਘਟਨਾ ਦੇ ਗ੍ਰਿਫਤਾਰ ਕਰ ਲਿਆ। ਘਟਨਾ ਦੀ ਜਾਂਚ ਪੁਲਿਸ ਵਿਭਾਗ ਦੀ ਅਪਰਾਧ ਸ਼ਾਖਾ ਕਰ ਰਹੀ ਹੈ। ਪੀੜਤ ਵਿਦਿਆਰਥੀਆਂ ਵਿਚ ਸਈਦ ਸ਼ਾਦਨ ਅਲ ਹੱਕ ਤੇ ਖਾਲਿਦ ਬਿਨ ਮਾਸੂਦ ਯਫਾਈ ਸ਼ਾਮਿਲ ਹਨ। ਇਹ ਦੋਨੋਂ ਤੇਲੰਗਾਨਾ ਰਾਜ ਦੀ ਰਾਜਧਾਨੀ ਹੈਦਰਾਬਾਦ ਦੇ ਰਹਿਣ ਵਾਲੇ ਹਨ। ਜਿਸ ਸਮੇ ਯਫਾਈ ਤੇ ਹੱਕ ਉਪਰ ਹਮਲਾ ਹੋਇਆ ਉਸ ਸਮੇ ਤੀਸਰਾ ਭਾਰਤੀ ਵਿਦਿਆਰਥੀ ਮੁਹੰਮਦ ਅਬਦੁਲ ਬਸਰ ਸੂਫੀਯਾਨ ਨਾਲ ਲੱਗਦੇ ਸਟੋਰ ਵਿਚੋਂ ਕੋਲਡ ਡਰਿੰਕਸ ਖਰੀਦਣ ਗਿਆ ਹੋਇਆ ਸੀ। ਸੂਫੀਆਨ ਨੇ ਹੀ ਹਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ । ਦੋਨਾਂ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ । ਯਫਾਈ ਦੇ ਜਿਗਰ ਦੇ ਕੋਲ ਡੂੰਘਾ ਜ਼ਖਮ ਹੈ ਉਸ ਦੀਆਂ ਦੋ ਸਰਜਰੀਆਂ ਹੋ ਚੁੱਕੀਆਂ ਹਨ। ਉਹ ਅਜੇ ਹਸਪਤਾਲ ਵਿਚ ਹੀ ਹੈ।

# ਓਹੀਓ ਰਾਜ ਵਿਚ ਹੋਈ ਗੋਲੀਬਾਰੀ ਵਿੱਚ 3 ਔਰਤਾਂ ਸਮੇਤ 4 ਜ਼ਖਮੀ, ਸ਼ੱਕੀ ਹਮਲਾਵਰ ਦੀ ਖੁਦ ਵੱਲੋਂ ਮਾਰੀ ਗੋਲੀ ਨਾਲ ਹੋਈ ਮੌਤ




**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਵਿਚ ਡੇਅਟਨ ਨੇੜੇ ਇਕ ਵਾਲਮਾਰਟ ਸਟੋਰ ਵਿਚ ਇਕ ਸ਼ੂਟਰ ਵੱਲੋਂ ਗੋਲੀਬਾਰੀ ਕਰਕੇ 4 ਵਿਅਕਤੀਆਂ ਨੂੰ ਜ਼ਖਮੀ ਕਰ ਦੇਣ ਤੇ ਬਾਅਦ ਵਿਚ ਖੁਦ ਨੂੰ ਵੀ ਗੋਲੀ ਮਾਰ ਲੈਣ ਦੀ ਖਬਰ ਹੈ ਜਿਸ ਕਾਰਨ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਬੀਵਰਕਰੀਕ ਪੁਲਿਸ ਵਿਭਾਗ ਦੇ ਕਾਰਜਕਾਰੀ ਮੁੱਖੀ ਕੈਪਟਨ ਚਾਡ ਲਿੰਡਸੇ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਛਾਣ ਬੈਂਜਾਮਿਨ ਚਾਰਲਸ ਜੋਨਸ (20) ਵਜੋਂ ਹੋਈ ਹੈ ਜੋ ਡੇਅਟਨ ਦਾ ਹੀ ਰਹਿਣ ਵਾਲਾ ਸੀ। ਪੁਲਿਸ ਮੁੱਖੀ ਅਨੁਸਾਰ ਜੋਨਸ ਨੇ ਡੇਅਟਨ ਤੋਂ ਤਕਰੀਬਨ 10 ਮੀਲ ਦੂਰ ਬੀਵਰਕਰੀਕ ਦੇ ਇਕ ਸਟੋਰ ਵਿਚ ਦਾਖਲ ਹੋ ਕੇ ਗੋਲੀਆਂ ਚਲਾ ਕੇ 4 ਲੋਕਾਂ ਨੂੰ ਜ਼ਖਮੀ ਕਰ ਦਿੱਤਾ ਤੇ ਇਸ ਉਪਰੰਤ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਵਿਚ ਮੌਕੇ 'ਤੇ ਪੁੱਜੇ ਕਿਸੇ ਵੀ ਪੁਲਿਸ ਅਫਸਰ ਨੇ ਗੋਲੀ ਨਹੀਂ ਚਲਾਈ। ਜ਼ਖਮੀਆਂ ਵਿਚ 3 ਔਰਤਾਂ ਤੇ 1 ਵਿਅਕਤੀ ਸ਼ਾਮਿਲ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਨਾਜ਼ਕ ਹੈ।

# ਅਮਰੀਕਾ ਵਿਚ ਭਾਰਤੀ ਮੂਲ ਦੇ ਵਿਅਕਤੀ 'ਤੇ ਹਮਲਾ ਕਰਨ ਵਾਲੀ ਔਰਤ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਇਕ ਭਾਰਤੀ ਮੂਲ ਦੇ ਵਿਅਕਤੀ ਜਿਸ ਨੇ ਰਵਾਇਤੀ ਫਲਸਤੀਨੀ ਸਕਾਰਫ ਪਾਇਆ ਹੋਇਆ ਸੀ, ਉਪਰ ਹਮਲਾ ਕਰਨ ਦੇ ਮਾਮਲੇ ਵਿਚ ਇਕ ਔਰਤ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਬਰੁੱਕਲਿਨ ਦੇ ਐਡਮੌਂਡਜ ਖੇਡ ਮੈਦਾਨ ਵਿਚ ਵਾਪਰੀ ਇਸ ਘਟਨਾ ਵਿਚ ਇਕ ਔਰਤ ਨੇ 40 ਸਾਲਾ ਅਸ਼ੀਸ਼ ਪ੍ਰਾਸ਼ਰ ਨਾਮੀ



ਭਾਰਤੀ ਅਮਰੀਕੀ ਉਪਰ ਉਸ ਵੇਲੇ ਹਮਲਾ ਕੀਤਾ ਸੀ ਜਦੋਂ ਉਹ ਆਪਣੇ 18 ਮਹੀਨਿਆਂ ਦੇ ਪੁੱਤਰ ਨਾਲ ਖੇਡ ਰਿਹਾ ਸੀ। ਹਡਾਸਾ ਬੋਜ਼ਾਕਾਰਾਵਾਨੀ (48) ਨਾਮੀ ਔਰਤ ਵਿਰੁੱਧ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਬੋਜ਼ਾਕਾਰਾਵਾਨੀ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਪ੍ਰਾਸ਼ਰ ਅਨੁਸਾਰ ਯਹੂਦੀ ਔਰਤ ਉਸ ਦੇ ਫਲਸਤੀਨੀ ਸਕਾਰਫ ਪਾਇਆ ਵੇਖ ਕੇ ਖਿਝ ਗਈ ਸੀ ਤੇ ਉਸ ਨੇ ਪਹਿਲਾਂ ਉਸ ਵੱਲ ਆਪਣਾ ਫੋਨ ਮਾਰਿਆ ਤੇ ਫਿਰ ਗਰਮ ਕੌਫੀ ਦਾ ਕੱਪ ਉਸ ਵੱਲ ਮਾਰਿਆ ਹਾਲਾਂ ਕਿ ਇਸ ਹਮਲੇ ਵਿਚ ਉਹ ਤੇ ਉਸ ਦਾ ਪੁੱਤਰ ਵਾਲ ਵਾਲ ਬਚ ਗਏ ਸਨ।

# ਅਮਰੀਕਾ ਕੈਨੇਡਾ ਨੂੰ ਜੋੜਣ ਵਾਲੇ ਪੁਲ ਉਪਰ ਹੋਏ ਧਮਾਕੇ ਦਾ ਅੱਤਵਾਦ ਨਾਲ ਸਬੰਧ ਨਹੀਂ-ਐਫ ਬੀ ਆਈ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਕੈਨੇਡਾ ਸਰਹੱਦ ਉਪਰ ਨਿਆਗਰ ਫਾਲਜ਼ ਨੇੜੇ ਦੋਨਾਂ ਦੇਸ਼ਾਂ ਨੂੰ ਜੋੜਣ ਵਾਲੇ ਪੁਲ ਉਪਰ ਇਕ ਕਾਰ ਨਾਲ ਵਾਪਰੇ ਹਾਦਸੇ ਉਪਰੰਤ ਹੋਏ ਧਮਾਕੇ ਵਿਚ ਮਾਰੇ ਗਏ ਦੋ ਲੋਕ ਪਤੀ-ਪਤਨੀ ਸਨ ਤੇ ਉਹ ਨਿਊਯਾਰਕ ਦੇ ਰਹਿਣ ਵਾਲੇ ਸਨ। ਇਹ ਪ੍ਰਗਟਾਵਾ ਲਾਅ ਇਨਫੋਰਸਮੈਂਟ ਸੂਤਰਾਂ ਨੇ ਕੀਤਾ ਹੈ। ਇਸ ਦੇ ਨਾਲ ਹੀ ਐਫ ਬੀ ਆਈ ਨੇ ਕਿਹਾ ਹੈ ਕਿ ਇਸ ਧਮਾਕੇ ਦਾ ਅੱਤਵਾਦ ਨਾਲ ਕੋਈ ਸਬੰਧ ਨਹੀਂ ਹੈ। ਬੁੱਧਵਾਰ ਦੇਰ ਗਏ ਰੇਨਬੋਅ ਪੁਲ ਉਪਰ ਅਮਰੀਕਾ ਵਾਲੇ ਪਾਸੇ ਹੋਏ ਧਮਾਕੇ ਬਾਰੇ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਪਤੀ-ਪਤਨੀ ਤੇਜ ਰਫਤਾਰ ਨਾਲ ਜਾ ਰਹੀ ਕਾਰ ਵਿਚ ਸਵਾਰ ਸਨ ਜਦੋਂ ਇਹ ਕਾਰ ਨਰੀਖਣ ਚੌਕੀ 'ਤੇ ਬਣੀ ਇਕ ਰੋਕ ਨਾਲ ਟਕਰਾਉਣ ਉਪਰੰਤ ਰੇਲਿੰਗ ਵਿਚ ਜਾ ਵੱਜੀ। ਉਪਰੰਤ ਹੋਏ ਧਮਾਕੇ ਕਾਰਨ ਕਾਰ ਨੂੰ ਅੱਗ ਲੱਗ ਗਈ। ਐਫ ਬੀ ਆਈ ਦੇ ਬੁਫੈਲੋ ਵਿਚਲੇ ਫੀਲਡ ਦਫਤਰ ਨੇ ਐਲਾਨ ਕੀਤਾ ਹੈ ਕਿ ਸ਼ੁਰੂ ਵਿਚ ਅੱਤਵਾਦੀ ਹਮਲਾ ਹੋਣ ਦੀ ਚਿੰਤਾ ਦੇ ਬਾਵਜੂਦ ਐਫ ਬੀ ਆਈ ਨੂੰ ਇਸ ਧਮਾਕੇ ਦਾ ਅੱਤਵਾਦ ਨਾਲ ਸਬੰਧ ਹੋਣ ਬਾਰੇ ਕੋਈ ਸਬੂਤ ਨਹੀਂ ਮਿਲਿਆ ਤੇ ਨਾ ਹੀ ਮੌਕੇ ਤੋਂ ਕੋਈ ਧਮਾਕਾਖੇਜ ਸਮਗਰੀ ਦੇ ਸਬੂਤ ਮਿਲੇ ਹਨ। ਦਫਤਰ ਅਨੁਸਾਰ ਇਹ ਮਾਮਲਾ ਸਥਾਨਕ ਪੁਲਿਸ ਨੂੰ ਹਾਦਸੇ ਦੀ ਜਾਂਚ ਵਾਸਤੇ ਸੌਂਪ ਦਿੱਤਾ ਗਿਆ ਹੈ। ਨਿਊਯਾਰਕ ਦੇ ਗਵਰਨਰ ਕੈਥੀ ਹੋਚਲ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਮੈ ਇਹ ਸਪੱਸ਼ਟ ਕਰ ਦੇਣਾ ਚਹੁੰਦਾ ਹਾਂ ਕਿ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਹੈ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਇਹ ਅੱਤਵਾਦੀ ਹਮਲਾ ਸੀ। ਇਸ ਧਮਾਕੇ ਕਾਰਨ ਕੈਨੇਡਾ ਤੇ ਅਮਰੀਕਾ ਨੂੰ ਜੋੜਦੇ ਸਾਰੇ 4 ਪੁਲਾਂ ਨੂੰ ਆਰਜੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ ਜਿਨਾਂ ਵਿਚੋਂ 3 ਪੁਲਾਂ ਨੂੰ ਆਮ ਆਵਾਜਾਈ ਲਈ ਮੁੜ ਖੋਲ ਦਿੱਤਾ ਗਿਆ ਹੈ ਜਦ ਕਿ ਰੇਅਨਬੋਅ ਪੁਲ ਅਜੇ ਬੰਦ ਹੈ।

# ਅਮਰੀਕਾ ਵਿਚ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਜੇਲ ਵਿੱਚ ਬੰਦ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ ਉਪਰ ਸਾਥੀ ਕੈਦੀ ਵੱਲੋਂ ਹਮਲਾ

**ਸੈਕਰਾਮੈਂਟੋ, ਕੈਲੀਫੋਰਨੀਆ–** ਕਾਲੇ ਵਿਅਕਤੀ ਜਾਰਜ ਫਲਾਇਡ ਦੀ ਮਈ 2020 ਵਿਚ ਹੋਈ ਹੱਤਿਆ ਦੇ ਚਰਚਿਤ ਮਾਮਲੇ ਵਿਚ ਕੈਦ ਕੱਟ ਰਹੇ ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ ਉਪਰ ਸਾਥੀ ਕੈਦੀ ਵੱਲੋਂ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ।

ਸੰਘੀ ਅਧਿਕਾਰੀਆਂ ਅਨੁਸਾਰ ਐਰੀਜ਼ੋਨਾ ਦੀ ਜੇਲ ਵਿਚ ਉਸ ਵੇਲੇ ਚੌਵਿਨ ਗੰਭੀਰ ਜ਼ਖਮੀ ਹੋ ਗਿਆ ਜਦੋਂ ਉਸ ਦੇ ਇਕ ਹੋਰ ਸਾਥੀ ਕੈਦੀ ਨੇ ਉਸ ਉਪਰ ਹਮਲਾ ਕਰ ਦਿੱਤਾ। ਉਸ ਨੂੰ ਇਲਾਜ਼ ਲਈ ਹਸਪਤਾਲ ਲਿਜਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਦਸੀ ਗਈ ਹੈ। ਮਿਨੇਸੋਟਾ ਦੇ ਅਟਾਰਨੀ ਜਨਰਲ ਕੀਥ ਏਲੀਸਨ ਨੇ ਇਕ ਬਿਆਨ ਵਿਚ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਐਰੀਜ਼ੋਨਾ ਰਾਜ ਦੀ ਟਕਸਨ ਸੰਘੀ ਜੇਲ ਵਿਚ ਹੋਈ ਹਿੰਸਾ ਵਿੱਚ ਚੌਵਿਨ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨਾਂ ਕਿਹਾ ਹੈ ਕਿ ਚੌਵਿਨ ਨੂੰ ਹੋਰ ਦੋਸ਼ੀਆਂ ਦੀ ਤਰਾਂ ਅਪਰਾਧ ਲਈ ਸਜ਼ਾ ਦਿੱਤੀ ਗਈ ਹੈ ਤੇ ਉਸ ਨੂੰ ਵੀ ਬਿਨਾਂ ਕਿਸੇ ਜਵਾਬੀ ਕਾਰਵਾਈ ਦੇ ਡਰ ਜਾਂ ਹਿੰਸਾ ਦੇ ਆਪਣੀ ਸਜ਼ਾ ਪੂਰੀ ਕਰਨ ਦਾ ਅਧਿਕਾਰ ਹੈ।

ਇਥੇ ਜਿਕਰਯੋਗ ਹੈ ਕਿ ਅਪ੍ਰੈਲ 2021 ਵਿਚ ਫਲਾਇਡ ਦੀ ਹੱਤਿਆ ਸਬੰਧੀ ਰਾਜ ਵੱਲੋਂ ਲਾਏ ਦੋਸ਼ਾਂ ਲਈ ਇਕ ਅਦਾਲਤ ਵੱਲੋਂ ਚੌਵਿਨ ਨੂੰ ਸਾਢੇ 22 ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਇਕ ਸੰਘੀ ਅਦਾਲਤ ਨੇ ਜਮੀਨ ਉਪਰ ਪੁੱਠਾ ਡਿੱਗੇ ਪਏ ਫਲਾਇਡ ਦੀ ਧੌਣ ਉਪਰ ਗੋਡਾ ਰਖ ਕੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ 21 ਸਾਲ ਵੱਖਰੀ ਸਜ਼ਾ ਸੁਣਾਈ ਗਈ ਸੀ।

ਫਲਾਇਡ ਦੀ ਹੱਤਿਆ ਤੋਂ ਬਾਅਦ ਕਾਲਿਆਂ ਨਾਲ ਧੱਕਾ ਤੇ ਵਿਤਕਰਾ ਕਰਨ ਨੂੰ ਲੈ ਕੇ ਵੱਡੀ ਪੱਧਰ ਉਪਰ ਪੂਰੇ ਅਮਰੀਕਾ ਵਿਚ ਪ੍ਰਦਰਸ਼ਨ ਹੋਏ ਸਨ।

# ਅਮਰੀਕਾ ਦੇ ਵਰਮੌਂਟ ਰਾਜ ਵਿਚ 3 ਫਲਸਤੀਨੀ ਕਾਲਜ ਵਿਦਿਆਰਥੀਆਂ ਦੇ ਮਾਰੀਆਂ ਗੋਲੀਆਂ, ਇਕ ਦੀ ਹਾਲਤ ਗੰਭੀਰ, ਸ਼ੱਕੀ ਗੋਰਾ ਮੌਕੇ ਤੋਂ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਯੁਨੀਵਰਸਿਟੀ ਆਫ ਵਰਮੌਂਟ , ਬਰਲਿੰਗਟਨ ਨੇੜੇ 3 ਫਲਸਤੀਨੀ ਕਾਲਜ ਵਿਦਿਆਰਥੀਆਂ ਨੂੰ ਇਕ ਸ਼ੱਕੀ ਗੋਰੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੀ ਖਬਰ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੀੜਤ ਵਿਦਿਆਰਥੀਆਂ ਦੀ ਪਛਾਣ ਹੀਸ਼ਮ ਅਵਾਰਤਨੀ, ਕਿਨਾਨ ਅਬਦਲ ਹਾਮਿਦ ਤੇ ਤਾਹਸੀਨ ਅਹਿਮਦ ਵਜੋਂ ਹੋਈ ਹੈ। ਜੋ ਵੱਖ ਵੱਖ ਕਾਲਜਾਂ ਵਿਚ ਪੜਾਈ ਕਰ ਰਹੇ ਹਨ।

ਬਰਲਿੰਗਟਨ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸਾਰੇ ਵਿਦਿਆਰਥੀਆਂ ਦੀ ਉਮਰ 20 ਸਾਲ ਦੇ ਕਰੀਬ ਹੈ ਤੇ ਉਹ ਹਸਪਤਾਲ ਵਿਚ ਜੇਰੇ ਇਲਾਜ਼ ਹਨ। ਦੋ ਵਿਦਿਆਰਥੀਆਂ ਦੀ ਹਾਲਤ ਸਥਿੱਰ ਹੈ ਜਦ ਕਿ ਤੀਸਰੇ ਵਿਦਿਆਰਥੀ ਦੇ ਗੰਭੀਰ ਜ਼ਖਮ ਹਨ। ਪੁਲਿਸ ਅਨੁਸਾਰ ਇਹ ਮਾਮਲਾ ਨਫਰਤੀ ਅਪਰਾਧ ਦਾ ਹੋ ਸਕਦਾ ਹੈ। ਬਿਆਨ ਅਨੁਸਾਰ ਵਿਦਿਆਰਥੀਆਂ ਉਪਰ ਹਮਲਾ ਉਸ ਵੇਲੇ ਹੋਇਆ ਜਦੋਂ ਉਹ ਬਰਲਿੰਗਟਨ ਵਿਚ ਥੈਂਕਸਗਿਵਿੰਗ ਛੁੱਟੀ ਮਨਾਉਣ ਲਈ ਆਪਣੇ ਰਿਸ਼ਤੇਦਾਰ ਕੋਲ ਜਾ ਰਹੇ ਸਨ। ਜਦੋਂ ਉਹ ਪ੍ਰਾਸਪੈਕਟ ਸਟਰੀਟ 'ਤੇ ਪੁੱਜੇ ਤਾਂ ਇਕ ਗੋਰੇ ਵਿਅਕਤੀ ਨੇ ਬਿਨਾਂ ਕੁਝ ਬੋਲੇ ਆਪਣੇ ਪਿਸਤੌਲ ਨਾਲ ਉਨਾਂ ਉਪਰ ਗੋਲੀਆਂ ਚਲਾ ਦਿੱਤੀਆਂ। ਪੁਲਿਸ ਅਨੁਸਾਰ ਹਮਲਵਾਰ ਨੇ ਘੱਟੋ ਘੱਟ 4 ਗੋਲੀਆਂ ਚਲਾਈਆਂ ਤੇ ਉਹ ਮੌਕੇ ਤੋਂ ਫਰਾਰ ਹੋ ਗਿਆ। ਦੋ ਵਿਦਿਆਰਥੀਆਂ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਤੀਸਰੇ ਵਿਦਿਆਰਥੀ ਦੇ ਢਿੱਡ ਦੇ ਹੇਠਲੇ ਹਿੱਸੇ ਵਿਚ ਗੋਲੀ ਵੱਜੀ ਹੈ। ਪੁਲਿਸ ਨੇ ਕਿਹਾ ਹੈ ਕਿ ਪੀੜਤਾਂ ਵਿਚੋਂ 2 ਵਿਦਿਆਰਥੀ ਅਮਰੀਕੀ ਨਾਗਰਕ ਹਨ ਜਦ ਕਿ ਇਕ ਕਾਨੂੰਨੀ ਵਸਨੀਕ ਹੈ। ਪੁਲਿਸ ਅਨੁਸਾਰ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ ਤੇ ਮਾਮਲੇ ਦੀ ਜਾਂਚ ਐਫ ਬੀ ਆਈ ਕਰ ਰਹੀ ਹੈ। ਬਰਲਿੰਗਟਨ ਪੁਲਿਸ ਮੁੱਖੀ ਜੋਨ ਮੁਰਾਦ ਨੇ ਇਕ ਪ੍ਰੈਸ ਬਿਆਨ ਵਿਚ ਪੀੜਤਾਂ ਤੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨਾਂ ਕਿਹਾ ਹੈ ਕਿ ਇਹ ਨਫਰਤੀ ਅਪਰਾਧ ਦਾ ਮਾਮਲਾ ਹੋ ਸਕਦਾ ਹੈ ਤੇ ਉਹ ਇਸ ਮਾਮਲੇ ਨੂੰ ਲੈ ਕੇ ਸੰਘੀ ਜਾਂਚਕਾਰਾਂ ਦੇ ਸੰਪਰਕ ਵਿਚ ਹਨ। ਇਸ ਦੌਰਾਨ ਪੀੜਤਾਂ ਦੇ ਪਰਿਵਾਰਾਂ ਨੇ ਨਫਰਤੀ ਅਪਰਾਧ ਤਹਿਤ ਜਾਂਚ ਤੇ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ।

# ਕੀ ਅਰਜਨਟਾਈਨਾ ਅਮਰੀਕੀ ਸੰਘ ਵਿਚ ਜਾਵੇਗਾ?

**ਟੀ ਕੇ ਅਰੁਣ**

ਅਰਜਨਟਾਈਨਾ ਭਾਰਤ ਤੋਂ ਕਰੀਬ 16 ਹਜ਼ਾਰ ਕਿਲੋਮੀਟਰ ਦੂਰ ਪੈਂਦਾ ਹੈ। ਸਟਾਰ ਫੁਟਬਾਲਰ ਲਿਓਨਲ ਮੈਸੀ ਨੂੰ ਛੱਡ ਕੇ ਸਾਡੇ ਜਨਤਕ ਪ੍ਰਵਚਨ ਉਪਰ ਇਸ ਦਾ ਕੋਈ ਖ਼ਾਸ ਪ੍ਰਭਾਵ ਨਹੀਂ ਪੈਂਦਾ ਪਰ ਕੁਝ ਦਿਨ ਪਹਿਲਾਂ ਹੀ ਉੱਥੇ ਜ਼ਬਰਦਸਤ ਚੜ੍ਹਤ ਵਾਲੇ ਆਗੂ ਜੇਵੀਅਰ ਮਿਲੀ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਉਸ ਦੀਆਂ ਰਾਜਨੀਤਕ ਅਤੇ ਆਰਥਿਕ ਨੀਤੀਆਂ ਕਈ ਹੋਰ ਜਮਹੂਰੀਅਤਾਂ ਵਿਚ ਦਿਲਚਸਪੀ ਦਾ ਸਬਬ ਬਣ ਗਈਆਂ ਹਨ, ਖ਼ਾਸ ਕਰ ਕੇ ਉਸ ਵਲੋਂ ਕੀਤਾ ਗਿਆ ਇਹ ਵਾਅਦਾ ਕਿ ਦੇਸ਼ ਦੇ ਕੇਂਦਰੀ ਬੈਂਕ ਨੂੰ ਉਡਾ ਦਿੱਤਾ ਜਾਵੇਗਾ ਅਤੇ ਡਾਲਰ ਨੂੰ ਘਰੇਲੂ ਕਰੰਸੀ ਵਜੋਂ ਅਪਣਾਇਆ ਜਾਵੇਗਾ।

ਜੇਵੀਅਰ ਮਿਲੀ ਪੇਸ਼ੇ ਦੇ ਤੌਰ 'ਤੇ ਅਰਥ ਸ਼ਾਸਤਰੀ ਹਨ ਪਰ ਰੁਚੀ ਦੇ ਤੌਰ 'ਤੇ ਅਰਾਜਕਤਾਵਾਦੀ ਹਨ ਜੋ ਹਾਲ ਹੀ ਵਿਚ ਰਾਜਨੀਤੀ ਵਿਚ ਦਾਖ਼ਲ ਹੋਏ ਸਨ ਤੇ ਸਾਲ ਕੁ ਪਹਿਲਾਂ ਉਨ੍ਹਾਂ ਅਰਜਨਟਾਈਨਾ ਦੀ ਸੰਸਦ (ਕਾਂਗਰਸ) ਵਿਚ ਮੈਂਬਰ ਵਜੋਂ ਸੇਵਾ ਨਿਭਾਈ ਸੀ। ਅਰਜਨਟਾਈਨਾ ਆਰਥਿਕ ਬਦਇੰਤਜ਼ਾਮੀ ਦੇ ਥਪੇੜੇ ਝੱਲ ਰਿਹਾ ਹੈ ਜਿੱਥੇ ਮਹਿੰਗਾਈ ਦਰ 143 ਫ਼ੀਸਦ 'ਤੇ ਪਹੁੰਚ ਗਈ ਹੈ, ਬੇਰੁਜ਼ਗਾਰੀ ਤੇ ਗ਼ਰੀਬੀ ਵਿਚ ਅਥਾਹ ਵਾਧਾ ਹੋ ਗਿਆ ਹੈ ਅਤੇ ਠੋਸ ਕਰੰਸੀ ਦੀ ਕਾਲਾਬਾਜ਼ਾਰੀ ਧੜੱਲੇ ਨਾਲ ਚੱਲ ਰਹੀ ਹੈ। ਦੱਖਣੀ ਅਮਰੀਕਾ ਦਾ ਇਹ ਮੁਲਕ ਬਹੁਤ ਸਾਰੀਆਂ ਜਿਣਸਾਂ ਬਰਾਮਦ ਕਰਦਾ ਹੈ ਅਤੇ ਸਰਕਾਰ ਨੇ ਵੱਖ ਵੱਖ ਮੰਤਵਾਂ ਲਈ ਕਈ ਤਰ੍ਹਾਂ ਦੀਆਂ ਵਟਾਂਦਰਾ (ਕਰੰਸੀ) ਦਰਾਂ ਲਾਗੂ ਕੀਤੀਆਂ ਹੋਈਆਂ ਹਨ। ਬੀਫ ਬਰਾਮਦਕਾਰਾਂ ਨੂੰ ਆਪਣੀਆਂ ਬਰਾਮਦਾਂ ਦੀ ਕਮਾਈ ਮੁਕਾਮੀ ਅਰਜਨਟੀਨੀ ਪੈਸੋ ਵਿਚ ਤਬਦੀਲ ਕਰਾਉਣ ਲਈ ਜੋ ਐਕਸਚੇਂਜ ਦਰ ਮਿਲੇਗੀ, ਉਹ ਖੇਤੀ ਮਸ਼ੀਨਰੀ ਦਰਾਮਦ ਕਰਨ ਲਈ ਵਟਾਂਦਰਾ ਦਰ ਤੋਂ ਵੱਖਰੀ ਹੁੰਦੀ ਹੈ। 2022 ਦੇ ਅੰਤ ਤੱਕ ਅਰਜਨਟਾਈਨਾ ਵਿਚ ਵੱਖ ਵੱਖ ਮੰਤਵਾਂ ਲਈ 15 ਵਟਾਂਦਰਾ ਦਰਾਂ ਚੱਲ ਰਹੀਆਂ ਸਨ ਜਿਨ੍ਹਾਂ ਵਿਚ ਇਕ ਦਰ ਕਤਰ ਵਿਚ ਵਿਸ਼ਵ ਫੁਟਬਾਲ ਕੱਪ ਵਿਚ ਆਪਣੀ ਟੀਮ ਨੂੰ ਖੇਡਦਿਆਂ ਦੇਖਣ ਲਈ ਜਾਣ ਲਈ ਵੀ ਸ਼ਾਮਲ ਸੀ।



ਅਰਜਨਟਾਈਨਾ ਸਿਰ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਦਾ ਕਰੀਬ 46 ਅਰਬ ਡਾਲਰ ਕਰਜ਼ਾ ਚੜ੍ਹਿਆ ਹੋਇਆ ਹੈ ਜੋ ਦੁਨੀਆ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਹੈ। ਇੰਨੀ ਫਰਾਖ਼ਦਿਲੀ ਦਿਖਾਉਣ ਦੇ ਬਾਵਜੂਦ ਆਈਐੱਮਐੱਫ ਅਰਜਨਟਾਈਨਾ ਦੀ ਵਿਆਪਕ ਅਰਥ ਨੀਤੀ ਵਿਚ ਫੈਲੇ ਘੜਮੱਸ ਨੂੰ ਸੁਲਝਾਉਣ ਵਿਚ ਨਾਕਾਮ ਸਾਬਿਤ ਹੋਇਆ ਹੈ। ਇਹ ਸਭ ਅਰਜਨਟਾਈਨਾ ਦੀ ਰਾਜਨੀਤੀ ਦੀ 'ਦੇਣ' ਹੈ ਜਿਸ ਦੀ ਮੁੱਖਧਾਰਾ ਖੁੱਲ੍ਹ ਖਰਚੀ ਲਈ ਮਸ਼ਹੂਰ ਹੈ ਜਿਸ ਤੋਂ ਇਹ ਕਦੇ ਕਦਾਈਂ ਹਟ ਕੇ ਆਰਥਿਕ ਰੂੜੀਵਾਦ 'ਤੇ ਚਲੀ ਜਾਂਦੀ ਹੈ ਜਿਸ ਦੇ ਨਾਲ ਕਈ ਹੋਰ ਰੂੜੀਵਾਦ ਜੁੜੇ ਹੁੰਦੇ ਹਨ ਅਤੇ ਕਦੇ ਕਦੇ ਇਹ ਖੱਬੇ ਪੱਖੀ ਭਟਕਾਓ ਦੇ ਰਾਹ ਪੈ ਜਾਂਦੀ ਹੈ ਜਿਸ ਵਿਚ ਸਰਕਾਰ ਲੋਕਾਂ 'ਤੇ ਖੁੱਲ੍ਹ ਕੇ ਖਰਚ ਕਰਦੀ ਹੈ ਅਤੇ ਇਸ ਤੋਂ ਇਲਾਵਾ ਮਾਲੀ ਸਮੱਰਥਾ ਅਤੇ ਵਿਆਪਕ ਆਰਥਿਕ ਸਿੱਟਿਆਂ ਦੀ ਪ੍ਰਵਾਹ ਕੀਤੇ ਬਗ਼ੈਰ ਆਪਣੇ ਗਾਹਕਾਂ 'ਤੇ ਫਜ਼ੂਲ ਖਰਚੀ ਕਰਦੀ ਹੈ।

ਜਦੋਂ ਕੋਈ ਸਰਕਾਰ ਟੈਕਸਾਂ ਅਤੇ ਗ਼ੈਰ-ਟੈਕਸ ਪ੍ਰਾਪਤੀਆਂ ਦੇ ਰੂਪ ਵਿਚ ਆਪਣੀ ਕਮਾਈ ਨਾਲੋਂ ਖਰਚ ਜ਼ਿਆਦਾ ਕਰਦੀ ਹੈ ਤਾਂ ਉਸ ਨੂੰ ਕਰਜ਼ਾ ਚੁੱਕਣਾ ਪੈਂਦਾ ਹੈ। ਅਰਜਨਟਾਈਨਾ ਆਪਣੇ ਮਾਲੀ ਘਾਟੇ ਦੀ ਪੂਰਤੀ ਲਈ ਬੜੀ ਦਲੇਰੀ ਨਾਲ ਬਾਹਰੋਂ ਕਰਜ਼ਾ ਲੈਂਦਾ ਹੈ ਜਦਕਿ ਭਾਰਤ ਆਪਣੀ ਸਰਕਾਰੀ ਖਰਚ ਦੀ ਪੂਰਤੀ ਲਈ ਘਰੋਗੀ ਕਰਜ਼ੇ 'ਤੇ ਟੇਕ ਰੱਖਦਾ ਹੈ। ਅਰਜਨਟਾਈਨਾ ਦਾ ਬਾਹਰੀ ਕਰਜ਼ਾ 276 ਅਰਬ ਡਾਲਰ ਹੈ ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦਾ ਕਰੀਬ 45 ਫ਼ੀਸਦ ਬਣ ਜਾਂਦਾ ਹੈ। ਫਿਰ ਵੀ ਅਰਜਨਟਾਈਨਾ ਨੂੰ ਆਰਥਿਕ ਤੌਰ 'ਤੇ ਕੰਗਾਲ ਨਹੀਂ ਗਿਣਿਆ ਜਾ ਰਿਹਾ। ਇਸ ਦੇਸ਼ ਵਿਚ ਪ੍ਰਤੀ ਜੀਅ ਆਮਦਨ 10000 ਡਾਲਰ ਹੈ ਅਤੇ ਇਸ ਦਾ ਆਰਥਿਕ ਆਧਾਰ ਕਾਫੀ ਵਸੀਹ ਹੈ ਜਿੱਥੇ ਦੁਨੀਆ ਦੇ ਇਕ ਤਿਹਾਈ ਲੀਥੀਅਮ ਭੰਡਾਰ ਹਨ ਜੋ ਇਲੈਕਟ੍ਰਿਕ ਵਾਹਨਾਂ ਅਤੇ ਬੈਟਰੀ ਨਿਰਮਾਣ ਲਈ ਬਹੁਤ ਹੀ ਅਹਿਮ ਧਾਤ ਹੈ। ਅਰਜਨਟਾਈਨਾ ਵਿਚ ਹਾਲੇ ਵੀ ਵਿਦੇਸ਼ੀ ਨਿਵੇਸ਼ ਹੋ ਰਿਹਾ ਹੈ।

ਬੇਰੋਕ ਮਹਿੰਗਾਈ ਦਰ ਅਤੇ ਬਹੁਤੇਰੀਆਂ ਵਟਾਂਦਰਾ ਦਰਾਂ ਦੇ ਹੱਲ ਲਈ ਮਿਲੀ ਨੇ ਅਰਜਨਟੀਨੀ ਅਰਥਚਾਰੇ ਦਾ ਡਾਲਰੀਕਰਨ ਕਰਨ ਦਾ ਸੁਝਾਅ ਪੇਸ਼ ਕੀਤਾ ਸੀ ਜਿਸ ਦਾ ਮਤਲਬ ਹੈ ਕਿ ਇਸ ਦੀ ਮੁਕਾਮੀ ਕਰੰਸੀ 'ਪੈਸੋ' ਬੰਦ ਕਰ ਕੇ ਹਰ ਤਰ੍ਹਾਂ ਦੇ ਘਰੋਗੀ ਲੈਣ ਦੇਣ ਲਈ ਡਾਲਰ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਮਹਿੰਗਾਈ ਦਰ ਯਕਦਮ ਹੇਠਾਂ ਆ ਜਾਵੇਗੀ ਅਤੇ ਨਾ ਕੇਵਲ ਬਹੁਤ ਸਾਰੀਆਂ ਵਟਾਂਦਰਾ ਦਰਾਂ ਸਗੋਂ ਡਾਲਰ ਲਈ ਵੀ ਵਟਾਂਦਰਾ ਦਰ ਖਤਮ ਕਰ ਦਿੱਤੀ ਜਾਵੇਗੀ। ਇਸ ਤਰ੍ਹਾਂ ਦੀ ਨੀਤੀ ਵਿਚ ਸੰਭਾਵੀ ਤੌਰ 'ਤੇ ਕੀ ਨੁਕਸ ਹੋ ਸਕਦਾ ਹੈ?

ਮਾਲੀ ਪ੍ਰਭੂਸੱਤਾ ਖਤਮ ਹੋਣ ਨਾਲ ਰਾਸ਼ਟਰਵਾਦੀ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਪਰ ਕੀ ਇਸ ਨਾਲ ਕੋਈ ਫ਼ਰਕ ਪੈਂਦਾ ਹੈ? ਬਿਲਕੁੱਲ ਫ਼ਰਕ ਪੈਂਦਾ ਹੈ। ਨੋਟ ਛਾਪਣ ਅਤੇ ਵਿਆਜ ਦਰਾਂ ਤੈਅ ਕਰਨ ਦੀ ਯੋਗਤਾ ਖੁਸ਼ੀ ਦੀ ਤਰ੍ਹਾਂ ਕੋਈ ਨਿਰਪੇਖ ਹੱਕ ਨਹੀਂ ਹੈ। ਜਦੋਂ ਕੋਈ ਅਰਥਚਾਰਾ ਵਿਕਾਸ ਕਰਦਾ ਹੈ ਤਾਂ ਧਨ ਦੀ ਸਪਲਾਈ ਵੀ ਵਧਦੀ ਹੈ ਅਤੇ ਜੀਡੀਪੀ ਤੇ ਪੈਸੇ ਦੀ ਸਪਲਾਈ ਵਿਚਕਾਰ ਅਨੁਪਾਤ ਸਭਿਆਚਾਰ ਸਮੇਤ ਬਹੁਤ ਸਾਰੇ ਕਾਰਕਾਂ 'ਤੇ ਨਿਰਭਰ ਕਰਦਾ ਹੈ। ਇਹ ਕਿਸੇ ਆਮ ਅਰਥਚਾਰੇ ਦੀ ਗੱਲ ਹੈ ਜੋ ਆਪਣੀ ਮੁਕਾਮੀ ਕਰੰਸੀ ਛਾਪ ਸਕਦਾ ਹੈ ਪਰ ਜਿਸ ਕਿਸੇ ਅਰਥਚਾਰੇ ਵਿਚ ਕੋਈ ਬਾਹਰੀ ਕਰੰਸੀ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਦੀ ਸਪਲਾਈ ਮੁੱਖ ਤੌਰ 'ਤੇ ਬਰਾਮਦੀ ਪ੍ਰਾਪਤੀਆਂ, ਪਰਵਾਸੀਆਂ ਵਲੋਂ ਭੇਜੀ ਜਾਣ ਵਾਲੀ ਕਮਾਈ ਜਾਂ ਨਿਵੇਸ਼ ਨਾਲ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਵਿਆਜ ਦੀਆਂ ਨੀਤੀਗਤ ਦਰਾਂ ਆਪਣੇ ਅਰਥਚਾਰੇ ਦੀਆਂ ਜ਼ਰੂਰਤਾਂ ਦੇ ਹਿਸਾਬ ਨਾਲ ਕਿਸੇ ਬਾਹਰੀ ਅਥਾਰਿਟੀ ਵਲੋਂ ਤੈਅ ਕੀਤੀਆ ਜਾਂਦੀਆਂ ਹਨ ਤਾਂ ਹਾਲਾਤ ਕਾਫ਼ੀ ਖਰਾਬ ਹੋ ਸਕਦੇ ਹਨ।

ਹੁਣ ਪੈਸੇ ਦੀ ਸਪਲਾਈ ਦਾ ਵੱਡਾ ਹਿੱਸਾ ਬੈਂਕਾਂ ਵਲੋਂ ਕਰਜ਼ ਦੇ ਰੂਪ ਵਿਚ ਹੁੰਦਾ ਹੈ। ਜਦੋਂ ਅਖ਼ਬਾਰ ਦਾ ਹਾਕਰ ਆਪਣੀ ਮਾਸਿਕ ਉਜਰਤ ਇਕੱਠੀ ਕਰਦਾ ਹੈ ਤਾਂ ਉਸ ਨੇ ਕ੍ਰੈਡਿਟ ਪੈਦਾ ਕੀਤਾ ਹੁੰਦਾ ਹੈ ਅਤੇ ਇਸ ਨਾਲ ਮਨੀ ਸਪਲਾਈ ਵਿਚ ਵਾਧਾ ਹੁੰਦਾ ਹੈ ਪਰ ਇਸ ਤਰ੍ਹਾਂ ਦੀ ਕ੍ਰੈਡਿਟ ਪੈਦਾਵਾਰ ਨਿਸਬਤਨ ਛੋਟੀ ਹੁੰਦੀ ਹੈ ਅਤੇ ਇਸ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਕੁੱਲ ਮਿਲਾ ਕੇ ਡਾਲਰ ਦੀ ਆਮਦ ਵਿਚ ਭਾਵੇਂ ਕੋਈ ਫ਼ਰਕ ਨਾ ਆਇਆ ਹੋਵੇ ਤਾਂ ਵੀ ਕੋਈ ਅਰਜਨਟੀਨੀ ਬੈਂਕ ਕ੍ਰੈਡਿਟ ਦੀ ਪੈਦਾਵਾਰ ਕਰ ਸਕਦਾ ਹੈ ਅਤੇ ਮਨੀ ਸਪਲਾਈ ਵਿਚ ਵਾਧਾ ਕਰ ਸਕਦਾ ਹੈ। ਫਰਜ਼ ਕਰੋ ਕਿ ਵਿਸ਼ਵਾਸ ਦਾ ਸੰਕਟ ਪੈਦਾ ਹੋ ਜਾਵੇ ਅਤੇ ਬੈਂਕ ਨੂੰ ਜਮਾਂ ਪੂੰਜੀਆਂ ਵਾਪਸ ਕਰਨ ਦੀ ਮੰਗ ਦੀ ਪੂਰਤੀ ਲਈ ਕਰਜ਼ੇ ਵਾਪਸ ਲੈਣੇ ਪੈਣ। ਇਸ ਤਰ੍ਹਾਂ ਦੀ ਹੰਗਾਮੀ ਹਾਲਤ ਵੇਲੇ ਇਹ ਰੋਕ ਲੱਗ ਜਾਂਦੀ ਹੈ ਕਿ ਬੈਂਕ ਆਪਣੀ ਪੂੰਜੀ ਦੇ ਅਨੁਪਾਤ ਵਿਚ ਕਿੰਨਾ ਕੁ ਕਰਜ਼ਾ ਵੰਡ ਸਕਦਾ ਹੈ। ਕਿਸੇ ਡਾਲਰਾਂ ਵਾਲੇ ਅਰਥਚਾਰੇ ਵਿਚ ਕਿਸੇ ਕੇਂਦਰੀ ਬੈਂਕ ਕੋਲ ਆਪਣੇ ਪਸੰਦੀਦਾ ਪੈਮਾਨੇ 'ਤੇ ਅਜਿਹਾ ਸਮਰਥਨ ਦੇਣਾ ਸੰਭਵ ਨਹੀਂ ਹੁੰਦਾ ਕਿਉਂਕਿ ਉਹ ਡਾਲਰ ਦੀ ਸਪਲਾਈ ਨਹੀਂ ਵਧਾ ਸਕਦਾ।

ਇਸ ਲਈ ਇਸ ਵਲੋਂ ਸਮਰਥਨ ਯਾਫ਼ਤਾ ਪੈਸੇ ਦੀ ਸਪਲਾਈ ਅਤੇ ਆਰਥਿਕ ਸਰਗਰਮੀ ਡਾਲਰ ਦੀ ਉਪਲਬਧੀ ਜ਼ਰੀਏ ਚੱਲੇਗੀ। ਅਰਜਨਟਾਈਨਾ ਦੀਆਂ ਸਰਹੱਦਾਂ ਅੰਦਰ ਡਾਲਰ ਦੀ ਕੀਮਤ ਵਿਚ ਕੋਈ ਹੇਰ ਫੇਰ ਨਹੀਂ ਆ ਸਕੇਗਾ। ਜਦੋਂ ਕੀਮਤ ਇਹ ਨਹੀਂ ਬਦਲ ਸਕੇਗੀ ਕਿ ਕਿਸੇ ਨੂੰ ਕਿੰਨਾ ਮਿਲੇਗਾ ਤਾਂ ਤੁਹਾਨੂੰ ਰਾਸ਼ਨਿੰਗ ਕਰਨੀ ਪਵੇਗੀ। ਜਦੋਂ ਕੀਮਤਾਂ ਲਚਕਦਾਰ ਹੁੰਦੀਆਂ ਹਨ ਤਾਂ ਅਸਲ ਅਰਥਚਾਰੇ ਨੂੰ ਉਨ੍ਹਾਂ ਮੁਤਾਬਕ ਢਲਣਾ ਪੈਂਦਾ ਹੈ। ਅਸਲ ਉਜਰਤਾਂ 'ਤੇ ਫਰਕ ਪੈਂਦਾ ਹੈ, ਖੁਰਾਕ ਅਤੇ ਸਿਹਤ ਸੰਭਾਲ ਲਈ ਰਸਾਈ ਘਟ ਜਾਂਦੀ ਹੈ। ਵਿਦੇਸ਼ੀ ਮੰਗ ਦੀ ਪੂਰਤੀ ਕਰਨ ਵਾਲੇ ਖੇਤਰਾਂ ਵਿਚ ਅਜੇ ਵੀ ਡਾਲਰ ਨਿਵੇਸ਼ ਹੋ ਰਿਹਾ ਹੁੰਦਾ ਹੈ ਹਾਲਾਂਕਿ ਘਰੇਲੂ ਖੇਤਰਾਂ ਵਿਚ ਪੂੰਜੀ ਦੀ ਸਖਤ ਘਾਟ ਪਾਈ ਜਾਂਦੀ ਹੈ। ਲੀਥੀਅਮ ਬਰਾਮਦਾਂ ਛੜੱਪੇ ਮਾਰ ਕੇ ਵਧ ਸਕਦੀਆਂ ਹਨ ਪਰ ਖੇਤੀਬਾੜੀ ਉਤਪਾਦਨ ਘਟ ਜਾਵੇਗਾ ਅਤੇ ਖਾਧ ਪਦਾਰਥਾਂ ਦੀ ਘਾਟ ਪੈਦਾ ਹੋ ਜਾਵੇਗੀ।

ਜ਼ਿੰਬਾਬਵੇ ਨੇ ਆਪਣੀ ਘਰੋਗੀ ਆਰਥਿਕ ਬਦਇੰਤਜ਼ਾਮੀ ਦੇ ਹੱਲ ਦੇ ਤੌਰ 'ਤੇ 2008 ਵਿਚ ਅੰਸ਼ਕ ਤੌਰ 'ਤੇ ਅਤੇ 2009 ਵਿਚ ਪੂਰੀ ਤਰ੍ਹਾਂ ਡਾਲਰੀਕਰਨ ਦਾ ਤਜਰਬਾ ਕੀਤਾ ਸੀ। ਛੇਤੀ ਹੀ ਸਰਕਾਰ ਨੂੰ ਡਾਲਰ ਦੇ ਨਾਲ ਆਈਓਯੂ ਨੋਟ ਜਾਂ ਅਰਧ ਕਰੰਸੀ ਨੋਟ ਛਾਪਣੇ ਪਏ ਪਰ ਇਸ ਨਾਲ ਵੀ ਲੋੜ ਪੂਰੀ ਨਾ ਹੋ ਸਕੀ। ਆਈਓਯੂ ਨੋਟ ਬੇਹਿਸਾਬੇ ਢੰਗ ਨਾਲ ਛਪਣ ਕਰ ਕੇ ਮਹਿੰਗਾਈ 20 ਲੱਖ ਫ਼ੀਸਦ 'ਤੇ ਪਹੁੰਚ ਗਈ। ਸਾਲ 2019 ਵਿਚ ਜ਼ਿੰਬਾਬਵੇ ਨੇ ਘਰੋਗੀ ਲੈਣ ਦੇਣ ਲਈ ਡਾਲਰ ਦੀ ਵਰਤੋਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ। ਕਦੇ ਕਦਾਈਂ ਅਜਿਹੇ ਸਿਆਸਤਦਾਨ ਵੀ ਚੁਣ ਲਏ ਜਾਂਦੇ ਹਨ ਜੋ ਆਪਣੇ ਮੁਲਕ ਦੀਆਂ ਆਰਥਿਕ ਸਮੱਸਿਆਵਾਂ ਦੇ ਹੱਲ ਲਈ ਲੋਕਾਂ 'ਤੇ ਬੋਝ ਲੱਦਣ ਦੀਆਂ ਗੱਲਾਂ ਕਰਦੇ ਹਨ। ਜੇ ਉਹ ਆਪਣੇ ਹੱਲ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇਸ ਦਾ ਸਿੱਟਾ ਡਾਲਰੀਕਰਨ ਜਾਂ ਨੋਟਬੰਦੀ ਜਿਹੀਆਂ ਆਫ਼ਤਾਂ ਵਿਚ ਨਿਕਲਦਾ ਹੈ। ਇਸ ਤਰ੍ਹਾਂ ਛੇਤੀ ਸ਼ੋਹਰਤ ਹਾਸਲ ਕਰਨ ਵਾਲਿਆਂ ਨੂੰ ਅਹੁਦਿਆਂ ਤੋਂ ਦੂਰ ਰੱਖਣ ਲਈ ਨਾ ਕੇਵਲ ਜ਼ਿੰਮੇਵਾਰੀ ਨਾਲ ਸ਼ਾਸਨ ਚਲਾਉਣਾ ਪਵੇਗਾ ਸਗੋਂ ਅਜਿਹੇ ਜਨਤਕ ਬਿਰਤਾਂਤ ਦਾ ਸੰਚਾਰ ਵੀ ਕਰਨਾ ਪਵੇਗਾ ਜੋ ਹਕੀਕੀ ਦੁਨੀਆ ਨੂੰ ਨਾਲ ਮੇਲ ਖਾਂਦਾ ਹੋਵੇ ਅਤੇ ਖੋਖਲੇ ਵਾਅਦਿਆਂ ਦੇ ਪਾਜ਼ ਵੀ ਉਘੇੜਦਾ ਹੋਵੇ। ਜਾਦੂਈ ਯਥਾਰਥਵਾਦ ਗਲਪ ਵਿਚ ਬਹੁਤ ਵਧੀਆ ਲਗਦਾ ਹੈ ਪਰ ਜਦੋਂ ਇਸ ਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਬਹੁਤ ਘਾਤਕ ਸਾਬਿਤ ਹੁੰਦਾ ਹੈ।

ਦੇਸ਼ ਦੁਆਬਾ

## ਚੋਣਾਂ 'ਚ ਹਾਵੀ ਰਹੀ ਮੁਫਤ ਦੀ ਰਾਜਨੀਤੀ

ਭਾਰਤ ਵਿਚ ਹਾਲ ਹੀ ਵਿਚ 5 ਸੂਬਿਆਂ ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਹਾਲਾਂਕਿ ਸੂਬਿਆਂ ਦੀਆਂ ਚੋਣਾਂ ਵਿਚ ਸਥਾਨਕ ਮੁੱਦੇ ਜ਼ਿਆਦਾ ਅਹਿਮ ਹੁੰਦੇ ਹਨ ਪਰ ਇਸ ਵਾਰ ਦੀਆਂ ਚੋਣਾਂ ਵਿਚ ਮੁਫਤ ਦੀ ਰਾਜਨੀਤੀ ਦਾ ਜ਼ਿਆਦਾ ਹੀ ਦਬਦਬਾ ਨਜ਼ਰ ਆਇਆ। ਸਾਰੀਆਂ ਸਿਆਸੀ ਪਾਰਟੀਆਂ ਨੇ ਇਕ ਤੋਂ ਵੱਧ ਕੇ ਇਕ ਮੁਫਤ ਵਿਚ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਅਤੇ ਇਹਨਾਂ ਦੀ ਕਾਟ ਵਿਚ ਵਿਰੋਧੀ ਪਾਰਟੀਆਂ ਬਹੁਤ ਵੱਡੇ ਵੱਡੇ ਵਾਅਦੇ ਕੀਤੇ। ਕਈ ਸੂਬਿਆਂ ਵਿਚ ਤਾਂ ਇਹ ਮੁਫਤ ਦੇ ਵਾਅਦੇ ਇੰਨੇ ਵੱਡੀ ਹੋ ਗਏ ਕਿ ਇੰਨੀ ਉਸ ਸੂਬੇ ਦੀ ਕੁੱਲ ਆਮਦਨ ਵੀ ਨਹੀਂ ਹੈ। ਇਸ ਚੋਣ ਮੌਸਮ ਵਿਚ ਵੋਟਰਾਂ ਨੂੰ ਖਿੱਚਣ ਦੇ ਮਾਮਲੇ ਵਿਚ ਮੁਫ਼ਤ ਪੇਸ਼ਕਸ਼ਾਂ ਦੀ ਦੌੜ ਕਾਰਨ ਸਿਆਸੀ ਪਾਰਟੀਆਂ ਇਕ-ਦੂਜੀ ਨੂੰ ਮਾਤ ਦੇਣ ਵਿਚ ਲੱਗੀਆਂ ਰਹੀਆਂ। ਚੋਣਾਂ ਵਿਚ ਮੁਫਤ ਰਿਓੜੀਆਂ ਦੀ ਇਸ ਬਰਸਾਤ ਦੇ ਸਿਆਸੀ ਅਤੇ ਆਰਥਿਕ ਸਵਾਰਥ ਹਨ। ਮੁਫਤ ਰਿਓੜੀ ਸੱਭਿਆਚਾਰ ਦਰਅਸਲ ਲੋਕਤੰਤਰ ਦੀ ਭਾਵਨਾ ਦੇ ਮੂਲੋਂ ਹੀ ਉਲਟ ਹੈ। ਸਿਆਸੀ ਪਾਰਟੀਆਂ ਹਰ ਹਰਬਾ ਵਰਤ ਕੇ ਚੋਣਾਂ ਜਿੱਤਣੀਆਂ ਚਾਹੁੰਦੀਆਂ ਹਨ, ਪਰ ਇਸ ਨਾਲ ਮੁਲਕ ਦਾ ਨੁਕਸਾਨ ਹੁੰਦਾ ਹੈ। ਸਿਆਸੀ ਪਾਰਟੀਆਂ ਇਕ-ਦੂਜੀ ਨੂੰ ਮੁਫ਼ਤ ਪੇਸ਼ਕਸ਼ਾਂ ਦੇ ਮਾਮਲੇ ਵਿਚ ਦੂਜੀਆਂ ਪਾਰਟੀਆਂ ਨੂੰ ਤਾਂ ਸ਼ੀਸ਼ਾ ਦਿਖਾਉਂਦੀਆਂ ਹਨ ਪਰ ਚੋਣਾਂ ਜਿੱਤਣ ਲਈ ਖ਼ੁਦ ਉਨ੍ਹਾਂ ਦਾ ਸਹਾਰਾ ਲੈਣ ਤੋਂ ਕੋਈ ਗੁਰੇਜ਼ ਨਹੀਂ ਕਰਦੀਆਂ। ਇਹ ਦੋਹਰਾ ਰਵੱਈਆਂ ਕਾਂਗਰਸ, ਆਪ, ਭਾਜਪਾ ਸਭ ਪਾਰਟੀਆਂ ਦਾ ਹੈ।

ਇਸੇ ਸਾਲ 16 ਜੁਲਾਈ ਨੂੰ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ''ਰਿਓੜੀ ਸਭਿਆਚਾਰ ਦੇਸ਼ ਦੇ ਵਿਕਾਸ ਦੇ ਰਸਤੇ ਵਿਚ ਅੜਿੱਕਾ ਹੈ। ਰਿਓੜੀ ਸਭਿਆਚਾਰ ਦੇ ਪੈਰੋਕਾਰ ਕਦੇ ਵਧੀਆਂ ਸਿੱਖਿਆ, ਐਕਸਪ੍ਰੈੱਸ ਵੇਅ, ਏਅਰਪੋਰਟ ਅਤੇ ਡਿਫੈਂਸ ਕੋਰੀਡੋਰ ਨਹੀਂ ਬਣਾ ਸਕਦੇ। ਨੌਜਵਾਨਾਂ ਨੂੰ ਖ਼ਾਸ ਤੌਰ 'ਤੇ ਇਸ ਸਭਿਆਚਾਰ ਪ੍ਰਤੀ ਚੌਕਸ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਉਨ੍ਹਾਂ ਨੂੰ ਲਾਲਚ ਦੇ ਕੇ ਉਨ੍ਹਾਂ ਦੇ ਭਵਿੱਖ ਨੂੰ ਹਨੇਰੇ ਵੱਲ ਧੱਕਦਾ ਹੈ।

ਉੱਤਰ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਮੁਖੀ ਜੇਪੀ ਨੱਡਾ ਨੇ ਐਲਾਨ ਕੀਤਾ ਸੀ ਕਿ ਸੂਬੇ ਦੀਆਂ ਲੜਕੀਆਂ ਨੂੰ ਮਜ਼ਬੂਤ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਹੋਣਹਾਰ ਵਿਦਿਆਰਥਣਾਂ ਨੂੰ ਮੁਫ਼ਤ ਸਕੂਟੀ ਦੇਵੇਗੀ। ਭਾਜਪਾ ਨੇ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਵਿਚ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਵੀ ਵਾਅਦਾ ਕੀਤਾ। ਮੱਧ ਪ੍ਰਦੇਸ਼ ਵਿਚ ਵੀ ਭਾਜਪਾ ਨੇ ਕਿਸਾਨਾਂ ਨੂੰ ਬਹੁਤ ਵੱਡੀ ਸਬਸਿਡੀ ਦਿੱਤੀ। ਉੱਥੇ ਘਰੇਲੂ ਵਰਤੋਂ ਲਈ ਬਿਜਲੀ 'ਤੇ ਵੀ ਸਬਸਿਡੀ ਦਿੱਤੀ ਗਈ। ਦਿੱਲੀ ਵਿਚ ਭਾਜਪਾ ਜਿੱਥੇ ਕੇਜਰੀਵਾਲ ਸਰਕਾਰ ਦੁਆਰਾ ਦਿੱਤੀ ਜਾ ਰਹੀ ਸਬਸਿਡੀ ਦਾ ਵਿਰੋਧ ਕਰਦੀ ਆਈ ਹੈ ਤਾਂ ਪੰਜਾਬ ਵਿਚ ਉਸ ਦੇ ਹਰੇਕ ਪਰਿਵਾਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ। ਚੋਣਾਂ ਵਿਚ ਵੱਖ-ਵੱਖ ਵਰਗਾਂ ਨੂੰ ਲੁਭਾਉਣ ਦੀ ਇਕ ਰੀਤ ਜਿਹੀ ਬਣ ਗਈ ਹੈ।

ਪਰ ਬਦਕਿਸਮਤੀ ਨਾਲ ਭਾਜਪਾ-ਕਾਂਗਰਸ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਨੂੰ ਹੱਲਾਸ਼ੇਰੀ ਦਿੱਤੀ ਹੈ। ਖ਼ਾਸ ਤੌਰ 'ਤੇ ਆਮ ਆਦਮੀ ਪਾਰਟੀ ਅਰਥਾਤ 'ਆਪ' ਇਸ ਕੁਰੀਤੀ ਦੀ ਮੋਢੀ ਰਹੀ ਜਿਸ ਨੇ ਦਿੱਲੀ ਵਿਚ ਇਸ ਨੂੰ ਅਜਮਾਇਆ ਅਤੇ ਜਨਤਾ ਨੇ ਵੀ ਪਾਰਟੀ ਨੂੰ ਮੁੜ ਸੱਤਾ ਸੌਂਪ ਕੇ ਉਸ ਨੂੰ ਇਨਾਮ ਵੀ ਦਿੱਤਾ। ਇਨ੍ਹਾਂ ਮੁਫ਼ਤ ਪੇਸ਼ਕਸ਼ਾਂ ਦੇ ਰੁਝਾਨ ਦੀ ਪੜਤਾਲ ਕਰੀਏ ਤਾਂ ਦੇਖਾਂਗੇ ਕਿ ਇਹ ਉਪਾਅ ਸਮਾਜ ਦੇ ਉਸ ਲਤਾੜੇ ਤਬਕੇ ਦੀ ਹਾਲਤ 'ਚ ਸੁਧਾਰ ਨਾਲ ਜੁੜੇ ਹਨ ਜਿਸ ਨੂੰ ਆਰਥਿਕ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਪਰ ਇਹ ਨਹੀਂ ਦੇਖਿਆ ਜਾਂਦਾ ਕਿ ਮੁਫਤਖੋਰੀ ਦੇ ਚੱਕਰ ਵਿਚ ਹੋਰ ਲੋੜੀਦੀਆਂ ਸਹੂਲਤਾਂ ਦਾ ਘਾਣ ਹੁੰਦਾ ਹੈ।

# ਭਗਤ ਨਾਮਦੇਵ ਸੁਸਾਇਟੀ ਵੈਨਕੂਵਰ ਨੇ ਆਗਮਨ ਪੁਰਬ ਮਨਾਏ


**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਭਗਤ ਨਾਮਦੇਵ ਵੈਲਫੇਅਰ ਸੋਸਾਇਟੀ ਵੈਨਕੂਵਰ ਬੀਸੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ਼੍ਰੋਮਣੀ ਭਗਤ ਨਾਮਦੇਵ ਜੀ ਮਹਾਰਾਜ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਏ ਗਏ। ਸਾਊਥਹਾਲ ਵੈਨਕੂਵਰ ਵਿੱਚ ਕਰਵਾਏ ਗਏ ਇਸ ਧਾਰਮਿਕ ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਨੇ ਮਹਾਂਪੁਰਸ਼ਾਂ ਦੀ ਸਮਾਜਿਕ ਅਤੇ ਧਾਰਮਿਕ ਮਾਰਗ ਦਰਸ਼ਨਾਂ ਨੂੰ ਸੰਗਤ ਤੱਕ ਆਪਣੇ ਸੰਬੋਧਨ ਵਿੱਚ ਪਹੁੰਚਾਇਆ ਅਤੇ ਸ਼ਬਦ ਨਾਮ ਬਾਣੀ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਜਨਰਲ ਸੈਕਟਰੀ ਦਰਸ਼ਨ ਸਿੰਘ ਕੈਂਥ ਅਤੇ ਉਹਨਾਂ ਦੀ ਮਾਤਾ ਜੀ ਸੁਰਜੀਤ ਕੌਰ ਕੈਂਥ ਦੀ ਪਹਿਲੀ ਯਾਦ ਵਿੱਚ ਲੰਗਰ ਸੇਵਾਵਾਂ ਸੰਗਤ ਵਿੱਚ ਪ੍ਰਦਾਨ ਕੀਤੀਆਂ ਗਈਆਂ। ਪ੍ਰਧਾਨ ਬਲਵੀਰ ਰਾਏ ਕੈਂਥ ਵਲੋਂ ਆਈ ਹੋਈ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਦੌਰਾਨ ਗੁਰੂ ਦੀ ਬਾਣੀ ਦਾ ਕੀਰਤਨ ਭਾਈ ਸਾਹਿਬ ਭਾਈ ਤਾਜ ਸਿੰਘ ਜੀ ਦੇ ਕੀਰਤਨੀ ਜਥੇ ਵਲੋਂ ਸੰਗਤ ਨੂੰ ਸਰਵਣ ਕਰਵਾਇਆ ਗਿਆ। ਇਸ ਮੌਕੇ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਪੁੱਜੀ ਗਾਇਕਾ ਰਾਜ ਗੁਲਜਾਰ ਵਲੋਂ ਵੀ ਸੰਗਤ ਨੂੰ ਮਹਾਂਪੁਰਸ਼ਾਂ ਦੀ ਯਾਦ ਵਿੱਚ ਉਹਨਾਂ ਦੇ ਆਗਮਨ ਪੁਰਬ ਨੂੰ ਸਮਰਪਿਤ ਸ਼ਰਧਾ ਦੇ ਗੀਤ ਸਰਵਣ ਕਰਵਾਏ ਗਏ। ਅੰਤ ਵਿੱਚ ਸਮੂਹ ਪ੍ਰਬੰਧਕ ਕਮੇਟੀ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਅੱਗੇ ਤੋਂ ਵੀ ਅਜਿਹੇ ਧਾਰਮਿਕ ਸਮਾਗਮਾਂ ਵਿੱਚ ਸੰਗਤ ਨੂੰ ਵੱਧ ਚੜ੍ਹਕੇ ਸ਼ਿਰਕਤ ਕਰਨ ਲਈ ਪ੍ਰੇਰਤ ਕੀਤਾ ਗਿਆ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਤ੍ਰਿਪਤ ਭੱਟੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਲੋਕ ਅਰਪਿਤ

**ਸਟਾਕਟਨ-** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 18 ਨਵੰਬਰ ਨੂੰ ਪਹਿਲਾ 'ਪਰਵਾਸੀ ਪੰਜਾਬੀ ਮਿੰਨੀ ਕਹਾਣੀ ਸਮਾਗਮ' ਸਭਾ ਦੇ ਸਰਗਰਮ ਮੈਂਬਰ ਡਾ. ਰਵੀ ਸ਼ੇਰਗਿੱਲ ਦੇ







ਗ੍ਰਹਿ ਵਿਖੇ ਕੀਤਾ ਗਿਆ।

ਇਸ ਸਮਾਗਮ ਦੌਰਾਨ, 'ਤ੍ਰਿਪਤ ਭੱਟੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ' ਸੰਪਾਦਕ: (ਡਾ. ਹਰਪ੍ਰੀਤ ਸਿੰਘ ਰਾਣਾ) ਸੰਗ੍ਰਹਿ ਰਿਲੀਜ਼ ਕੀਤਾ ਗਿਆ। ਸਮਾਗਮ ਦਾ ਅਰੰਭ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਸਮਾਗਮ ਵਿੱਚ ਪਹੁੰਚੇ ਲੇਖਕਾਂ ਅਤੇ ਵਿਦਵਾਨਾਂ ਦਾ ਸਵਾਗਤ ਕਰਦਿਆਂ ਹੋਇਆ। ਇਸ ਉਪਰੰਤ ਉਨ੍ਹਾਂ ਨੇ ਡਾ. ਹਰਪ੍ਰੀਤ ਸਿੰਘ ਰਾਣਾ (ਪਟਿਆਲਾ), ਮੰਗਤ ਕੁਲਜਿੰਦ : ਸੰਪਾਦਕ ਸ਼ਬਦ ਤ੍ਰਿੰਜਣ, ਬਠਿੰਡਾ (ਸਿਆਟਲ) ਅਤੇ ਡਾ. ਮਾਨ ਸਿੰਘ ਢੀਂਡਸਾ, ਰਿਟਾ; ਪ੍ਰੋਫੇਸਰ, ਪੰਜਾਬੀ ਯੂਨੀਵਰਸਟੀ ਪਟਿਆਲਾ , ਵਲੋਂ ਸਮਾਗਮ ਦੇ ਸਬੰਧ ਵਿੱਚ ਆਏ ਵਧਾਈ ਸ਼ੰਦੇਸ਼ ਪੜ੍ਹ ਕੇ ਸੁਣਾਏ। ਭੱਟੀ ਸਾਹਿਬ ਦੇ ਕਹਾਣੀ ਸੰਗ੍ਰਹਿ 'ਕੋਧਰੇ ਦੀ ਰੋਟੀ' ਨੂੰ, ਗੁਲੱਸ਼ਨ ਰਾਏ ਕੁਲਰੀਆ ਵਲੋਂ ਮਿਲੇ ਯਾਦਗਾਰੀ ਸਰਬੋਤਮ ਪੁਰਸਕਾਰ ਦੀ ਵੀਡੀਓ ਸਾਂਝੀ ਕੀਤੀ ਗਈ।

ਮਿੰਨੀ ਕਹਾਣੀ ਪ੍ਰਤੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਹਰਜਿੰਦਰ ਪੰਧੇਰ ਨੇ ਕਿਹਾ ਕਿ, 'ਮਿੰਨੀ ਕਹਾਣੀ ਮਹਿਕਮ ਭਰੀ ਉਸ ਐਸਪਰੈਸੋ ਕਾਫੀ ਵਰਗੀ ਹੁੰਦੀ ਹੈ ਜਿਸ ਦੀ ਇੱਕੋ ਘੁੱਟ ਸਾਡੇ ਤਨ ਮਨ ਨੂੰ ਅਨੰਦਤ ਕਰ ਦਿੰਦੀ ਹੈ। ਆਪਣੇ ਛੋਟੇ ਅਕਾਰ ਕਰਕੇ ਲਿਖਣ ਨੂੰ ਇਹ ਜਿੰਨੀ ਅਸਾਨ ਲੱਗਦੀ ਹੈ ਉਨ੍ਹੀ ਹੁੰਦੀ ਨਹੀਂ।

ਇਸ ਨੂੰ ਲਿਖਣ ਲਈ ਵੀ ਉਨ੍ਹਾਂ ਹੀ ਮੰਥਨ ਕਰਨਾ ਪੈਂਦਾ ਹੈ ਜਿੰਨਾ ਕਹਾਣੀ ਲਿਖਣ ਲਈ। ਸਭਾ ਦੀ ਮੀਤ ਪ੍ਰਧਾਨ ਡਾ. ਮਨਰੀਤ ਗਰੇਵਾਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਅਜੋਕੇ ਸਮਿਆਂ ਵਿੱਚ ਸਮਾਜ ਦੀਆਂ ਗੈਰ ਮਾਨਵੀ ਪ੍ਰਸਥਿਤੀਆਂ ਵਿੱਚੋਂ ਨਿਕਲੇ ਪ੍ਰਤੀਫਲ ਦੇ ਅਧਾਰ ਤੇ ਕਿਸੇ ਬਿਰਤਾਂਤ ਦੀ ਸਿਰਜਣਾ ਹੁਣ ਪਹਿਲਾਂ ਵਾਂਗ ਅਸਾਨ ਨਾ ਰਹਿ ਕੇ ਗੰਭੀਰ, ਚਿੰਤਨਸ਼ੀਲ ਸਿਰਜਣਹਾਰਿਆਂ ਦਾ ਕੰਮ ਰਹਿ ਗਿਆ ਹੈ। ਭੱਟੀ ਸਾਹਿਬ ਵਰਗੇ ਪ੍ਰੌੜ ਲੇਖਕ ਦੀਆਂ ਮਿੰਨੀ ਕਹਾਣੀਆਂ ਵਿੱਚ ਅਜੇਹੀ ਪਕੜ ਦੀਆਂ ਸੱਭ ਲੱਭਤਾਂ ਮੌਜੂਦ ਹਨ। ਭੱਟੀ ਸਾਹਿਬ ਨੇ ਆਪਣੀ ਕਹਾਣੀ ਕਲਾ ਵਿਚਲੇ ਟੁੰਭਵੇ ਭਾਵਾਂ ਦਾ ਖੁਲਾਸਾ ਕਰਦਿਆਂ ਆਖਿਆ ਕਿ , 'ਮਿੰਨੀ ਕਹਾਣੀ ਰੀਝਾਂ ਨਾਲ ਪਾਲੀ ਧੀ ਨੂੰ ਗਲਤ ਸੰਗਤ ਵਿੱਚ ਪੈਕੇ ਅਮੋੜ ਹੋ ਜਾਣ ਤੇ ਉਸ ਨੂੰ ਰੋਕ ਪਾਉਣ ਦੀ ਅਸਮਰਥਤਾ ਦੀ ਜੋ ਹੂਕ ਹੈ ਉਸ ਨੂੰ ਆਪਣੀ ਰੂਹ ਤੇ ਹੰਢਾ ਕੇ ਕਲਮ ਚੁੱਕਣ ਨਾਲ ਕਹਾਣੀ ਬਣਦੀ ਹੈ। ਇਸ ਉਪਰੰਤ ਹਰਨੇਕ ਸਿੰਘ ਨੇ ਤ੍ਰਿਪਤ ਭੱਟੀ ਦੀ ਕਹਾਣੀ ਕਲਾ ਉੱਪਰ ਲਿਖਿਆ ਇੱਕ ਵਿਸਥਾਰਤ ਪੇਪਰ ਪੜ੍ਹਿਆ। ਮਨਜੀਤ ਕੌਰ ਸੇਖੋਂ, ਗੁਰਮੀਤ ਪਨਾਗ, ਗੁਰਪ੍ਰਿਤ ਕੌਰ ਨੇ ਭੱਟੀ ਸਾਹਿਬ ਨੂੰ ਵਧਾਈ ਦਿੱਤੀ। ਦੂਸਰਾ, ਨਿਰਗਲਪ ਕਹਾਣੀ ਸੰਗ੍ਰਹਿ, (ਸੋ ਦੁੱਖ ਕੈਸਾ ਪਾਵੈ: ਡਾ. ਗੋਬਿੰਦਰ ਸਿੰਘ ਸਮਰਾਓ) ਦੁਆਰਾ ਰਚਿੱਤ ਰਲੀਜ਼ ਕੀਤਾ ਗਿਆ। ਇਸ ਸੰਗ੍ਰਹਿ ਉਨ੍ਹਾਂ ਦੀਆਂ ਹੋਮਿਓਪੈਥੀ ਇਲਾਜ ਪ੍ਰਣਾਲੀ ਦੇ ਕ੍ਰਿਸ਼ਮਿਆਂ ਨੂੰ ਦਰਸਾਉਂਦੀਆਂ ਨਿਰਗਲਪ ਕਥਾਵਾਂ ਦਾ ਸੰਗ੍ਰਹਿ ਹੈ।

ਸਮਾਗਮ ਦੇ ਦੂਸਰੇ ਦੌਰ ਵਿੱਚ ਨਾਮਵਰ ਕਹਾਣੀਕਾਰ ਅਤੇ ਅਲੋਚਕ ਅਜਮੇਰ ਸਿੰਘ ਸਿੱਧੂ ਨੇ , 'ਨਿੱਗਰ ਖੰਭਾਂ ਦੀ ਉਡਾਣ,' (ਅਜੋਕੀ ਅਮਰੀਕੀ ਪੰਜਾਬੀ ਕਹਾਣੀ) ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆ ਕਿਹਾ ਕਿ ਜਦੋਂ ਅਸੀਂ ਅਮਰੀਕੀ ਪੰਜਾਬੀ ਕਹਾਣੀ ਦੇ ਵਿਕਾਸ ਤੇ ਨਿਗਾਹ ਮਾਰਦੇ ਹਾਂ ਤਾਂ ਪਹਿਲੇ ਕਹਾਣੀਕਾਰਾਂ ਦੇ ਮੁਕਾਬਲਤਨ ਹੁਣ ਦਾ ਕਹਾਣੀਕਾਰ: ਗੋਰਿਆਂ ਬਾਰੇ ਬਣੀਆਂ ਪੁਰਾਣੀਆਂ ਮਿਥਾਵਾਂ ਨੂੰ ਤੋੜਦਾ ਨਿਰੋਲ ਅਮਰੀਕੀ ਸਮਾਜ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕਰਦਾ, ਪਰਤਾਂ ਖੋਲ੍ਹਦਾ ਨਜ਼ਰ ਆਉਂਦਾ ਹੈ। ਗੀਤ ਸੰਗੀਤ ਅਤੇ ਕਵਿਤਾ ਦੇ ਦੌਰ ਵਿੱਚ ਕੈਲੀਫੋਰਨੀਆਂ ਦੇ ਸਰ-ਬੋਤਮ ਗੀਤਾਂ ਦੇ ਰਚਨਹਾਰ ਮੱਖਣ ਲੁਹਾਰ ਨੇ ਸਟੇਜ ਤੇ ਚੰਗਾ ਰੰਗ ਬੰਨਦਿਆਂ ਸੁਰੂਆਤ ਕੀਤੀ ।

ਨਰਿੰਦਰ ਨਵਲ ਨੇ ਆਪਣੀ ਕਵਿਤਾ, ' ਮੁੱਕ ਜਾਣਗੇ ਉਸ ਦਿਨ ਰੌਲੇ ਤੇ ਘਮਸਾਨ ਸਾਰੇ, ਮਿਲਣਗੇ ਜਿਸ ਦਿਨ ਨਫਰਤ ਨੂੰ ਜਵਾਬ ਕਰਾਰੇ। ਅਮਰਪਾਲ ਕੰਬੋਜ਼ , 'ਕਾਗਜ਼ ਉੱਤੇ ਉੱਕਰ ਕੇ ਜਜ਼ਬਾਤ ਲੈ ਆਇਆ, ਖੁੱਦ ਆਪਣੇ ਨਾਲ ਹੋ ਜਾਂਦੀ ਗੱਲਬਾਤ ਲੈ ਆਇਆ।

ਮਨਜੀਤ ਕੌਰ ਸੇਖੋਂ ਨੇ, ' ਮੈਨੂੰ ਅੰਬਰਾਂ 'ਚ ਉਚਾ ਉੱਡ ਲੈਣ ਦੇ, ਮੇਰੇ ਪੈਰੀਂ ਝਾਂਜਰਾਂ ਨਾ ਬੰਨ ਹਾਣੀਆ। ਮਨਰੀਤ ਗਰੇਵਾਲ ਨੇ ਦਰਦ ਭਰਿਆ ਬਿਰਹਾ ਦਾ ਗੀਤ, ' ਤੇਰੇ ਬਿਰਹਾ 'ਚ ਹੌਂਕਿਆਂ ਨਾਲ ਹੌਂਕੇ ਹੋ ਕੇ, ਕੀਤਾ ਅਸਾਂ ਯਾਦਾਂ ਦਾ ਸਿਮਰਣ ਰੋ ਰੋ ਕੇ।

ਸੁਣਾ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿਤੀਆਂ। ਇਸ ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ, ਮ੍ਰਿਗਇੰਦਰ ਪੰਧੇਰ, ਮੋਹਨਇੰਦਰ ਕੌਰ, ਬਲਵਿੰਦਰ ਢਿਲੋਂ,ਪਲਵਿੰਦਰ ਮੱਲੀ, ਪਰਮਜੀਤ ਭੁੱਟ, ਸੱਤਪਾਲ ਸਿੰਘ, ਸੁਖਦੇਵ ਸਿੰਘ ਅਤੇ ਹੋਰ ਪਤਵੰਤੇ ਸੱਜਣਾ ਨੇ ਭਾਗ ਲਿਆ। ਇਸ ਸਾਰੇ ਸਮਾਗਮ ਦੌਰਾਨ ਡਾ. ਰਵੀ ਸ਼ੇਰਗਿੱਲ ਨੇ ਦਿੱਲ ਖੋਲ੍ਹ ਕੇ ਮਹਿਮਾਨ ਨਿਵਾਜੀ ਕੀਤੀ ਅਤੇ ਪਹੁੰਚੇ ਸੱਜਣਾਂ ਦਾ ਧੰਨਵਾਦ ਕੀਤਾ।

**ਰਿਪੋਰਟਰ: ਹਰਜਿੰਦਰ ਪੰਧੇਰ**
**(ਫੋਨ : 209- 610- 5055)**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

# ਸ੍ਰੀ ਗੁਰੂ ਰਵਿਦਾਸ ਭਵਨ ਵਿਖੇ ਡਾ. ਰਵੀ ਕਾਂਤ ਪਾਲ ਦੀ ਅੰਤਿਮ ਅਰਦਾਸ

## ਅੰਬੇਡਕਰ ਮਿਸ਼ਨ ਨੂੰ ਨਾ ਪੂਰਿਆਂ ਹੋਣ ਵਾਲਾ ਘਾਟਾ ਪਿਆ: ਪ੍ਰੋ. ਕੌਲ








**ਜਲੰਧਰ–** ਡਾ. ਰਵੀ ਕਾਂਤ ਪਾਲ ਸਪੁੱਤਰ ਸ੍ਰੀ ਆਰ. ਸੀ. ਪਾਲ (ਰਿਟਾ. ਜੱਜ), 19 ਨਵੰਬਰ 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਭਵਨ, ਅਰਬਨ ਅਸਟੇਟ ਫੇਸ-2, ਜਲੰਧਰ ਵਿਖੇ ਆਯੋਜਿਤ ਕੀਤੀ ਗਈ। ਇਸ ਮੌਕੇ ਤੇ ਪੰਜਾਬ ਦੇ ਵਿਭਿੰਨ ਖੇਤਰਾਂ ਤੋਂ ਭਾਰੀ ਗਿਣਤੀ ਵਿਚ ਪਰਿਵਾਰਕ ਸਨੇਹੀ, ਰਿਸ਼ਤੇਦਾਰ, ਡਾਕਟਰ, ਵਕੀਲ ਅਤੇ ਰਾਜਨੀਤਿਕ ਆਗੂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨ ਲਈ ਸ਼ਾਮਲ ਹੋਏ। ਵੈਰਾਗਮਈ ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ ਉਪਰੰਤ ਡਾ. ਰਵੀ ਕਾਂਤ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੀ ਭਾਣਜੀ ਮੈਡਮ ਰਿਧਿਮਾ ਪਵਾਰ ਅਤੇ ਗੁਜਰਾਤ ਸਟੇਟ ਵਿਖੇ ਤਾਇਨਾਤ ਉਨ੍ਹਾਂ ਦੇ ਭਾਣਜੇ ਸ੍ਰੀ ਮਨਿੰਦਰ ਪਰਤਾਪ ਸਿੰਘ (ਆਈ. ਪੀ. ਐਸ.) ਨੇ ਆਪਣੇ ਬਚਪਨ ਤੋਂ ਜੁਆਨੀ ਤੱਕ ਉਨ੍ਹਾਂ ਸੰਗ ਬਿਤਾਏ ਯਾਦਗਾਰੀ ਪਲਾਂ ਅਤੇ ਨਿੱਘੀਆਂ ਯਾਦਾਂ ਨੂੰ ਭਾਵੁਕ ਸ਼ਬਦਾਂ ਦੁਆਰਾ ਸਾਂਝਾ ਕੀਤਾ।

ਡਾ. ਪਾਲ ਅਤੇ ਸਮੂਹ ਪਾਲ ਪਰਿਵਾਰ ਵੱਲੋਂ ਪੰਜਾਬ ਵਿਚ ਅੰਬੇਡਕਰ ਵਿਚਾਰਧਾਰਾ ਦੇ ਪਸਾਰ ਤੇ ਪ੍ਰਚਾਰ ਲਈ ਪਾਏ ਗਏ ਬਹੁਮੁੱਲੇ ਯੋਗਦਾਨ ਦਾ ਜ਼ਿਕਰ ਕਰਦਿਆਂ ਡਾ. ਜੀ. ਸੀ. ਕੌਲ, ਜਨਰਲ ਸਕੱਤਰ, ਅੰਬੇਡਕਰ ਭਵਨ ਟਰੱਸਟ ਨੇ ਕਿਹਾ ਕਿ ਡਾ. ਅੰਬੇਡਕਰ ਜੀ ਦੀ ਚਰਨ-ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ, ਜਲੰਧਰ ਦੀ ਮੁਢਲੀ ਉਸਾਰੀ ਵਿਚ ਐਡਵੋਕੇਟ ਸ੍ਰੀ ਸੀ. ਪਾਲ (ਰਿਟਾ. ਜੱਜ) ਅਤੇ ਉਨ੍ਹਾਂ ਦੇ ਸਪੁੱਤਰਾਂ ਮਰਹੂਮ ਡਾ. ਰਵੀ ਕਾਂਤ ਪਾਲ ਅਤੇ ਅਮਰੀਕਾ ਨਿਵਾਸੀ ਸ੍ਰੀ ਸ਼ਸ਼ੀ ਕਾਂਤ ਪਾਲ ਸਮੇਤ ਸ੍ਰੀ ਆਰ. ਪੀ. ਐਸ. ਪਵਾਰ (ਰਿਟਾ. ਆਈ. ਏ. ਐਸ.) ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉੱਘੇ ਅੰਬੇਡਕਰੀ ਚਿੰਤਕ ਮਰਹੂਮ ਸ੍ਰੀ ਐਲ. ਆਰ. ਬਾਲੀ ਜੀ ਦੀ ਰਹਿਨੁਮਾਈ ਹੇਠ ਪਾਲ ਪਰਿਵਾਰ ਸ਼ੁਰੂ ਤੋਂ ਹੀ ਅੰਬੇਡਕਰ ਭਵਨ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਨਾਲ ਜੁੜਿਆ ਰਿਹਾ ਹੈ। ਅੰਬੇਡਕਰ ਭਵਨ ਟਰੱਸਟ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਪੰਜਾਬ ਯੂਨਿਟ ਵੱਲੋਂ ਡਾ. ਰਵੀ ਕਾਂਤ ਪਾਲ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਡਾ. ਕੌਲ ਨੇ ਕਿਹਾ ਕਿ ਡਾ. ਰਵੀ ਕਾਂਤ ਦੇ ਦੇਹਾਂਤ ਨਾਲ ਪਾਲ ਪਰਿਵਾਰ ਅਤੇ ਉਨ੍ਹਾਂ ਦੇ ਸਨੇਹੀਆਂ ਸਮੇਤ ਅੰਬੇਡਕਰ ਮਿਸ਼ਨ ਨੂੰ ਨਾ ਪੂਰਿਆਂ ਹੋਣ ਵਾਲਾ ਘਾਟਾ ਪਿਆ ਹੈ। ਡਾ. ਪਾਲ ਬੜੇ ਹੀ ਮਿਹਨਤੀ, ਸੂਝਵਾਨ, ਸਾਊ ਅਤੇ ਮਾਹਿਰ ਡਾਕਟਰ, ਖੁਸ਼ਦਿਲ ਅਤੇ ਸ਼ਾਂਤ ਵਿਅਕਤਿਤਵ ਦੇ ਮਾਲਕ ਸਨ। ਇਸ ਦੁੱਖ ਭਰੇ ਸਮੇਂ ਅੰਬੇਡਕਰ ਭਵਨ ਪੂਰੀ ਤਰ੍ਹਾਂ ਪਾਲ ਪਰਿਵਾਰ ਦੇ ਨਾਲ ਹੈ। ਡਾ. ਪਾਲ ਜੀ ਦੇ ਛੋਟੇ ਵੀਰ ਸ੍ਰੀ ਸ਼ਸ਼ੀ ਕਾਂਤ ਪਾਲ (ਯੂ. ਐਸ. ਏ.) ਨੇ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਸਮੁੱਚੇ ਰਿਸ਼ਤੇਦਾਰਾਂ, ਸਨੇਹੀਆਂ ਅਤੇ ਮਿਸ਼ਨਰੀ ਸਾਥੀਆਂ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਨ੍ਹਾਂ ਦਾ ਪਰਿਵਾਰ ਪਹਿਲਾਂ ਵਾਂਗ ਹੀ ਸਮਾਜ-ਸੇਵੀ ਕੰਮਾਂ ਪ੍ਰਤੀ ਪੂਰੀ ਲਗਨ ਅਤੇ ਸਮਰਪਣ ਦੀ ਭਾਵਨਾ ਨਾਲ ਯਤਨਸ਼ੀਲ ਰਹੇਗਾ।

ਸ਼ਰਧਾਂਜਲੀ ਸਮਾਗਮ ਵਿਚ ਸਰਵਸ੍ਰੀ ਆਰ. ਪੀ. ਐਸ. ਪਵਾਰ, ਸੋਹਣ ਲਾਲ ਚੇਅਰਮੈਨ, ਰਮੇਸ਼ ਜੱਸਲ, ਡਾ. ਮਹਿੰਦਰ ਸੰਧੂ, ਐਡਵੋਕੇਟ ਕੁਲਦੀਪ ਭੱਟੀ, ਮੈਡਮ ਸੁਦੇਸ਼ ਕਲਿਆਣ, ਜਸਵਿੰਦਰ ਵਰਿਆਣਾ, ਪਰਮਿੰਦਰ ਖੁੱਤਣ, ਨਿਰਮਲ ਬਿੱਲੀ, ਅਵਿਨਾਸ਼ ਚੰਦਰ ਸਾਬਕਾ ਵਿਧਾਇਕ, ਮੋਹਨ ਲਾਲ ਕੁਲਥਮ, ਐਲ. ਆਰ. ਜੱਸੀ, ਅਮਰਜੀਤ ਪਾਲ, ਧੰਨਪਤ ਰੱਲ੍ਹ, ਸੰਦੀਪ ਮਹਿਮੀ, ਇੰਜੀ. ਸਿਮਰ ਸਿੰਘ, ਡਾ. ਬੀ. ਸੀ. ਪਾਲ ਸਮੇਤ ਭਾਰੀ ਗਿਣਤੀ ਵਿਚ ਡਾਕਟਰ ਅਤੇ ਵਕੀਲਾਂ ਨੇ ਸ਼ਿਰਕਤ ਕੀਤੀ।

*ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼ ਮਰਹੂਮ ਡਾ. ਰਵੀਕਾਂਤ ਪਾਲ ਦੇ ਸਦੀਵੀ ਵਿਛੋੜੇ 'ਤੇ ਸਨਿਮਰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਸਮੂਹ ਪਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ।*


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਗਲਾਸਗੋ 'ਚ ਪਹਿਲੀ ਵਾਰ ਸਜਾਇਆ ਗਿਆ ਗੁਰਪੁਰਬ ਨਗਰ ਕੀਰਤਨ, ਹਜਾਰਾਂ ਦੀ ਤਾਦਾਦ 'ਚ ਸੰਗਤਾਂ ਨੇ ਭਰੀ ਹਾਜ਼ਰੀ






**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ ਗਿਆ। ਐਲਬਰਟ ਡਰਾਈਵ ਗੁਰੂਘਰ ਤੋਂ ਨਗਰ ਕੀਰਤਨ ਦੀ ਸ਼ੁਰੂਆਤ ਕੀਤੀ ਗਈ, ਜਿਸਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਸੰਬੰਧੀ ਹੋਏ ਇਸ ਨਗਰ ਕੀਰਤਨ ਦੌਰਾਨ ਜਿੱਥੇ ਸਥਾਨਕ ਪੁਲਸ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ ਉੱਥੇ ਸੰਗਤਾਂ ਵੱਲੋਂ ਵੀ ਅਨੁਸਾਸ਼ਿਤ ਹੋਣ ਦਾ ਸਬੂਤ ਦਿੱਤਾ ਗਿਆ। ਨਗਾਰੇ ਦੀ ਚੋਟ ਦੂਰ ਦੂਰ ਤੱਕ ਸੁਣਾਈ ਦੇ ਰਹੀ ਸੀ। ਸੁੰਦਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਕੀਰਤਨੀਏ ਸਿੰਘ ਨਿਰੰਤਰ ਕੀਰਤਨ ਕਰ ਰਹੇ ਸਨ। ਪਿੱਛੇ ਚੱਲ ਰਹੀਆਂ ਸੰਗਤਾਂ ਕਿਧਰੇ ਜਾਪ ਕਰ ਰਹੀਆਂ ਸਨ, ਕਿਧਰੇ ਸ਼ਬਦ



ਗਾਇਨ ਕਰ ਰਹੀਆਂ ਸਨ। ਬੇਸ਼ੱਕ ਮੌਸਮ ਦਾ ਮਿਜਾਜ ਕੁਝ ਬਾਹਲਾ ਵਧੀਆ ਨਹੀਂ ਸੀ, ਹੱਡ ਜੋੜਨ ਵਾਲੀ ਠੰਢ ਦਾ ਮਾਹੌਲ ਸੀ ਪਰ ਦੁੱਧ ਚੁੰਘਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੇ ਬਹੁਤ ਹੀ ਉਤਸ਼ਾਹ ਨਾਲ ਇਸ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਗਈ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਬਾਬਾ ਬੁੱਢਾ ਦਲ ਗਲਾਸਗੋ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ, ਕਾਰੋਬਾਰੀ ਰੇਸ਼ਮ ਸਿੰਘ ਕੂਨਰ, ਜਿੰਦਰ ਸਿੰਘ ਚਾਹਲ, ਲਖਵੀਰ ਸਿੰਘ ਸਿੱਧੂ, ਤਜਿੰਦਰ ਸਿੰਘ ਭੁੱਲਰ, ਦੀਪ ਗਿੱਲ, ਤਰਸੇਮ ਕੁਮਾਰ, ਸਰਦਾਰ ਲਾਲੀ, ਇਕਬਾਲ ਸਿੰਘ ਕਲੇਰ, ਕੁਲਬੀਰ ਸਿੰਘ ਚੱਬੇਵਾਲ ਆਦਿ ਨੇ ਸੰਗਤਾਂ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ ਜਿਹਨਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਸਜਾਉਣ ਦਾ ਮੁੱਢ ਬੰਨ੍ਹਿਆ ਗਿਆ ਹੈ।

## ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦਾ ਬੇਕਰਸਫੀਲਡ ਪਹੁੰਚਣ ਤੇ ਨਿੱਘਾ ਸਵਾਗਤ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਅੱਜਕੱਲ੍ਹ ਅਮਰੀਕਾ ਫੇਰੀ ਤੇ ਆਏ ਹੋਏ ਹਨ ਤੇ ਉਹਨਾਂ ਦੀਆਂ ਭਰਵੀਆਂ ਮਹਿਫਲਾਂ ਹੋ ਰਹੀਆਂ ਹਨ। ਉਹਨਾਂ ਦਾ ਅਗਲਾ ਪ੍ਰੋਗਰਾਮ ਬੇਕਰਸਫੀਲਡ ਵਿੱਚ ਜਤਿੰਦਰ ਸਿੰਘ ਤੂਰ, ਗੋਪੀ ਤੂਰ ਅਤੇ ਪਿੰਡ ਖੋਸਾ ਕੋਟਲਾ ਦੇ ਪਤਵੰਤੇ ਸੱਜਣਾਂ ਵੱਲੋਂ 2 ਦਸੰਬਰ ਦਿਨ ਸ਼ਨੀਨਾਰ ਨੂੰ ਨਿਊ ਤਾਜ ਪੈਲਿਸ ਰੈਸਟੋਰੈਂਟ ਵਿੱਚ ਕਰਵਾਇਆ ਜਾ ਰਿਹਾ ਹੈ। ਪ੍ਰਸਿੱਧ ਰਿਐਲਟਰ ਜਤਿੰਦਰ ਤੂਰ ਅਤੇ ਗੋਪੀ ਤੂਰ ਹੋਰਾਂ ਵਲੋਂ ਰੱਖੇ ਪ੍ਰੋਗਰਾਮ ਦਾ ਬੇਕਰਸਫੀਲਡ ਵਿੱਚ ਮੰਗਲ ਹਠੂਰ ਦੀ ਸ਼ਾਇਰੀ ਨੂੰ ਪਸੰਦ ਕਰਨ ਵਾਲਿਆਂ ਵਿੱਚ ਭਾਰੀ ਉਤਸਾਹ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਕਿਊਬਿਕ (ਕਨੇਡਾ) ਦੇ ਸਹਿਰ ਮਾਂਟ੍ਰਿਆਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਗਿਆ







**ਸੰਤੋਖ ਜੱਸੀ (ਸਰਪੰਚ) ਕਨੇਡਾ ਤੋਂ**

**ਕਿਊਬਿਕ (ਕਨੇਡਾ)** ਸੂਬੇ ਦੇ ਸਹਿਰ ਮਾਂਟ੍ਰਿਆਲ ਵਿਖੇ ਬਣੇ ਸ੍ਰੀ ਗੁਰੂ ਰਵਿਦਾਸ ਟੈਂਪਲ ਗੁਰਬਾਣੀ ਸਾਗਰ ਦੀ ਨਵੀਂ ਬਣੀ ਵਿਸ਼ਾਲ ਇਮਾਰਤ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554 ਵਾਂਗ ਪ੍ਰਕਾਸ਼ ਪੁਰਬ ਬੜੀ ਸਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ। ਰਤਨ ਸਿੰਘ ਜਖੂ , ਸੇਵਾ ਸਿੰਘ ,ਸੰਸਾਰ ਚੰਦ ਰਾਣਾ , ਸਿਵ ਰਾਜ ਕਟਾਰੀਆ , ਲਾਲ ਚੰਦ ਅਤੇ ਸਮੂਹ ਮੈਂਬਰਾਂ ਦੀ ਯੋਗ ਅਗਵਾਈ ਵਿਚ ਬਹੁਤ ਹੀ ਸ਼ਾਨਦਾਰ ਪ੍ਰਬੰਧ ਕੀਤੇ ਗਏ। ਸੰਗਤ ਬੜੇ ਚਾਵਾਂ ਮਲਾਰਾਂ ਨਾਲ ਗੁਰੂ ਘਰ ਪਹੁੰਚੀ। ਸਵੇਰ ਤੋਂ ਲੈ ਕੇ ਸਾਮ 7 ਵਜੇ ਤਕ ਸੰਗਤਾਂ ਦਾ ਤਾਂਤਾ ਲਗਾ ਰਿਹਾ। ਗੁਰਬਾਣੀ ਦਾ ਪ੍ਰਵਾਹ ਸਾਰਾ ਦਿਨ ਚਲਦਾ ਰਿਹਾ। ਗੁਰੂ ਘਰ ਦੇ ਹੈਂਡ ਗ੍ਰੰਥੀ ਗਿਆਨੀ ਜਸਵੀਰ ਸਿੰਘ ਨੇ ਆਪਣੀ ਰਸਭਿੰਨੀ ਆਵਾਜ ਵਿੱਚ ਗੁਰੂ ਨਾਨਕ ਦੇਵ ਜੀ ਦੀ ਦਾ ਸਬਦ ਗਾਇਨ ਕੀਤਾ। ਪੰਜਾਬ (ਭਾਰਤ) ਤੌਂ ਆਏ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਨਿਰਦੇਸ਼ਕ ਸੋਢੀ ਰਾਣਾ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ।

ਉਹਨਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦਿਆਂ ਗੁਰ ਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਆਪਣਾ ਲਿਖਿਆ ਗੀਤ ਪੇਸ਼ ਕੀਤਾ ਤੇ ਆਪਣੀ ਅਤੇ ਕੁਲਪਰੀਤ ਰਾਣਾ ਦੀ ਪੁਸਤਕ ਵੀ ਕਮੇਟੀ ਨੂੰ ਭੇਂਟ ਕੀਤੀ ਗਈ। ਦੂਰ- ਦੁਰਾਡੇ ਤੋਂ ਸੰਗਤਾਂ ਹੁੰਮਾ ਕੇ ਪਹੁੰਚੀਆਂ। ਸਾਰਾ ਦਿਨ ਗੁਰੂ ਦਾ ਲੰਗਰ ਵੀ ਵਰਤਾਇਆ ਜਾਂਦਾ ਰਿਹਾ।

# ਸਿਲੀਕਾਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਸੈਂਟਾ ਕਲਾਰਾ–** ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ 2356- ਵਲਾਸ਼ ਐਵੇਨਿਊ, ਸੈਂਟਾ ਕਲਾਰਾ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ 'ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਰੋਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਵਿਚ ਤ੍ਰਿਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਬੀਬੀ ਬਲਵਿੰਦਰ ਕੌਰ, ਬਲਕਾਰ ਸਿੰਘ, ਬੀਬੀ ਲਖਵਿੰਦਰ ਕੌਰ, ਰਣਜੀਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਂਦਿਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਮਰੀਕੀ ਪੰਜਾਬੀ ਕਵੀਆਂ ਨੂੰ ਗੁਰਦੁਆਰਾ ਸਾਹਿਬ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲ੍ਹਾ ਸੱਦਾ ਹੈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ।

# ਡਾ. ਤੇ ਲੇਖਕ ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਡਾ. ਸਰਨਾ ਤੇ ਡਾ. ਗੁਮਟਾਲਾ ਵਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ– ਅਮਰੀਕਾ ਦੀ ਫਲੋਰਿਡਾ ਸਟੇਟ ਦੇ ਡੇਟੰਨਾ ਸ਼ਹਿਰ ਵਿੱਚ ਨਿਵਾਸ ਕਰਨ ਵਾਲੇ ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਡਾ. ਜਸਬੀਰ ਸਿੰਘ ਸਰਨਾ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਦੋਵਾਂ ਲੇਖਕਾਂ ਨੇ ਕਿਹਾ ਕਿ ਡਾ. ਕ੍ਰਿਪਾਲ ਸਿੰਘ ਦਾ ਜਨਮ 10 ਅਕਤੂਬਰ 1942 ਵਿੱਚ ਸ਼ਹਿਰ ਮੋਗਾ ਵਿਖੇ ਸ. ਹਰਚੰਦ ਸਿੰਘ ਦੇ ਗ੍ਰਹਿ ਵਿਖੇ ਬੀਬੀ ਜਗੀਰ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਪਿੱਛੇ ਆਪਣੀ ਸੁਪਤਨੀ ਫਿਲਸ, ਸਪੁੱਤਰੀਆਂ ਪ੍ਰਮਿੰਦਰ ਕੌਰ ਤੇ ਨਵਦੀਪ ਕੌਰ ਤੇ ਸਪੁੱਤਰ ਤੇਜਿੰਦਰ ਸਿੰਘ ਛੱਡ ਗਏ ਹਨ।



ਉਨ੍ਹਾਂ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮ ਬੀ ਬੀ ਐਸ ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਸਮਾਂ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਿੱਚ ਨੌਕਰੀ ਕੀਤੀ। ਫਿਰ ਉਹ ਇੰਗਲੈਂਡ ਚਲੇ ਗਏ ਤੇ ਉਥੋਂ ਉਹ ਅਮਰੀਕਾ ਦੇ ਆਈਓਵਾ ਸੂਬੇ ਦੇ ਕ੍ਰੈਸਟੋਨ ਸ਼ਹਿਰ ਵਿੱਚ ਬਤੌਰ ਮਨੋਵਿਗਿਆਨ (ਸਾਈਕੈਟਰਿਕ) ਡਾਕਟਰ ਪ੍ਰੈਕਟਿਸ ਕਰਨ ਲੱਗੇ। ਸੇਵਾ ਮੁਕਤੀ ਪਿਛੋਂ ਉਹ ਫਲੋਰਿਡਾ ਸੂਬੇ ਨੇ ਡੇਟੋਨਾ ਸ਼ਹਿਰ ਵਿੱਚ ਨਿਵਾਸ ਕਰਨ ਲੱਗੇ। ਜਿੱਥੇ ਉਹ ਸੰਖੇਪ ਬਿਮਾਰੀ ਪਿੱਛੋਂ 16 ਨਵੰਬਰ 2023 ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੀ ਦੇਹ ਨੂੰ ਪਰਿਵਾਰ ਵਲੋਂ ਉਨ੍ਹਾਂ ਦੀ ਇੱਛਾ ਅਨੁਸਾਰ ਮੈਡੀਕਲ ਖੋਜ ਲਈ ਮੈਡੀਕਲ ਰਿਸਰਚ ਸੰਸਥਾ ਨੂੰ ਦੇ ਦਿੱਤੀ ਗਈ।

ਉਹ ਜਿਥੇ ਚੰਗੇ ਡਾਕਟਰ ਸਨ, ਉਥੇ ਉਹ ਅਗਾਂਹ ਵਧੂ ਖਿਆਲਾਂ ਤੇ ਸਿਖ ਧਰਮ ਨਾਲ ਪ੍ਰਵਾਏ ਹੋਏ ਸਨ।ਉਹ ਸਿੱਖ ਧਰਮ ਸੰਬੰਧੀ ਹੁੰਦੇ ਵੈਬੀਕਾਰਾਂ ਤੇ ਟੀ ਵੀ ਪ੍ਰੋਗਰਾਮਾਂ ਵਿੱਚ ਹੁੰਦੀਆਂ ਬਹਿਸਾਂ ਵਿੱਚ ਵੀ ਭਾਗ ਲੈਂਦੇ ਸਨ। ਉਹ ਲੋੜਵੰਦ ਲੇਖਕਾਂ ਨੂੰ ਕਿਤਾਬਾਂ ਛਪਵਾਉਣ ਵਿੱਚ ਵੀ ਤੇ ਪਾਕਿਸਤਾਨ ਵਿੱਚ ਸਿੱਖ ਬੱਚਿਆਂ ਦੀ ਪੜਾਈ ਵਿੱਚ ਸਹਾਇਤਾ ਕਰਦੇ ਹੁੰਦੇ ਸਨ। ਉਨ੍ਹਾਂ ਨੇ ਪਾਕਿਸਤਾਨ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਕੁਝ ਪੁਸਤਕਾਂ ਉਰਦੂ ਵਿੱਚ ਛਪਵਾ ਕੇ ਮੁਫ਼ਤ ਵੰਡੀਆਂ। ਜਿਵੇਂ ਜ਼ਫ਼ਰਨਾਮਾ, ਤਵਾਰੀਖ ਬੱਬਰ, ਅਕਾਲੀ ਲਹਿਰ (ਸੰਪਾਦਕ ਬੀ ਐਸ ਨਿੱਜਰ), ਜਪੁਜੀ ਤੇ ਸੁਖਮਨੀ ਸਾਹਿਬ (ਲੇਖਕ ਖ਼ਵਾਜ਼ਾ ਦਿੱਲ ਮੁਹੰਮਦ ਐਮ ਏ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਲੇਵਾਲੀ (ਸੰਪਾਦਕ ਡਾ. ਏ ਐਸ ਔਲਖ), ਗੁਰੂ ਗ੍ਰੰਥ ਸਾਹਿਬ ਅਤੇ ਇਸਲਾਮ (ਇਤਿਹਾਸ ਤੇ ਸਿੱਖਿਆ) ਆਦਿ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਕੀਤੀ ਗਈ ਸਾਹਿਤਕ ਸੇਵਾ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।






# ਭਗਵੰਤ ਮਾਨ ਅਤੇ ਕੇਜਰੀਵਾਲ ਨੇ ਪੰਜਾਬ ਵਿੱਚ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਨੂੰ ਦਿਖਾਈ ਹਰੀ ਝੰਡੀ

**ਧੂਰੀ (ਸੰਗਰੂਰ), (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਦੇਸ਼ ਭਰ ਦੇ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਲਈ ਲੋਕਾਂ ਦੀ ਸਹੂਲਤ ਲਈ ਮੁਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਕੀਤੀ। ਅੱਜ ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 'ਮੁਖ ਮੰਤਰੀ ਤੀਰਥ ਯਾਤਰਾ ਸਕੀਮ' ਦੀ ਸ਼ੁਰੂਆਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਮਹਾਨ ਗੁਰੂ ਦੀਆਂ ਸਿੱਖਿਆਵਾਂ ਅਤੇ ਫਲਸਫੇ ਦੇ ਅਨੁਰੂਪ ਹੈ, ਜਿਨ੍ਹਾਂ ਨੇ ਸਰਬ-ਵਿਆਪਕਤਾ ਦਾ ਸੰਦੇਸ਼ ਦਿੱਤਾ ਸੀ। ਲੋਕਾਂ ਨੂੰ ਭਾਈਚਾਰਾ ਅਤੇ ਸ਼ਾਂਤੀ ਪਿਆਰ ਕਰੋ। ਉਨ੍ਹਾਂ ਕਿਹਾ ਕਿ ਸਮਾਜ ਦਾ ਇੱਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਦੇਸ਼ ਭਰ ਵਿੱਚ ਇਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਨ ਦੇ ਯੋਗ ਨਹੀਂ ਰਿਹਾ। ਉਧਰ, ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਦੇਸ਼ ਅਤੇ ਸੂਬੇ ਦੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਸਹੂਲਤ ਲਈ ਇਹ ਸਕੀਮ ਸ਼ੁਰੂ ਕੀਤੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਅੱਜ ਅੰਮ੍ਰਿਤਸਰ ਤੋਂ 300, ਜਲੰਧਰ ਤੋਂ 220 ਅਤੇ ਧੂਰੀ ਤੋਂ 500 ਤੋਂ ਵੱਧ ਸ਼ਰਧਾਲੂ ਇਸ ਰੇਲ ਗੱਡੀ ਰਾਹੀਂ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਗੇ। ਉਨ੍ਹਾਂ ਕਿਹਾ ਕਿ ਤਿੰਨ ਮਹੀਨਿਆਂ ਵਿੱਚ 50000 ਤੋਂ ਵੱਧ ਸ਼ਰਧਾਲੂ ਇਸ ਸਹੂਲਤ ਦਾ ਲਾਭ ਉਠਾਉਣਗੇ ਅਤੇ ਇਨ੍ਹਾਂ ਵਿੱਚੋਂ 13000 ਰੇਲ ਗੱਡੀਆਂ ਰਾਹੀਂ ਯਾਤਰਾ ਕਰਨਗੇ ਅਤੇ ਹਰ ਅੱਠ ਦਿਨਾਂ ਵਿੱਚ 13 ਟਰੇਨਾਂ 1000 ਯਾਤਰੀਆਂ ਨੂੰ ਲੈ ਕੇ ਰਵਾਨਾ ਹੋਣਗੀਆਂ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਬਾਕੀ ਬੱਸਾਂ ਰਾਹੀਂ ਸਫ਼ਰ ਕਰਨਗੇ, ਜਿਨ੍ਹਾਂ ਵਿੱਚ ਹਰ ਰੋਜ਼ 10 ਬੱਸਾਂ 43-43 ਵਿਅਕਤੀ ਲੈ ਕੇ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਡਾਕਟਰਾਂ, ਵਲੰਟੀਅਰਾਂ ਅਤੇ ਅਧਿਕਾਰੀਆਂ ਦੀ ਟੀਮ ਕਿਸੇ ਵੀ ਐਮਰਜੈਂਸੀ ਦੀ ਦੇਖਭਾਲ ਲਈ ਯਾਤਰੀਆਂ ਦੇ ਨਾਲ ਯਾਤਰਾ ਕਰੇਗੀ। ਉਨ੍ਹਾਂ ਕਿਹਾ ਕਿ ਯਾਤਰੀਆਂ ਦੇ ਆਉਣ ਤੋਂ ਪਹਿਲਾਂ ਸਾਰੀਆਂ ਸਹੂਲਤਾਂ ਦਾ ਧਿਆਨ ਰੱਖਣ ਲਈ ਅਧਿਕਾਰੀਆਂ ਦੀ ਇੱਕ ਉੱਨਤ ਟੀਮ ਭੇਜੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵੀ ਆਪਣੇ ਨਾਲ ਨੌਜਵਾਨ ਸੇਵਾਦਾਰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਪਹਿਲਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਇਸ ਸਕੀਮ ਨੂੰ ਦੁਹਰਾਇਆ ਹੈ, ਜਿਸ ਤਹਿਤ ਏ।ਸੀ। ਟਰਾਂਸਪੋਰਟ (ਨੇੜਲੀਆਂ ਮੰਜ਼ਿਲਾਂ ਲਈ ਬੱਸ ਅਤੇ ਦੂਰ ਦੀਆਂ ਮੰਜ਼ਿਲਾਂ ਲਈ ਰੇਲਗੱਡੀ) ਨਾਲ ਹੀ ਸ਼ਰਧਾਲੂਆਂ ਦੀ ਯਾਤਰਾ ਦੌਰਾਨ ਏ।ਸੀ। ਰਿਹਾਇਸ਼ ਅਤੇ ਭੋਜਨ ਮੁਹੱਈਆ ਕਰਵਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਰੇਲ ਗੱਡੀਆਂ ਰਾਹੀਂ ਸ਼ਰਧਾਲੂ ਸ੍ਰੀ ਹਜ਼ੂਰ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ, ਵਾਰਾਣਸੀ, ਮਥੁਰਾ, ਅਜਮੇਰ ਸ਼ਰੀਫ਼ ਆਦਿ ਨੂੰ ਜਾ ਸਕਣਗੇ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਬੱਸਾਂ ਰਾਹੀਂ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ, ਸ੍ਰੀ ਵੈਸ਼ਨੋ ਦੇਵੀ, ਮਾਤਾ ਚਿੰਤਪੁਰਨੀ ਜੀ, ਮਾਤਾ ਨੈਣਾ ਦੇਵੀ ਜੀ, ਮਾਤਾ ਜਵਾਲਾ ਜੀ, ਸਾਲਾਸਰ ਧਾਮ, ਖਾਟੂ ਸ਼ਿਆਮ ਦੇ ਦਰਸ਼ਨ ਕਰ ਸਕਣਗੇ। ਜੀ ਅਤੇ ਹੋਰ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਧਰਮ ਨਿਰਪੱਖ ਸੂਬਾ ਹੈ ਜਿੱਥੇ ਨਫ਼ਰਤ ਤੋਂ ਬਿਨਾਂ ਕੁਝ ਵੀ ਪੈਦਾ ਹੋ ਸਕਦਾ ਹੈ, ਉਨ੍ਹਾਂ ਕਿਹਾ ਕਿ ਇਹ ਭਾਈਚਾਰਕ ਸਾਂਝ, ਭਾਈਚਾਰਕ ਸਾਂਝ, ਪਿਆਰ ਅਤੇ ਸ਼ਾਂਤੀ ਦੀ ਧਰਤੀ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੇ ਇੱਕ ਹੋਰ ਪਹਿਲ ਕਦਮੀ ਕਰਦਿਆਂ ਲੋਕਾਂ ਤੱਕ ਘਰ-ਘਰ ਭੋਜਨ ਪਹੁੰਚਾਉਣ ਦੀ ਸ਼ੁਰੂਆਤ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 37000 ਤੋਂ ਵੱਧ ਸਰਕਾਰੀ ਨੌਕਰੀਆਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ ਦਿੱਤੀਆਂ ਹਨ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਸੂਬੇ ਵਿੱਚ 58000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋਇਆ ਹੈ ਅਤੇ ਇਸ ਨਾਲ ਨਿੱਜੀ ਖੇਤਰ ਵਿੱਚ 2198 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਕਰੀਆਂ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਜਾ ਰਹੀਆਂ ਹਨ ਅਤੇ ਉਹ ਵੀ ਨੌਜਵਾਨਾਂ ਦੀ ਯੋਗਤਾ ਦੇ ਆਧਾਰ 'ਤੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ 664 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ ਅਤੇ 100 ਤੋਂ ਵੱਧ ਲੋਕਾਂ ਨੂੰ ਸਮਰਪਿਤ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਬਹੁਗਿਣਤੀ ਘਰਾਂ ਨੂੰ ਮੁਫਤ ਬਿਜਲੀ ਦੇ ਰਹੀ ਹੈ ਅਤੇ ਆਮ ਆਦਮੀ ਚਾਹੇ ਸਨਅਤਕਾਰ, ਵਪਾਰੀ, ਖੇਤ ਮਜ਼ਦੂਰ ਜਾਂ ਹੋਰ ਲੋਕ ਹਿੱਤ ਵਿੱਚ ਕਈ ਲੋਕ ਪੱਖੀ ਫੈਸਲੇ ਲਏ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਸਕੂਲ ਆਫ ਐਮੀਨੈਂਸ ਸਥਾਪਿਤ ਕੀਤੇ ਗਏ ਹਨ ਅਤੇ ਸੂਬੇ ਦੇ ਸਕੂਲਾਂ ਵਿੱਚ ਬਿਜ਼ਨਸ ਬਲਾਸਟਰ ਸਕੀਮ ਨੂੰ ਸਫਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਦੇ ਚੰਗੇ ਸ਼ਾਸਨ ਦੇ ਤਜ਼ਰਬੇ ਨੂੰ ਸੂਬੇ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ ਕਿਉਂਕਿ ਇਹ ਲੋਕਾਂ ਦੇ ਹਿੱਤ ਵਿੱਚ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮਨੋਰਥ ਸੂਬੇ ਦੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ ਨਾ ਕਿ ਕਿਸੇ ਵਿਸ਼ੇਸ਼ ਪਰਿਵਾਰ ਦਾ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਉਹਨਾਂ ਦੇ ਪਰਿਵਾਰਕ ਮੈਂਬਰ ਹਨ ਅਤੇ ਉਹਨਾਂ ਦੀ ਸਰਕਾਰ ਦਾ ਹਰ ਕਦਮ ਸੂਬੇ ਅਤੇ ਇੱਥੋਂ ਦੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਕੋਲ ਸੂਬੇ ਵਿਰੁੱਧ ਉਠਾਉਣ ਲਈ ਕੋਈ ਮੁੱਦਾ ਨਹੀਂ ਹੈ ਅਤੇ ਉਹ ਵੱਖ-ਵੱਖ ਮੁੱਦਿਆਂ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਸ ਗੁੰਮਰਾਹਕੁੰਨ ਪ੍ਰਚਾਰ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਅਤੇ ਰੰਗਲਾ ਪੰਜਾਬ ਦੀ ਸਿਰਜਣਾ ਲਈ ਸੂਬਾ ਸਰਕਾਰ ਦੇ ਯਤਨਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿਚ ਲੋਕ ਸਰਵਉੱਚ ਹੁੰਦੇ ਹਨ ਅਤੇ ਸੂਬੇ ਨੂੰ ਦੇਸ਼ ਵਿਚ ਮੋਹਰੀ ਬਣਾਉਣ ਲਈ ਆਮ ਲੋਕਾਂ ਦਾ ਸਹਿਯੋਗ ਜ਼ਰੂਰੀ ਹੁੰਦਾ ਹੈ।

ਆਪਣੇ ਪੂਰਵਜਾਂ 'ਤੇ ਤੋਪਾਂ ਸਿਖਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਨੇ ਆਪਣੇ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਕੇ ਭਾਰੀ ਦੌਲਤ ਇਕੱਠੀ ਕਰਕੇ ਵੱਡੇ-ਵੱਡੇ ਮਹਿਲ ਉਸਾਰੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਹਿਲ ਪੈਲੇਸਾਂ ਦੀਆਂ ਕੰਧਾਂ ਉੱਚੀਆਂ ਹਨ ਅਤੇ ਦਰਵਾਜ਼ੇ ਆਮ ਤੌਰ 'ਤੇ ਲੋਕਾਂ ਲਈ ਬੰਦ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਲੋਕਾਂ ਦੀ ਪਹੁੰਚ ਤੋਂ ਅਵੇਸਲੇ ਰਹੇ, ਜਿਸ ਕਾਰਨ ਉਨ੍ਹਾਂ ਨੂੰ ਜਨਤਾ ਨੇ ਬਾਹਰ ਕਰ ਦਿੱਤਾ।

ਗੁਰਬਾਣੀ ਦੀ ਤੁਕ 'ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਹਵਾ (ਪਵਨ) ਨੂੰ ਗੁਰੂ ਨਾਲ, ਪਾਣੀ (ਪਾਣੀ) ਨੂੰ ਪਿਤਾ ਨਾਲ ਅਤੇ ਜ਼ਮੀਨ (ਧਰਤ) ਨੂੰ ਮਾਤਾ ਨਾਲ ਬਰਾਬਰ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਸੂਬੇ ਦੇ ਵਾਤਾਵਰਨ ਨੂੰ ਬਚਾਉਣ ਦਾ ਸੰਕਲਪ ਲੈ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੇ ਸੰਬੋਧਨ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ 'ਤੇ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਮਹਾਨ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਦਿੱਲੀ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਰਹੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਉਨ੍ਹਾਂ ਲੋਕਾਂ ਦੀ ਸਹੂਲਤ ਲਈ ਮਹੱਤਵਪੂਰਨ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ ਜੋ ਸਾਧਨਾਂ ਦੀ ਘਾਟ ਜਾਂ ਕਿਸੇ ਹੋਰ ਕਾਰਨ ਪਵਿੱਤਰ ਤੀਰਥਾਂ ਦੀ ਯਾਤਰਾ ਨਹੀਂ ਕਰ ਸਕਦੇ।

ਦਿੱਲੀ ਦੇ ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟਾਇਆ ਕਿ ਪਿਛਲੇ 75 ਸਾਲਾਂ ਵਿੱਚ ਕਦੇ ਵੀ ਕਿਸੇ ਸਰਕਾਰ ਨੇ ਲੋਕਾਂ ਦੀ ਸਹੂਲਤ ਲਈ ਇਹ ਸਕੀਮ ਸ਼ੁਰੂ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਦਿੱਲੀ ਵਿੱਚ ਹੁਣ ਤੱਕ 80,000 ਤੋਂ ਵੱਧ ਲੋਕ ਇਸ ਯੋਜਨਾ ਦਾ ਲਾਭ ਲੈ ਚੁੱਕੇ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਯੋਜਨਾ 'ਤੇ ਜੋ ਪੈਸਾ ਖਰਚ ਕੀਤਾ ਜਾ ਰਿਹਾ ਹੈ, ਉਹ ਪਹਿਲਾਂ ਆਪਣੇ ਸਮੁੰਦਰੀ ਗਤੀਵਿਧੀਆਂ 'ਤੇ ਖਰਚ ਕੀਤਾ ਗਿਆ ਸੀ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਿਹਤ, ਸਿੱਖਿਆ ਅਤੇ ਹੋਰ ਹਰ ਖੇਤਰ ਵਿੱਚ ਕ੍ਰਾਂਤੀ ਦੇਖ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮੁਫਤ ਇਲਾਜ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਰਾਜ ਦੇ 20,000 ਸਕੂਲਾਂ ਦੀ ਪੂਰੀ ਕਾਇਆ ਕਲਪ ਹੋ ਰਹੀ ਹੈ ਅਤੇ ਹੁਣ ਇਹ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਹ ਇਸ ਮੁਹਿੰਮ ਦਾ ਹਿੱਸਾ ਬਣ ਕੇ ਇਸ ਯੋਜਨਾ ਦੀ ਸ਼ੁਰੂਆਤ ਕਰ ਰਹੇ ਹਨ।

## ਚੀਨ 'ਚ ਆਈ ਨਵੀਂ ਬਿਮਾਰੀ, ਦੁਨੀਆਂ ਚੌਕੰਨੀ



**ਨਵੀਂ ਦਿੱਲੀ (ਬਿਊਰੋ)** ਅਜੇ ਕੁਝ ਸਮਾਂ ਪਹਿਲਾਂ ਹੀ ਦੁਨੀਆ ਨੇ ਕੋਰੋਨਾ ਮਹਾਮਾਰੀ ਤੋਂ ਛੁਟਕਾਰਾ ਪਾਇਆ ਸੀ ਪਰ ਹੁਣ ਇਕ ਵਾਰ ਫਿਰ ਗੁਆਂਢੀ ਦੇਸ਼ ਚੀਨ 'ਚ ਨਵੀਂ ਬਿਮਾਰੀ ਨੇ ਦਸਤਕ ਦੇ ਦਿੱਤੀ ਹੈ। ਚੀਨ ਵਿਚ ਫੈਲੀ ਇਸ ਰਹੱਸ-ਮਈ ਬਿਮਾਰੀ ਨੇ ਬੱਚਿਆਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। WHO ਵੀ ਚੀਨ ਦੀ ਇਸ ਬਿਮਾਰੀ ਨੂੰ ਲੈ ਕੇ ਸਖ਼ਤ ਹੋ ਗਿਆ ਹੈ ਅਤੇ ਇਸ ਬਿਮਾਰੀ ਨੂੰ ਲੈ ਕੇ ਪੂਰੀ ਨਜ਼ਰ ਰੱਖ ਰਿਹਾ ਹੈ।

ਚੀਨ ਵਿਚ ਫੈਲਣ ਵਾਲੀ ਨਵੀਂ ਬਿਮਾਰੀ ਦਾ ਨਾਂ ਨਿਮੋਨੀਆ (cihna pneumoina outbreak) ਦੱਸਿਆ ਜਾ ਰਿਹਾ ਹੈ। ਇਸ ਨਵੀਂ ਇਨਫੈਕਸ਼ਨ ਕਾਰਨ ਚੀਨ ਦੇ ਹਸਪਤਾਲਾਂ 'ਚ ਬੱਚਿਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਨਵੇਂ ਵਾਇਰਸ ਨੂੰ ਰਹੱਸਮਈ ਨਿਮੋਨੀਆ ਵਾਇਰਸ ਕਿਹਾ ਜਾ ਰਿਹਾ ਹੈ ਕਿਉਂਕਿ ਇਸ ਦੇ ਕੁਝ ਲੱਛਣ ਆਮ ਨਿਮੋਨੀਆ ਨਾਲ ਮਿਲਦੇ-ਜੁਲਦੇ ਹਨ ਤੇ ਕੁਝ ਵੱਖਰੇ ਵੀ ਹਨ।

## ਮਾਣ ਮੱਤਾ ਪੱਤਰਕਾਰ ਪੁਰਸਕਾਰ ਇਸ ਵਰ੍ਹੇ ਪ੍ਰਸਿੱਧ ਪੱਤਰਕਾਰ ਵਰਿੰਦਰ ਵਾਲੀਆ ਅਤੇ ਖੋਜ਼ੀ ਪੱਤਰਕਾਰ ਰਚਨਾ ਖਹਿਰਾ ਨੂੰ

**ਫਗਵਾੜਾ-** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ (ਰਜਿ:) ਪੰਜਾਬ, ਫਗਵਾੜਾ ਵਲੋਂ ਇਸ ਵਰ੍ਹੇ ਦਾ ਮਾਣ ਮੱਤਾ ਪੱਤਰਕਾਰ ਪੁਰਸਕਾਰ-2023, ਪ੍ਰਸਿੱਧ ਪੱਤਰਕਾਰ ਵਰਿੰਦਰ ਵਾਲੀਆ (ਜਲੰਧਰ)ਅਤੇ ਖੋਜ਼ੀ ਪੱਤਰਕਾਰ ਰਚਨਾ ਖਹਿਰਾ (ਚੰਡੀਗੜ੍ਹ) ਨੂੰ 9 ਦਸੰਬਰ 2023 ਨੂੰ ਫਗਵਾੜਾ ਵਿਖੇ ਪ੍ਰਦਾਨ ਕੀਤਾ ਜਾਏਗਾ।

ਪ੍ਰਿੰ: ਗੁਰਮੀਤ ਸਿੰਘ ਪਲਾਹੀ ਪ੍ਰਧਾਨ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਨੇ ਦੱਸਿਆ ਇਹ ਅੱਠਵਾਂ ਪੱਤਰਕਾਰ ਪੁਰਸਕਾਰ ਹੈ ਅਤੇ ਇਹ ਹਰ ਵਰ੍ਹੇ ਉਹਨਾ ਪੱਤਰਕਾਰਾਂ, ਫੀਲਡ ਪੱਤਰਕਾਰਾਂ ਨੂੰ ਦਿੱਤਾ ਜਾਂਦਾ ਹੈ, ਜਿਹੜੇ ਪੱਤਰਕਾਰੀ ਵਿੱਚ ਵਿਲੱਖਣ ਕੰਮ ਕਰਦੇ ਹਨ। ਪਿਛਲੇ ਸਾਲਾਂ ਵਿੱਚ ਇਹ ਪੁਰਸਕਾਰ ਅੰਤਰ-ਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਪ੍ਰੋ: ਜਸਵੰਤ ਸਿੰਘ ਗੰਡਮ, ਪਿਆਰਾ ਸਿੰਘ ਭੋਗਲ, ਠਾਕੁਰ ਦਾਸ ਚਾਵਲਾ, ਡਾ: ਸਵਰਾਜ ਸਿੰਘ, ਆਈ.ਪੀ. ਸਿੰਘ, ਡਾ: ਗਿਆਨ ਸਿੰਘ ਪਟਿਆਲਾ, ਅਵਤਾਰ ਸਿੰਘ ਸ਼ੇਰਗਿੱਲ, ਡਾ: ਐਸ.ਐਸ. ਛੀਨਾ, ਗੁਰਚਰਨ ਸਿੰਘ ਨੂਰਪੁਰ, ਸਤਨਾਮ ਸਿੰਘ ਮਾਣਕ, ਚਰਨਜੀਤ ਸਿੰਘ ਭੁੱਲਰ, ਉਜਾਗਰ ਸਿੰਘ, ਡਾ: ਸ਼ਿਆਮ ਸੁੰਦਰ ਦੀਪਤੀ ਨੂੰ ਸਾਲ-ਦਰ-ਸਾਲ ਦਿੱਤਾ ਗਿਆ। ਇਸ ਸਨਮਾਨ ਵਿੱਚ ਸਨਮਾਨ ਪੱਤਰ, ਦੁਸ਼ਾਲਾ, ਮੋਮੈਂਟੋ ਅਤੇ ਗਿਆਰਾ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ।



# 6 ਦਿਸੰਬਰ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਦਾ ਘਿਰਾਓ ਹੋਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐਨ ਐਲ ਓ) ਦੇ ਮੁਖੀ ਸ੍ਰੀ ਬਲਦੇਵ ਭਾਰਤੀ ਸਾਬਕਾ ਉਪ ਪ੍ਰਧਾਨ ਨਗਰ ਕੌਂਸਲ ਰਾਹੋਂ ਨੇ ਦੱਸਿਆ ਕਿ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਸਿਰਮੌਰ ਮੁਲਾਜ਼ਮ, ਮਜ਼ਦੂਰ, ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਵਲੋਂ 85ਵੀਂ ਸੰਵਿਧਾਨਕ ਸੋਧ ਜੂਨ 1995 ਤੋਂ ਲਾਗੂ ਕਰਨ, ਮਿਤੀ 10 ਅਕਤੂਬਰ 2014 ਦਾ ਮੁਲਾਜ਼ਮ ਮਾਰੂ ਗੈਰ ਸੰਵਿਧਾਨਕ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਦਿਆਂ ਇਸ ਪੱਤਰ ਦੇ ਆਧਾਰ ਤੇ ਵੱਖ ਵੱਖ ਵਿਭਾਗਾਂ ਦੇ 36000 ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਰਿਵਰਟ ਕੀਤੀਆਂ ਸੀਨੀਅਰਤਾ ਸੂਚੀਆਂ ਬਹਾਲ ਅਤੇ ਇਸ ਪੱਤਰ ਦੇ ਆਧਾਰ ਤੇ ਪੀ। ਈ। ਐਸ। ਅਧਿਕਾਰੀ, ਲੈਕਚਰਾਰ, ਹੈਡ ਮਾਸਟਰ, ਐਚ।ਟੀ।,ਸੀ।ਐਚ। ਟੀ। ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਪ੍ਰਮੋਟ ਕਰਨ, ਸਮੁੱਚੇ ਵਿਭਾਗਾਂ ਵਿੱਚ ਕਾਡਰਜ ਲਈ ਤਰੱਕੀ ਕੋਟਾ 75% ਕਰਨ, ਸਲਾਨਾ ਬੱਜਟ ਵਿੱਚ ਐਸ।ਸੀ।/ਬੀ।ਸੀ। ਸ਼੍ਰੇਣੀਆਂ ਦੀ ਆਬਾਦੀ ਅਨੁਸਾਰ ਵੱਖਰੇ ਭਲਾਈ ਫੰਡ ਜਾਰੀ ਕਰਨ, ਭਰਤੀਆਂ ਅਤੇ ਤਰੱਕੀਆਂ ਵਿੱਚ ਐਸ। ਸੀ। ਲਈ 40% ਅਤੇ ਬੀ। ਸੀ। ਲਈ 27% ਰਾਖਵਾਂਕਰਨ ਦੇਣ, ਬੈਕਲਾਗ ਪੂਰਾ ਕਰਨ, ਠੇਕਾ ਅਧਾਰਿਤ, ਆਊਟਸੋਰਸ, ਡੇਲੀਵੇਜਿਜ, ਮਨਰੇਗਾ ਕਰਮਚਾਰੀ, ਉਸਾਰੀ ਕਿਰਤੀ ਭਲਾਈ ਬੋਰਡ ਦੇ ਕਰਮਚਾਰੀ, ਕਰੈਚ ਵਰਕਰ, ਮਿਡ ਡੇ ਮੀਲ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਅਤੇ ਹੈਲਪਰ ਅਤੇ ਪੈਰਾ ਮੈਡੀਕਲ ਸਟਾਫ ਨੂੰ ਸਬੰਧਿਤ ਵਿਭਾਗਾਂ ਵਿੱਚ ਰੈਗੂਲਰ ਕਰਨ, 2002 ਤੋਂ ਸਮੂਹ ਵਿਭਾਗਾਂ ਵਿੱਚ ਲੱਗਭੱਗ 40000 ਫਰੀਜ ਕੀਤੀਆਂ ਪੋਸਟਾਂ ਦੀ ਬਹਾਲੀ ਅਤੇ ਭਰਤੀ ਕਰਨ, ਸਿੱਖਿਆ ਵਿਭਾਗ ਅਤੇ ਖੇਤੀਬਾੜੀ ਵਿਭਾਗ ਵਿੱਚ ਕੀਤੀਆਂ ਜਾ ਰਹੀਆਂ ਬੇ-ਨਿਯਮੀਆਂ ਬੰਦ ਕਰਨ, ਮਨਰੇਗਾ ਮਜ਼ਦੂਰਾਂ ਅਤੇ ਮੇਟਾਂ ਨੂੰ 'ਘੱਟੋ-ਘੱਟ ਉੱਜਰਤ ਕਾਨੂੰਨ-1948' ਅਨੁਸਾਰ ਬਣਦੀ ਮਜ਼ਦੂਰੀ ਅਤੇ ਸਾਲ ਦੇ 365 ਦਿਨ ਰੋਜ਼ਗਾਰ ਦੇਣ, ਘਰੇਲੂ ਮਜ਼ਦੂਰਾਂ ਲਈ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਯੋਗ ਨੀਤੀ ਬਣਾਉਣ, ਮਨਰੇਗਾ ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕਰਨ, ਮਜ਼ਦੂਰਾਂ ਦੇ ਸਰਕਾਰੀ ਅਤੇ ਸਹਿਕਾਰੀ ਬੈਂਕਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਡੰਮੀ ਬੋਲੀਆਂ ਬੰਦ ਕਰਕੇ ਕਾਨੂੰਨ ਅਨੁਸਾਰ ਪੰਚਾਇਤੀ ਜਮੀਨਾਂ ਦਾ 1/3 ਹਿੱਸਾ ਦਲਿਤਾਂ ਨੂੰ ਦੇਣ, ਲੈਂਡ ਸੀਲਿੰਗ ਦੀ ਹੱਦਬੰਦੀ ਤੋਂ ਵਾਧੂ ਗੈਰ-ਕਾਨੂੰਨੀ ਜਮੀਨ ਬੇਜ਼ਮੀਨੇ, ਥੁੜ ਜਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਵੰਡਣ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਡਰਾਪ ਆਊਟ ਹੋਏ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰਨ ਵਾਲੀਆਂ ਸੰਸਥਾਵਾਂ ਅਤੇ ਅਧਿਕਾਰੀਆਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨ, ਚੋਣ ਵਾਅਦਿਆਂ ਮੁਤਾਬਕ ਰੋਜ਼ਗਾਰ ਜਾਂ 3500/- ਰੁ ਮਾਸਿਕ ਬੇਰੁਜ਼ਗਾਰੀ ਭੱਤਾ ਅਤੇ ਔਰਤਾਂ ਨੂੰ 1000/- ਮਾਸਿਕ ਵਿੱਤੀ ਸਹਾਇਤਾ ਦੇਣ ਅਤੇ ਬੇਘਰੇ ਲੋਕਾਂ ਲਈ ਪਲਾਟਾਂ ਅਤੇ ਰਿਹਾਇਸ਼ਾਂ ਦਾ ਪ੍ਰਬੰਧ ਕਰਨ ਦੀ ਪੁਰਜੋਰ ਮੰਗ ਕੀਤੀ ਜਾ ਰਹੀ ਹੈ। ਭਾਰਤੀ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਮੰਗਾਂ ਸਬੰਧੀ ਗੱਲਬਾਤ ਲਈ ਸਮਾਂ ਦੇ ਕੇ ਲਗਾਤਾਰ ਟਾਲਮਟੋਲ ਕਰ ਰਹੀ ਹੈ।



# ਨਿਊਜ਼ੀਲੈਂਡ ਸਿੱਖ ਖੇਡਾਂ ਦੇ ਉਦਘਾਟਨ ਮੌਕੇ 'ਪੰਜਾਬੀ ਵਿਚ ਲਿਖੀ' ਯਾਦਗਾਰੀ ਡਾਕ ਟਿਕਟ ਜਾਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦਾ ਅੱਜ ਬਹੁਤ ਹੀ ਸੋਹਣਾ









ਉਦਘਾਟਨੀ ਸਮਾਰੋਹ ਹੋਇਆ। ਉਦਘਾਟਨ ਤੋਂ ਪਹਿਲਾਂ ਨਿਊਜ਼ੀਲੈਂਡ ਦਾ ਰਾਸ਼ਟਰੀ ਗੀਤ ਅਤੇ ਭਾਰਤ ਦਾ ਰਾਸ਼ਟਰੀ ਗੀਤ ਗਾਇਆ ਗਿਆ। ਸਿੱਖ ਬੱਚਿਆਂ ਦੀ ਅਗਵਾਈ ਦੇ ਵਿਚ ਬੱਚਿਆਂ ਨੇ ਖੇਡਾਂ ਦੇ ਝੰਡੇ ਫੜ ਕੇ ਖਿਡਾਰੀਆਂ ਦੇ ਨਾਲ ਮਾਰਚ ਪਾਸਟ ਕੀਤਾ। ਪਾਪਾਕੁਰਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਜੂਠਿਤ ਕੌਲਿਨ, ਹਲਕਾ ਟਾਕਾਨੀਨੀ ਤੋਂ ਸਾਂਸਦ ਰੀਮਾ ਨਾਖਲੇ, ਸਾਂਸਦ ਮਲੀਸ਼ਾ, ਸਾਂਸਦ ਪਰਮਜੀਤ ਪਰਮਾਰ, ਕੌਂਸਲਰ ਡੇਨੀਅਲ, ਸਾਬਕਾ ਸਾਂਸਦ ਸ। ਕੰਵਲਜੀਤ ਸਿੰਘ ਬਖਸ਼ੀ ਸਮੇਤ ਕਮਿਊਨਿਟੀ ਤੋਂ ਆਗੂ ਪਹੁੰਚੇ। ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ। ਸ। ਪਰਮਿੰਦਰ ਸਿੰਘ ਪਾਪਾਟੋਏਟੋਏ, ਸ੍ਰੀ ਨਵਤੇਜ ਰੰਧਾਵਾ ਅਤੇ ਸ। ਤਾਰਾ ਸਿੰਘ ਬੈਂਸ ਨੇ ਸੰਗਤ ਨੂੰ ਸੰਬੋਧਨ ਕੀਤਾ ਅਤੇ ਸਟੇਜ ਸੰਚਾਲਨ ਕੀਤਾ। ਨਿਊਜ਼ੀਲੈਂਡ ਸਿੱਖ ਖੇਡਾਂ ਦੇ ਪ੍ਰਧਾਨ ਸ।ਦਲਜੀਤ ਸਿੰਘ ਸਿੱਧੂ ਹੋਰਾਂ ਨੇ ਉਦਘਾਟਨੀ ਭਾਸ਼ਣ ਦਿੱਤਾ। ਇਸ ਮੌਕੇ ਸਿੱਖ ਖੇਡਾਂ ਦੇ ਪੰਜ ਸਾਲ ਪੂਰੇ ਹੋਣ ਉਤੇ ਇਕ ਯਾਦਗਾਰੀ ਡਾਕ ਟਿਕਟ ਵੀ ਜਾਰੀ ਕੀਤੀ ਗਈ। ਪੰਜਾਬੀ ਹੈਰਲਡ ਤੋਂ ਸ। ਹਰਜਿੰਦਰ ਸਿੰਘ ਬਸਿਆਲਾ ਦੇ ਉਦਮ ਸਦਕਾ ਇਹ ਡਾਕ ਟਿਕਟ ਪੰਜਾਬੀ ਮੀਡੀਆ ਦੀ ਤਰਫ਼ ਤੋਂ ਜਾਰੀ ਕੀਤੀ ਗਈ।

ਇਸ ਤੋਂ ਪਹਿਲਾਂ ਸਵੇਰ ਤੋਂ ਹੀ ਇਨ੍ਹਾਂ ਪੰਜਵੀਆਂ ਸਿੱਖ ਖੇਡਾਂ ਵਿਚ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਸਵੇਰੇ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਦੀ ਟੀਮ ਨੇ ਲੰਗਰ ਦੀ ਡਿਊਟੀ ਸਾਂਭ ਲਈ। ਸਟੇਜ ਸੰਚਾਲਨ ਸ। ਪਰਮਿੰਦਰ ਸਿੰਘ, ਸ। ਸ਼ਰਨਦੀਪ ਸਿੰਘ, ਗੁਰਿੰਦਰ ਆਸੀ, ਰਾਜਨ ਰਾਂਝਾ, ਹਰਜੀਤ ਕੌਰ, ਗੁਰਪ੍ਰੀਤ ਕੌਰ, ਹਰਮੀਕ, ਐਨ। ਵੀ। ਸਿੰਘ, ਸੁਰਿੰਦਰ ਗਰਚਾ ਅਤੇ ਹੋਰ ਕਈ ਵੀਰਾਂ ਭੈਣਾ ਨੇ ਕੀਤਾ। ਕਬੱਡੀ ਮੈਚ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੀ ਤਰਫ ਤੋਂ ਪਹਿਲੇ ਦਿਨ ਦੇ ਕਰਵਾਏ ਗਏ ਜਿਨ੍ਹਾਂ ਦੇ ਅੰਤਿਮ ਮੁਕਾਬਲੇ ਕੱਲ੍ਹ ਹੋਣੇ ਹਨ। ਆਸਟਰੇਲੀਆ ਤੋਂ ਖਿਡਾਰੀ ਅਤੇ ਦਰਸ਼ਕ ਪਹੁੰਚੇ ਹੋਏ ਹਨ ਜਿਨ੍ਹਾਂ ਵਿਚ ਮੀਡੀਆ ਸਖਸ਼ੀਅਤਾਂ ਪ੍ਰਭਜੋਤ ਸੰਧੂ, ਹਰਜੀਤ ਲਸਾੜਾ, ਬਿੱਕਰ ਬਾਈ, ਸੁਰਜੀਤ ਸੰਧੂ, ਮਨਿੰਦਰ ਬਰਾੜ, ਹਰਮਨ ਗਿੱਲ, ਬਲਜੀਤ ਬਾਠ, ਗੁਰਬੰਸ ਭੰਗੂ ਤੇ ਅਰਮਿੰਦਰ ਵੜਿੰਗ ਸ਼ਾਮਿਲ ਹਨ। ਦਸਤਾਰ ਕੈਂਪ ਦੇ ਵਿਚ ਲੋਕ ਦਸਤਾਰਾਂ ਸਜਾ ਰਹੇ ਹਨ। ਸ। ਕੁਲਦੀਪ ਸਿੰਘ ਰਾਜਾ ਹੋਰਾਂ ਦੇ ਪਰਿਵਾਰ ਵੱਲੋਂ ਪੱਗਾਂ ਦੇ ਥਾਨ ਪਹੁੰਚਾਏ ਗਏ ਹਨ। ਇੰਡੀਆ ਤੋਂ ਵੀਰ ਗੁਰਜੀਤ ਸਿੰਘ ਜੋ ਕਿ ਅੰਤਰਰਾਸ਼ਟਰੀ ਦਸਤਾਰ ਕੋਚ ਹਨ, ਵੀ ਪਹੁੰਚੇ ਹੋਏ ਹਨ।

ਇੰਡੀਅਨ ਵਾਰਡਨ ਵਲੰਟੀਅਰਜ਼ ਵੀ ਸ। ਕਰਨੈਲ ਸਿੰਘ ਜੇ.ਪੀ. ਹੋਰਾਂ ਦੀ ਅਗਵਾਈ 'ਚ ਪੂਰੇ ਐਕਸ਼ਨ ਵਿਚ ਹਨ। ਵਲੰਟੀਅਰਜ਼ ਦੇ ਵਿਚ ਮਨਜੀਤ ਸਿੰਘ, ਸਤਨਾਮ ਸਿੰਘ, ਤਜਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਉਨ੍ਹਾਂ ਦਾ ਸਾਥ ਦੇ ਰਹੇ ਹਨ। ਹਮਿਲਟਨ ਸ਼ਹਿਰ ਤੋਂ ਸ। ਜਰਨੈਲ ਸਿੰਘ ਰਾਹੋਂ ਹੋਰੀਂ ਬੱਸ ਭਰਕੇ ਪਹੁੰਚੇ।

# ਬੀਰ ਸਿੰਘ ਵੱਲੋਂ ਉਚ ਗਾਇਕ ਕਲਾਕਾਰਾਂ ਦੀ ਆਵਾਜ਼ ਵਿਚ ਸਾਂਝਾ ਗੀਤ 'ਪੂਰਬ ਮੁਬਾਰਿਕ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਪੁਰਬ 27 ਨਵੰਬਰ ਨੂੰ ਦੇਸ਼-ਵਿਦੇਸ਼ 'ਚ ਮਨਾਇਆ ਜਾ ਰਿਹਾ ਹੈ। ਹਰ ਸਾਲ ਜਿੱਥੇ ਗੁਰਬਾਣੀ ਦੀਆਂ ਨਵੀਂਆਂ ਐਲਬਮਾਂ ਆਉਂਦੀਆਂ ਹਨ ਉਥੇ ਗਾਇਕ ਕਲਾਕਾਰ ਵੀ ਇਸ ਮੌਕੇ ਆਪਣੀ ਹਾਜ਼ਰੀ ਲਗਵਾਉਂਦਿਆਂ ਧਾਰਮਿਕ ਗੀਤ ਪੇਸ਼ ਕਰਦੇ ਹਨ। ਜਦੋਂ ਇਕ ਫੁੱਲ ਦੀ ਥਾਂ ਫੁੱਲਾਂ ਦਾ ਗੁਲਦਸਤਾ ਹੋਵੇ ਤਾਂ ਸੁਗੰਧੀ ਜਿੱਥੇ ਬਹੁ-ਮਾਤਰਾ ਵਿਚ ਫੈਲਦੀ ਹੈ ਉਥੇ ਹਰ ਰੰਗ ਆਪਣੀ ਵੱਖਰੀ ਮਹਿਕ ਨਾਲ ਵਾਤਾਵਰਣ ਨੂੰ ਹੋਰ ਖੁਸ਼ਗਵਾਰ ਬਣਾ ਦਿੰਦਾ ਹੈ। ਇਕ ਅਜਿਹਾ ਹੀ ਧਾਰਮਿਕ ਗੀਤ 'ਰਸ ਅੰਮ੍ਰਿਤ ਸਟੂਡੀਓ ਅਤੇ ਬੀਰ ਸਿੰਘ' ਹੋਰਾਂ ਵੱਲੋਂ ਪੇਸ਼ ਕੀਤਾ ਗਿਆ ਹੈ ਜਿਸ ਦਾ ਨਾਂਅ



ਹੈ 'ਪੂਰਬ ਮੁਬਾਰਿਕ'। ਇਸ ਧਾਰਮਿਕ ਗੀਤ ਨੂੰ ਉਚ ਕੋਟੀ ਦੇ ਗਾਇਕਾਂ ਦਲੇਰ ਮਹਿੰਦੀ, ਗਾਇਕਾ ਹਰਸ਼ਦੀਪ, ਜਸਵੀਰ ਜੱਸੀ, ਰਾਜਵੀਰ ਜਵੰਦਾ, ਬੀਰ ਸਿੰਘ, ਜੀ ਖਾਨ ਨੇ ਗਾਇਆ ਹੈ। ਗੁਰਪ੍ਰੀਤ ਘੁੱਗੀ ਨੇ ਇਸ ਗੀਤ ਦੀ ਵੀਡੀਓ ਦੇ ਵਿਚ ਬਹੁਤ ਸੋਹਣਾ ਕਿਰਦਾਰ ਨਿਭਾਇਆ ਹੈ। ਨਿਊਜ਼ੀਲੈਂਡ ਨੂੰ ਇਸ ਗੱਲ ਦਾ ਮਾਣ ਰਹੇਗਾ ਕਿ ਇਸ ਗੀਤ ਦੇ ਵਿਚ ਭਾਈ ਯਾਦਵਿੰਦਰ ਸਿੰਘ ਹੋਰਾਂ ਦੀ ਬੇਟੀ ਅੰਮ੍ਰਿਤਾ ਕੌਰ ਨੇ ਵੀ ਆਪਣੀ ਆਵਾਜ਼ ਦਿੱਤੀ ਹੈ। ਇਸ ਧਾਰਮਿਕ ਗੀਤ ਦਾ ਸੰਗੀਤ ਮੰਨਾ ਸਿੰਘ ਨੇ ਤਿਆਰ ਕੀਤਾ ਹੈ ਜਦ ਕਿ ਗੀਤ ਦੇ ਬੋਲ ਤੇ ਤਰਜ਼ ਲਿਖੀ ਹੈ ਸ। ਬੀਰ ਸਿੰਘ ਨੇ।

# ਨਿਊਜ਼ੀਲੈਂਡ 'ਚ ਪੰਜਾਬੀਅਤ ਦਾ ਛੱਟਾ ਦੇਣ ਵਾਲੇ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਦਾ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅਕਾਲ ਫਾਊਂਡੇਸ਼ਨ ਨਿਊਜ਼ੀਲੈਂਡ ਅਤੇ ਐਸ। ਬੀ. ਐਸ. ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਵੱਲੋਂ ਮੀਡੀਆ ਸਖ਼ਸ਼ੀਅਤ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਅੰਬੈਸਡਰ ਅਤੇ ਸਰਕਾਰੀ ਅਦਾਰਿਆਂ ਦੇ ਵਿਚ ਕਮਿਊਨਿਟੀ ਸਲਾਹਕਾਰ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾ ਰਿਹਾ ਹੈ। ਸ. ਤੀਰਥ ਸਿੰਘ ਅਟਵਾਲ ਅਤੇ ਸ. ਰਘਬੀਰ ਸਿੰਘ ਸ਼ੇਰਗਿੱਲ ਜੇ.ਪੀ. ਹੋਰਾਂ ਦੱਸਿਆ ਕਿ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੂੰ ਲਗਪਗ ਦੋ ਦਹਾਕਿਆਂ ਦਾ ਸਮਾਂ ਇਥੇ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਦੱ ਛੱਟਾ ਦਿੰਦਾ ਹੋ ਗਿਆ ਹੈ।



ਕਮਿਊਨਿਟੀ ਰੇਡੀਓ ਹੋਵੇ, ਹਿੰਦੀ ਰੇਡੀਓ ਚੈਨਲ ਹੋਵੇ ਜਾਂ ਫਿਰ ਪੰਜਾਬੀਆਂ ਦਾ ਆਪਣਾ 24 ਘੰਟੇ ਚੱਲਣ ਵਾਲਾ ਰੇਡੀਓ 'ਰੇਡੀਓ ਸਪਾਈਸ' ਹੋਵੇ, ਸ। ਪਰਮਿੰਦਰ ਸਿੰਘ ਨੇ ਪੰਜਾਬੀ ਭਾਸ਼ਾ ਦੀ ਰਵਾਨਗੀ ਦੇ ਵਿਚ ਦੇਸ਼-ਵਿਦੇਸ਼ ਦੇ ਨਾਲ ਇਥੇ ਵਸਦੇ ਪੰਜਾਬੀਆਂ ਦੀ ਸਾਂਝ ਪਵਾਈ ਹੈ। ਪੰਜਾਬੀ ਸਭਿਆਚਾਰ ਦੀ ਗੱਲ ਚਾਹੇ ਕਮਿਊਨਿਟੀ ਵਿਚ ਹੋਵੇ, ਚਾਹੇ ਨਿਊਜ਼ੀਲੈਂਡ ਪੁਲਿਸ ਦੇ ਵਿਚ ਹੋਵੇ ਭੰਗੜੇ ਦੀਆਂ ਰਮਜ਼ਾ ਵੰਡਣ ਵਿਚ ਇਸਨੇ ਬਾਟਾ ਭਰੀ ਹੀ ਰੱਖਿਆ ਹੈ। ਮਾਓਰੀ ਭਾਸ਼ਾ ਦੀ ਜਾਣਕਾਰੀ ਰੱਖਕੇ ਅਤੇ ਫਿਰ ਔਕਲੈਂਡ ਕੌਂਸਿਲ ਦੇ ਵਿਚ ਸਲਾਹਕਾਰ ਵਜੋਂ ਨਿਯੁਕਤ ਹੋਣ ਉਤੇ ਉਸਨੇ ਕਈ ਕਮਿਊਨਿਟੀ ਕਾਰਜਾਂ ਨੂੰ ਬੰਦ ਕਮਰਿਆਂ ਦੀ ਮੀਟਿੰਗ ਵਿਚ ਸੁਲਝਾਇਆ ਹੈ।

ਮਾਹਿਲਪੁਰ ਜਨਮੇ, ਜੱਦੀ ਪਿੰਡ ਸਤੌਰ ਜ਼ਿਲਾ ਹੁਸ਼ਿਆਰਪੁਰ ਤੋਂ ਉਚੇਰੀ ਪੜ੍ਹਾਈ ਵਾਸਤੇ ਅਤੇ ਰੁਜ਼ਗਾਰ ਵਾਸਤੇ ਉਹ ਪਹਿਲਾਂ ਪਹਿਲ 1997 ਵਿਚ ਆਸਟਰੇਲੀਆ ਪਹੁੰਚੇ। ਰੇਲਵੇ ਵਿਭਾਗ ਦੇ ਵਿਚ ਪਹਿਲੇ ਪਗੜੀਧਾਰੀ ਸੁਰੱਖਿਆ ਅਫ਼ਸਰ ਬਣੇ। ਕੰਮ ਕਾਰ ਕਰਦਿਆਂ-ਕਰਦਿਆਂ ਆਪਣੀ ਮਕੈਨੀਕਲ ਇੰਜੀਨੀਅਰਿੰਗ ਦੀ ਮੁਹਾਰਿਤ ਦੇ ਅਧਾਰ ਉਤੇ ਉਹ 2001 ਦੇ ਵਿਚ ਨਿਊਜ਼ੀਲੈਂਡ ਪਹੁੰਚੇ। ਇਸ ਤੋਂ ਬਾਅਦ ਹੌਲੀ-ਹੌਲੀ ਪੈਰ ਜਮਾਦਿਆਂ ਰੇਡੀਓ ਦੇ ਨਾਲ ਜੁੜੇ ਅਤੇ ਅੱਜ ਤੱਕ ਇਹ ਸਾਂਝ ਬਰਕਰਾਰ ਹੈ। 2005 ਦੇ ਵਿਚ ਉਹ ਨਿਊਜ਼ੀਲੈਂਡ ਭੰਗੜੇ ਦੀ ਪ੍ਰਤੀਨਿਧਤਾ ਕਰਦਿਆਂ ਕੈਨੇਡਾ ਵਰਲਡ ਕੱਪ ਦੇ ਵਿਚ ਗਏ ਅਤੇ ਕਾਂਸੀ ਦਾ ਤਮਗਾ ਜਿਤਿਆ। ਅਖ਼ਬਾਰ ਨਵੀਸੀ ਕਰਦਿਆਂ ਉਹ ਕਈ ਦੇਸ਼-ਵਿਦੇਸ਼ ਦੀਆਂ ਅਖਬਾਰਾਂ ਨਾਲ ਜੁੜੇ ਰਹੇ। ਕੀਵੀਨਾਮਾ ਉਨ੍ਹਾਂ ਦੀ ਪਹਿਲੀ ਪੰਜਾਬੀ ਪੁਸਤਕ ਹੈ ਜਿਸ ਦੇ ਵਿਚ ਬਹੁਤ ਸਾਰੇ ਦੇਸ਼ਾਂ ਦੇ ਭਰਮਣ ਦੀਆਂ ਕਹਾਣੀਆਂ ਹਨ। ਨਿਊਜ਼ੀਲੈਂਡ ਸਿੱਖ ਖੇਡਾਂ ਦੀ ਕਮੇਟੀ ਅਤੇ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੂੰ ਸਨਮਾਨਿਤ ਕੀਤੇ ਜਾਣ ਉਤੇ ਬਹੁਤ-ਬਹੁਤ ਵਧਾਈ। ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਮੌਕੇ ਅਕਾਲ ਫਾਊਂਡੇਸ਼ਨ ਅਤੇ ਐਸ. ਬੀ. ਐਸ. ਸਪੋਰਟਸ ਐਂਡ ਕਲਚਰਲ ਕਲੱਬ ਉਨ੍ਹਾਂ ਨੂੰ ਸਨਮਾਨ ਕਰਨ ਉਤੇ ਖੁਸ਼ੀ ਮਹਿਸੂਸ ਕਰਦਾ ਹੈ।

# ਇੰਟਰਨੈਸ਼ਨਲ ਦੋਗਾਣਾ ਜੋੜੀ ਲੱਖਾ-ਨਾਜ਼ ਅਮਰੀਕਾ 'ਚ ਗੋਲਡ ਗਿਫਟਾਂ ਨਾਲ ਸਨਮਾਨਿਤ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਅਮਰੀਕਾ ਦੇ ਸ਼ਹਿਰ ਨਿਊਜਰਸੀ ਦੇ ਬਿਜ਼ਨਸਮੈਨ ਅਤੇ ਪੰਜਾਬ ਦੇ ਫਗਵਾੜਾ ਸ਼ਹਿਰ ਦੇ ਮੁਹੱਲਾ ਧਰਮਕੋਟ ਦੀ ਸ਼ਾਨ "ਸ਼੍ਰੀ ਪੀਟਰ ਤਾਲ ਧਰਮਸੋਤ " ਜੀ ਵਲੋਂ ਉਹਨਾਂ ਦੇ ਗ੍ਰਹਿ ਨਿਵਾਸ ਵਿਖੇ ਪਹੁੰਚਣ ਤੇ ਪੰਜਾਬ ਦੀ ਇੰਟਰਨੈਸ਼ਨਲ ਦੋਗਾਣਾਂ ਜੋੜੀ ਲੱਖਾ- ਨਾਜ਼ ਦਾ ਗੋਲਡ ਗਿਫਟ ਦੇ ਕੇ ਸਨਮਾਨ ਕੀਤਾ ਗਿਆ। ਲੱਖਾ ਅਤੇ ਨਾਜ਼ ਨੇ ਸਾਰੇ ਹੀ ਪਰਿਵਾਰ ਸ਼੍ਰੀ ਪੀਟਰ ਤਾਲ, ਉਹਨਾਂ ਦੀ ਧਰਮ ਪਤਨੀ ਪਰਦੀਪ ਕੌਰ ਜੀ, ਬੇਟਾ ਜੌਨ ਤਾਲ , ਨੂੰਹ ਸੁਖਵੀਰ ਕੌਰ, ਪੋਤਾ ਅਰਮਾਨ ਤਾਲ, ਪੋਤੀਆਂ ਆਰਜ਼ੂ ਤੇ ਆਨਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।





# ਪੰਜਾਬ ਦੇ ਰਾਜਪਾਲ ਤੇ ਖੇਤੀਬਾੜੀ ਮੰਤਰੀ ਨਾਲ ਮੀਟਿੰਗਾਂ ਤੋਂ ਬਾਅਦ ਕਿਸਾਨਾਂ ਨੇ ਧਰਨਾ ਚੁੱਕਿਆ

**ਮੁਹਾਲੀ–** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ 'ਤੇ ਪਿਛਲੇ ਤਿੰਨ ਦਿਨਾਂ ਤੋਂ ਚੱਲ ਰਿਹਾ ਕਿਸਾਨਾਂ ਦਾ ਧਰਨਾ ਅੱਜ ਜੈਕਾਰਿਆਂ ਅਤੇ ਨਾਆਰਿਆਂ ਦੀ ਗੂੰਜ ਨਾਲ ਸਮਾਪਤ ਕਰਨ ਦਾ ਐਲਾਨ ਕੀਤਾ। ਕਿਸਾਨਾਂ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ 19 ਦਸੰਬਰ ਨੂੰ ਮੀਟਿੰਗ ਤੈਅ ਕੀਤੀ ਗਈ ਹੈ। ਅੱਜ ਸਾਰਾ ਦਿਨ ਕਿਸਾਨ ਮੋਰਚੇ ਵਿੱਚ ਕਾਫੀ ਗਹਿਮਾਂ ਗਹਿਮ ਅਤੇ ਸਰਗਰਮੀ ਦੇਖਣ ਨੂੰ ਮਿਲੀ। ਮੋਰਚੇ 26 ਨਵੰਬਰ ਦੇ ਮੁਕਾਬਲੇ ਅਗਲੇ ਦਿਨ ਇਕੱਠ ਵੱਧ ਗਏ ਸਨ ਪਰ ਅੱਜ ਸਾਰੇ ਦਿਨਾਂ ਨਾਲੋਂ ਵੱਧ ਇਕੱਠ ਕਿਸਾਨ ਮਰਦਾਂ ਔਰਤਾਂ ਦਾ ਦੇਖਣ ਨੂੰ ਮਿਲਿਆ। ਅੱਜ ਦੇ ਧਰਨੇ ਵਿੱਚ ਮੁਲਾਜ਼ਮ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ। ਅੱਜ ਸਵੇਰੇ 10 ਵਜੇ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਹੋਈ ਕਿਉਂਕਿ ਪੰਜਾਬ ਦੇ ਰਾਜਪਾਲ ਵੱਲੋਂ 11 ਵਜੇ ਮੀਟਿੰਗ ਦਾ ਸੁਨੇਹਾ ਮਿਲਿਆ ਹੋਇਆ ਸੀ। ਮੀਟਿੰਗ ਵਿੱਚ ਗੱਲਬਾਤ ਕਰਨ ਲਈ ਮੰਗਾਂ 'ਤੇ ਵਿਚਾਰ ਚਰਚਾ ਕਰ ਕੇ ਡਿਊਟੀਆਂ ਲਗਾਈਆਂ ਗਈਆਂ ਅਤੇ ਮਿਥੇ ਸਮੇਂ ਤੇ ਸਾਰੇ ਕਿਸਾਨ ਆਗੂ ਰਾਜਪਾਲ ਪੰਜਾਬ ਨਾਲ ਗੱਲਬਾਤ ਕਰਨ ਲਈ ਪਹੁੰਚੇ। ਜਿੱਥੇ ਰਾਜਪਾਲ ਅਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ।




ਕਿਸਾਨਾਂ ਦੀਆਂ ਮੰਗਾਂ ਹਨ, ਸਾਰੀਆਂ ਫਸਲਾਂ ਦੀ ਐੱਮਐੱਸਪੀ ਤੇ ਖਰੀਦ ਦੀ ਗਾਰੰਟੀ ਕਰੋ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸੀ-2+50% ਦੇ ਫਾਰਮੂਲੇ ਨਾਲ ਫਸਲਾਂ ਦੇ ਭਾਅ ਤੈਅ ਕਰੋ, ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਕਿਸਾਨਾਂ ਸਿਰ ਚੜ੍ਹਿਆ ਸਾਰਾ ਕਰਜਾ ਰੱਦ ਕਰੋ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਉ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਸਜ਼ਾ ਦਿਓ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ਤੇ ਬਣਾਏ ਸਾਰੇ ਕੇਸ ਰੱਦ ਕਰੋ, ਬਿਜਲੀ ਸੋਧ ਬਿਲ ਨੂੰ ਚੋਰ ਮੋਰੀਆਂ ਰਾਹੀਂ ਲਾਗੂ ਕਰਨਾ ਬੰਦ ਕਰੋ, 60 ਸਾਲ ਤੋਂ ਵੱਧ ਉਮਰ ਦੇ ਸਾਰੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦਿਓ, ਨਿਊਜ਼ਕਲਿੱਕ ਖਿਲਾਫ ਦਰਜ ਕੀਤੀ ਐਫ ਆਈ ਆਰ ਰੱਦ ਕਰੋ, ਕਿਸਾਨ ਘੋਲ ਨੂੰ ਦੇਸ਼ ਵਿਰੋਧੀ ਕਹਿਣਾ ਬੰਦ ਕਰੋ, ਖੇਤੀ ਨੂੰ ਕਾਰਪੋਰੇਟਾਂ ਕੋਲ ਵੇਚਣ ਦੀਆਂ ਸਾਰੀਆਂ ਨੀਤੀਆਂ ਰੱਦ ਕਰੋ, ਪਬਲਿਕ ਸੈਕਟਰ ਬਹਾਲ ਕਰੋ ਅਤੇ ਨਿੱਜੀਕਰਨ ਦੀਆਂ ਨੀਤੀਆਂ ਬੰਦ ਕਰੋ।

ਰਾਜਪਾਲ ਤੋਂ ਵਿਸ਼ੇਸ਼ ਕਰਕੇ ਮੰਗ ਕੀਤੀ ਗਈ ਕਿ ਕਿਸਾਨਾਂ 'ਤੇ ਜਿਹੜੇ ਕੇਸ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਬਣਾਏ ਹੋਏ ਹਨ ਉਹ ਰੱਦ ਕੀਤੇ ਜਾਣਗੇ ਤਾਂ ਇਸ ਲਈ ਨੋਡਲ ਅਫੀਸਰ ਦੀ ਡਿਊਟੀ ਲਗਾ ਦਿੱਤੀ ਗਈ ਹੈ। ਜਿਹੜੇ ਕਿਸਾਨਾਂ ਦੇ ਪਾਸਪੋਰਟ ਵਗੈਰਾ 'ਤੇ ਕੋਈ ਗਲਤ ਇੰਦਰਾਜ ਕੀਤੇ ਹੋਏ ਹਨ ਉਨ੍ਹਾਂ ਬਾਰੇ ਵੀ ਕਾਰਵਾਈ ਕੀਤੀ ਜਾਵੇ ਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਵੀ ਸਸਤਾ ਰਾਸ਼ਨ ਦਿੱਤਾ ਜਾਵੇ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਵਿੱਚ ਹੜ੍ਹਾਂ ਨਾਲ ਅਤੇ ਗੜਿਆਂ ਨਾਲ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਵੇ, ਕਿਸਾਨਾਂ ਸਿਰ ਚੜ੍ਹਿਆ ਸਾਰਾ ਕਰਜ਼ਾ ਰੱਦ ਕੀਤਾ ਜਾਵੇ, ਝੋਨੇ ਤੋਂ ਖਹਿੜਾ ਛਡਵਾਉਣ ਲਈ ਸਬਜ਼ੀਆਂ, ਮੱਕੀ, ਮੂੰਗੀ, ਗੰਨਾ ਅਤੇ ਹੋਰ ਫਸਲਾਂ ਦੀ ਐੱਮਐੱਸਪੀ ਤੇ ਖਰੀਦ ਦੀ ਗਾਰੰਟੀ ਕੀਤੀ ਜਾਵੇ, ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ, ਗੰਨਾ ਕਿਸਾਨਾਂ ਦਾ ਰਹਿੰਦਾ ਬਕਾਇਆ ਸਮੇਤ ਵਿਆਜ ਜਾਰੀ ਕੀਤਾ ਜਾਵੇ, ਆਬਾਦਕਾਰ ਕਿਸਾਨਾਂ ਤੋਂ ਜ਼ਮੀਨਾਂ ਖੋਹਣੀਆਂ ਬੰਦ ਕਰ ਕੇ ਮਾਲਕੀ ਦੇ ਹੱਕ ਦਿੱਤੇ ਜਾਣ, ਚਿੱਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ, ਪਰਾਲੀ ਸਾੜਨ ਕਰਕੇ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ, ਰੈਡ ਐਂਟਰੀਆਂ ਅਤੇ ਹੋਰ ਸਾਰੀਆਂ ਕਾਰਵਾਈਆਂ ਰੱਦ ਕੀਤੀਆਂ ਜਾਣ, ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਜਾਣ। ਬੈਂਕਾਂ ਕਿਸਾਨਾਂ ਤੋਂ ਲਏ ਜਾਂਦੇ ਖਾਲੀ ਚੈੱਕ ਬੰਦ ਕੀਤੇ ਜਾਣ ਅਤੇ ਪਹਿਲਾਂ ਲਏ ਹੋਏ ਵਾਪਸ ਕੀਤੇ ਜਾਣ ਕਿਸਾਨਾਂ ਦੇ ਕਰਜ਼ੀ ਦੀ ਮੁਫਤ ਸੈਟਲਮੈਂਟ ਕੀਤੀ ਜਾਵੇ। ਕਿਸਾਨਾਂ ਦੇ ਜ਼ਮੀਨਾਂ ਤਕਸੀਮ ਕਰਨ ਦੇ ਮਸਲੇ ਹੱਲ ਕੀਤੇ ਜਾਣ ਅਤੇ ਜਿੱਥੇ ਕੋਈ ਵਿਵਾਦ ਨਹੀਂ ਹੈ ਪਿੰਡਾਂ ਵਿੱਚ ਕੈਂਪ ਲਾ ਕੇ ਮੌਕੇ ਤੇ ਇੰਤਕਾਲ ਕੀਤੇ ਜਾਣ। ਸਹਿਕਾਰੀ ਸੁਸਾਇਟੀਆਂ ਵਿੱਚ ਹਿੱਸੇਦਾਰੀ ਖੋਲੀ ਜਾਵੇ ਅਤੇ ਨਵੇਂ ਕਿਸਾਨਾਂ ਨੂੰ ਸਹਿਕਾਰੀ ਸੁਸਾਇਟੀਆਂ ਦੇ ਮੈਂਬਰ ਬਣਾਇਆ ਜਾਵੇ।

ਰਾਜਪਾਲ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੀ ਸਿਫਾਰਸ਼ ਤਹਿਤ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਮੰਗਾਂ ਭੇਜਣ। ਰਾਜਪਾਲ ਵੱਲੋਂ ਭਰੋਸਾ ਦਵਾਇਆ ਗਿਆ ਕਿ ਉਹ ਕਿਸਾਨਾਂ ਦੀਆਂ ਮੰਗਾਂ ਜਿੱਥੇ ਕੇਂਦਰ ਸਰਕਾਰ ਨੂੰ ਭੇਜਣਗੇ ਉੱਥੇ ਪੰਜਾਬ ਸਰਕਾਰ ਨੂੰ ਵੀ ਭੇਜਣਗੇ। ਇਸ ਤੋਂ ਇਲਾਵਾ ਪੰਜਾਬ ਨਾਲ ਸਬੰਧਿਤ ਮੰਗਾਂ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨਾਲ 19 ਦਸੰਬਰ ਨੂੰ ਮੀਟਿੰਗ ਤੈਅ ਕੀਤੀ ਗਈ। ਸੰਯੁਕਤ ਕਿਸਾਨ ਮੋਰਚਾ ਆਪਣੀਆਂ ਮੰਗਾਂ ਦਾ ਮੰਗ ਪੱਤਰ ਚਾਰ ਦਸੰਬਰ ਤੋਂ ਪਹਿਲਾਂ ਪਹਿਲਾਂ ਪੰਜਾਬ ਸਰਕਾਰ ਨੂੰ ਦੇਵੇਗਾ ਅਤੇ 19 ਦਸੰਬਰ ਨੂੰ ਉਹਨਾਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ।

### ਹਰਿਆਣਾ ਦੇ ਕਿਸਾਨਾਂ ਨੇ ਰਾਜਪਾਲ ਨੂੰ ਮੰਗ ਪੱਤਰ ਸੌਂਪ ਕੇ ਤਿੰਨ ਦਿਨਾਂ ਪ੍ਰਦਰਸ਼ਨ ਖਤਮ ਕੀਤਾ

ਹਰਿਆਣਾ ਦੇ ਕਿਸਾਨਾਂ ਨੇ ਰਾਜਪਾਲ ਨੂੰ ਮੰਗ ਪੱਤਰ ਸੌਂਪ ਕੇ ਆਪਣਾ ਤਿੰਨ ਦਿਨਾ ਧਰਨਾ ਖਤਮ ਕਰਨ ਦਾ ਫੈਸਲਾ ਕੀਤਾ ਹੈ। ਉਹ ਆਪਣੀ ਅਗਲੀ ਕਾਰਵਾਈ ਦਾ ਫੈਸਲਾ ਕਰਨ ਲਈ ਹਿਸਾਰ ਵਿੱਚ ਕਿਸਾਨ ਯੂਨੀਅਨਾਂ ਦੀ ਮੀਟਿੰਗ ਕਰਨਗੇ। ਅੱਜ ਦੁਪਹਿਰ ਨੂੰ ਪੰਦਰਾਂ ਕਿਸਾਨ ਆਗੂ ਮੀਟਿੰਗ ਲਈ ਹਰਿਆਣਾ ਰਾਜ ਭਵਨ ਪੁੱਜੇ। ਆਗੂਆਂ ਨੇ ਕਿਹਾ ਕਿ ਉਨ੍ਹਾਂ ਆਪਣੀਆਂ ਮੰਗਾਂ ਦਾ ਜ਼ਿਕਰ ਕਰਦਿਆਂ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ ਹੈ। ਆਗੂਆਂ ਵਿੱਚ ਬੀਕੇਯੂ (ਸ਼ਹੀਦ ਭਗਤ ਸਿੰਘ ਯੂਨੀਅਨ) ਦੇ ਅਮਰਜੀਤ ਸਿੰਘ, ਸੁਰੇਸ਼ ਕੋਠ ਅਤੇ ਬੀਕੇਯੂ (ਚੰਡੀਗੜ੍ਹ) ਦੇ ਕੁਲਦੀਪ ਸਿੰਘ ਕੁੰਡੂ ਸ਼ਾਮਲ ਸਨ। ਸ੍ਰੀ ਕੋਠ ਨੇ ਕਿਹਾ, 'ਸੰਯੁਕਤ ਕਿਸਾਨ ਮੋਰਚਾ ਨੇ ਆਪਣਾ ਵਿਰੋਧ ਖਤਮ ਕਰਨ ਦਾ ਫੈਸਲਾ ਕੀਤਾ ਹੈ। ਅਸੀਂ ਰਾਜਪਾਲ ਨਾਲ ਮੁਲਾਕਾਤ ਕੀਤੀ ਅਤੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ 'ਤੇ ਚਰਚਾ ਕੀਤੀ। ਅਸੀਂ ਮੰਗ ਪੱਤਰ ਸੌਂਪਿਆ ਹੈ। ਹੁਣ ਕੇਂਦਰ ਨੇ ਫੈਸਲਾ ਲੈਣਾ ਹੈ।' ਉਨ੍ਹਾਂ ਕਿਹਾ ਕਿ ਕਿਸਾਨ ਕਾਰਵਾਈ ਦੀ ਉਡੀਕ ਕਰ ਰਹੇ ਹਨ ਅਤੇ ਜੇ ਮਾਮਲਾ ਹੱਲ ਨਾ ਹੋਇਆ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਉਨ੍ਹਾਂ ਦੱਸਿਆ ਕਿ ਮੰਗਾਂ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ, ਕਰਜ਼ਾ ਮੁਆਫੀ ਅਤੇ ਲਖੀਮਪੁਰ ਖੀਰੀ ਵਿਖੇ ਮਾਰੇ ਗਏ ਕਿਸਾਨਾਂ ਨੂੰ ਇਨਸਾਫ ਦੇਣਾ ਸ਼ਾਮਲ ਹੈ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928



AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# ਪਰਵਾਸੀ ਸ਼ਾਇਰ ਗੁਰਪ੍ਰੀਤ ਸੋਹਲ ਦਾ ਪਲੇਠਾ ਕਾਵਿ ਸੰਗ੍ਰਹਿ "ਸੁੱਚੇ ਰੰਗ" ਹੋਇਆ ਲੋਕ ਅਰਪਣ

## ਜਸਵੰਤ ਸਿੰਘ ਮਜਬੂਰ ਨੇ ਜਗਦੀਸ਼ ਰਾਣਾ ਨੂੰ ਰਸਮੀਂ ਤੌਰ ਤੇ ਸਾਹਤਿਕ ਉਸਤਾਦ ਧਾਰਿਆ



**ਜਲੰਧਰ (ਬੀ. ਕੇ. ਰੱਤੂ)** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ ਵਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੇਂ-ਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ਼ ਪਰਵਾਸੀ ਸ਼ਾਇਰ ਗੁਰਪ੍ਰੀਤ ਸੋਹਲ ਦਾ ਪਲੇਠਾ ਕਾਵਿ ਸੰਗ੍ਰਹਿ ਸੁੱਚੇ ਰੰਗ ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪ੍ਰੋ।ਸੰਧੂ ਵਰਿਆਣਵੀ ਮੁੱਖ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਡਾ. ਬਲਦੇਵ ਬੱਦਨ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਉਸਤਾਦ ਸ਼ਾਇਰ ਹਰਬੰਸ ਸਿੰਘ ਅਕਸ, ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ, ਮੰਚ ਦੇ ਪ੍ਰਧਾਨ ਡਾ. ਕੰਵਲ ਭੱਲਾ ਅਤੇ ਗੁਰਪ੍ਰੀਤ ਸੋਹਲ ਵਿਰਾਜਮਾਨ ਹੋਏ। ਮੰਚ ਸੰਚਾਲਨ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਕੱਤਰ ਜਗਦੀਸ਼ ਰਾਣਾ ਨੇ ਗੁਰਪ੍ਰੀਤ ਸੋਹਲ ਬਾਰੇ ਜਾਣ ਪਛਾਣ ਕਰਾਈ ਅਤੇ ਦੱਸਿਆ ਕੇ ਗੁਰਪ੍ਰੀਤ ਦਾ ਇਕ ਗੀਤ ਪ੍ਰਸਿੱਧ ਗਾਇਕ ਫ਼ਿਰੋਜ਼ ਖਾਨ ਨੇ ਵੀ ਗਾਇਆ ਹੈ ਅਤੇ ਰਾਣਾ ਨੇ ਮੰਚ ਦੀਆਂ ਸਾਹਤਿਕ ਗਤੀਵਿਧੀਆਂ ਬਾਰੇ ਵੀ ਬਾਰੇ ਚਾਨਣਾ ਪਾਇਆ।ਕਾਵਿ ਸੰਗ੍ਰਹਿ 'ਸੁੱਚੇ ਰੰਗ' ਬਾਰੇ ਲੈਕ। ਬਲਬੀਰ ਕੌਰ ਰਾਏਕੋਟੀ ਅਤੇ ਪ੍ਰੋ. ਸੰਧੂ ਵਰਿਆਣਵੀ ਨੇ ਪਰਚਾ ਪੜ੍ਹਦਿਆਂ ਗੁਰਪ੍ਰੀਤ ਸੋਹਲ ਦੀ ਸ਼ਾਇਰੀ ਦੇ ਅਲਗ ਅਲਗ ਪਹਿਲੂਆਂ ਤੇ ਵਿਸਥਾਰ ਨਾਲ਼ ਚਰਚਾ ਕੀਤੀ ਅਤੇ ਕਿਹਾ ਕਿ ਭਾਵੇਂ ਇਹ ਗੁਰਪ੍ਰੀਤ ਦਾ ਪਲੇਠਾ ਕਾਵਿ ਸੰਗ੍ਰਹਿ ਹੈ ਪਰ ਇਸ ਦੀਆਂ ਕਈ ਰਚਨਾਵਾਂ ਪ੍ਰੋੜ ਵਿਚਾਰਾਂ ਨੂੰ ਬਾਖ਼ੂਬੀ ਬਿਆਨਦੀਆਂ ਹਨ। ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਵਾਸੁਦੇਵ ਪਰਹਾਰ ਨੇ ਗੁਰਪ੍ਰੀਤ ਸੋਹਲ ਦੇ ਜੀਵਨ ਅਤੇ ਵਿਚਾਰਾਂ ਬਾਰੇ ਚਰਚਾ ਕੀਤੀ। ਮੰਚ ਦੇ ਪ੍ਰਧਾਨ ਡਾ।ਕੰਵਲ ਭੱਲਾ ਅਤੇ ਡਾ. ਬਲਦੇਵ ਬੱਦਨ ਨੇ ਵੀ ਗੁਰਪ੍ਰੀਤ ਸੋਹਲ ਦੀਆਂ ਲਿਖਤਾਂ ਦੀ ਸਰਾਹਣਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਗੁਰਪ੍ਰੀਤ ਸੋਹਲ ਕੋਲੋਂ ਵੱਡੀਆਂ ਆਸਾਂ ਹਨ। ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਗੁਰਪ੍ਰੀਤ ਸੋਹਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਗੁਰ-ਪ੍ਰੀਤ ਸੋਹਲ ਨੇ ਕਿਹਾ ਕਿ ਉਹ ਲੰਬੇ ਸਮੇਂ ਬਾਅਦ ਪੰਜਾਬ ਪਰਤੇ ਹਨ ਤੇ ਏਥੇ ਆ ਕੇ ਬੜਾ ਆਪਣਾਪਣ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਹੋਏ ਕਾਵਿ ਦਰਬਾਰ ਵਿੱਚ ਪ੍ਰਧਾਨਗੀ ਮੰਡਲ ਦੇ ਨਾਲ਼-ਨਾਲ਼ ਮੌਕੇ ਤੇ ਹਾਜ਼ਿਰ ਕਵੀਆਂ ਜਸਵਿੰਦਰ ਸਿੰਘ ਜੱਸੀ, ਗੁਰਦੀਪ ਸਿੰਘ ਸੈਣੀ, ਜਸਪਾਲ ਸਿੰਘ ਜ਼ੀਰਵੀ, ਸਵਿੰਦਰ ਸੰਧੂ, ਨਵਜੋਤ ਕੌਰ ਸੈਣੀ, ਇੰਦਰਪਾਲ ਸਿੰਘ, ਮਦਨ ਬੋਲੀਨਾ, ਹਰਦਿਆਲ ਹੁਸ਼ਿਆਰਪੁਰੀ, ਦਲਜੀਤ ਮਹਿਮੀ, ਸੋਨੀਆ ਭਾਰਤੀ, ਸੋਢੀ ਸੱਤੋਵਾਲੀ, ਹੀਰਾ ਲਾਲ ਮਲਹੋਤਰਾ, ਵਰਿੰਦਰ ਸਿੰਘ ਪਰਹਾਰ, ਤਰਸੇਮ ਜਲੰਧਰੀ, ਕੀਮਤੀ ਕੈਸਰ, ਦਿਲਬਹਾਰ ਸ਼ੌਕਤ, ਜਸਵੰਤ ਸਿੰਘ ਮਜਬੂਰ, ਪ੍ਰਮੋਦ ਕਾਫ਼ਿਰ, ਨਛੱਤਰ ਭੋਗਲ, ਸੁਰਿੰਦਰ ਢੰਡਾ, ਹਰਭਜਨ ਨਾਹਲ ਆਦਿ ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਜਸਵੰਤ ਸਿੰਘ ਮਜਬੂਰ ਵਲੋਂ ਜਗਦੀਸ਼ ਰਾਣਾ ਨੂੰ ਰਸਮੀਂ ਤੌਰ ਤੇ ਸਾਹਤਿਕ ਉਸਤਾਦ ਧਾਰਿਆ ਗਿਆ। ਚਿਰੰਜੀ ਲਾਲ ਕੰਗਣ-ਿਵਾਲ, ਕਰਨਲ ਜਗਬੀਰ ਸਿੰਘ ਸੰਧੂ,ਡੀ।ਆਰ। ਵੰਦਨਾ, ਮੇਹਰ ਮਲਿਕ,ਸੁਰਿੰਦਰ ਕੌਰ ਕੋਛੜ, ਗੁਰਪ੍ਰੀਤ ਸੋਹਲ ਦੀ ਜੀਵਨ ਸਾਥਣ ਰਾਜਵਿੰਦਰ ਕੌਰ ਸਮੇਤ ਹੋਰ ਪਰਿਵਾਰਿਕ ਮੈਂਬਰ, ਦੋਸਤ ਅਤੇ ਕਈ ਬੁੱਧੀਜੀਵੀ ਇਸ ਮੌਕੇ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ। ਇਸ ਦੌਰਾਨ ਇੰਗਲੈਂਡ ਵੱਸਦੇ ਸ਼ਾਇਰ ਨਛੱਤਰ ਸਿੰਘ ਭੋਗਲ ਦੇ ਦੋ ਕਾਵਿ ਸੰਗ੍ਰਹਿ 'ਸੁਖ ਦੇ ਸਾਥੀ' ਅਤੇ 'ਕਲਮ' ਵੀ ਲੋਕ ਅਰਪਣ ਕੀਤੇ ਗਏ।

# 'ਦੂਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਸਨਮਾਨ ਸਮਾਰੋਹ' ਬਠਿੰਡਾ ਵਿਖੇ







'ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ।) ਬਠਿੰਡਾ' ਵੱਲੋਂ 'ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ (ਰਜਿ.) ਮੋਗਾ', ਦੇ ਸਹਿਯੋਗ ਨਾਲ ਟੀਚਰਜ਼ ਹੋਮ ਬਠਿੰਡਾ (ਪੰਜਾਬ) ਵਿਖੇ ਨਵੰਬਰ,27,2023 ਨੂੰ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ 'ਦੂਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਪ੍ਰਦਾਨ ਕੀਤਾ ਗਿਆ, ਪੰਜਾਬੀ ਹਾਸ ਵਿਅੰਗ ਭਵਿੱਖ ਅਤੇ ਚੁਣੌਤੀਆਂ' ਵਿਸ਼ੇ ਉਪਰ ਵਿਚਾਰ-ਚਰਚਾ,ਪੁਸਤਕਾਂ ਲੋਕ-ਅਰਪਨ ਅਤੇ 'ਹਾਸ ਵਿਅੰਗ' ਕਵੀ ਦਰਬਾਰ ਕਰਵਾਇਆ ਗਿਆ। ਸ਼੍ਰੀ ਕੇ. ਐਲ. ਗਰਗ ਪ੍ਰਧਾਨ ਪੰਜਾਬੀ ਹਾਸ ਵਿਅੰਗ ਅਕਾਦਮੀ ਜੀ ਦੀ ਪ੍ਰਧਾਨਗੀ ਵਿੱਚ ਚੱਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਿੰ. ਜਗਮੇਲ ਸਿੰਘ ਜਠੌਲ ਸਨ। ਪ੍ਰਧਾਨਗੀ ਮੰਡਲ ਵਿੱਚ ਸਰਵ ਸ਼੍ਰੀ ਬਿਕਰਮਜੀਤ ਨੂਰ ਕੈਨੇਡਾ, ਜੰਗਪਾਲ ਸਿੰਘ ਅਮਰੀਕਾ, ਜੁਗਰਾਜ ਗਿੱਲ ਅਮਰੀਕਾ, ਸੁਰਿੰਦਰਪ੍ਰੀਤ ਘਣੀਆ ਪ੍ਰਧਾਨ ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ, ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ ਸ਼ੁਸ਼ੋਭਿਤ ਸਨ। ਸ਼ਮ੍ਹਾਂ ਰੋਸ਼ਨ ਕਰਨ ਤੋਂ ਬਾਅਦ ਸੁਸਾਇਟੀ ਦੇ ਪ੍ਰਧਾਨ ਅਤੇ ਸ਼ਬਦ ਤ੍ਰਿੰਜਣ ਦੇ ਸੰਪਾਦਕ ਮੰਗਤ ਕੁਲਜਿੰਦ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

ਪੰਜਾਬੀ ਦੇ ਸਿਰਮੌਰ ਵਿਅੰਗਕਾਰ, ਕਈ ਕਿਤਾਬਾਂ ਦੇ ਰਚੇਤਾ ਬਹੁ-ਵਿਧਾਵੀ ਸਾਹਿਤਕਾਰ ਪ੍ਰਿੰ. ਜਸਵੰਤ ਸਿੰਘ ਕੈਲਵੀ ਨੂੰ ਇਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, (ਸਨਮਾਨ- ਪੱਤਰ, ਸਨਮਾਨ-ਚਿੰਨ੍ਹ, ਲੋਈ ਤੋਂ ਇਲਾਵਾ ਨਕਦ ਰਾਸ਼ੀ ਇਸ ਦਾ ਹਿੱਸਾ ਹਨ)।

ਪਹਿਲਾਂ ਅਮਰਜੀਤ ਸਿੰਘ ਪੇਂਟਰ ਸਟੇਟ-ਐਵਾਰਡੀ ਨੇ ਉਹਨਾਂ ਲਈ ਸਨਮਾਨ-ਪੱਤਰ ਪੜ੍ਹਿਆ। ਕੈਲਵੀ ਜੀ ਦੀ ਧਰਮਪਤਨੀ ਸ਼੍ਰੀਮਤੀ ਦਰਸ਼ਨ ਕੌਰ ਅਤੇ ਉਹਨਾਂ ਦੇ ਦਾਮਾਦ ਗੁਰਿੰਦਰਬੀਰ ਸਿੰਘ ਇਸ ਮੌਕੇ ਅੰਗ-ਸੰਗ ਸਨ। 'ਪੰਜਾਬੀ ਹਾਸ ਵਿਅੰਗ ਭਵਿੱਖ ਅਤੇ ਚੁਣੌਤੀਆਂ' ਬਾਰੇ ਗੱਲਬਾਤ ਕਰਦਿਆਂ ਪ੍ਰਧਾਨਗੀ ਮੰਡਲ ਵੱਲੋਂ ਅੱਜ ਲੋਕ-ਅਰਪਣ ਕੀਤੀਆਂ ਗਈਆਂ ਹਾਸ ਵਿਅੰਗ ਦੀਆਂ ਪੁਸਤਕਾਂ ਮੰਗਤ ਕੁਲਜਿੰਦ ਦਾ ਵਿਅੰਗ-ਸੰਗ੍ਰਹਿ 'ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ' ਅਤੇ ਮਾਲਵਿੰਦਰ ਸ਼ਾਇਰ ਦਾ ਮਿੰਨੀ ਹਾਸ ਵਿਅੰਗ-ਸੰਗ੍ਰਹਿ 'ਲੇਲ੍ਹੜੀਆਂ' ਦੇ ਸੰਦਰਭ ਵਿੱਚ ਪੰਜਾਬੀ ਹਾਸ ਵਿਅੰਗ ਦੀ ਦਿਸ਼ਾ ਅਤੇ ਦਸ਼ਾ ਨਿਰਧਾਰਿਤ ਕੀਤੀ ਗਈ। ਉਘੇ ਵਿਦਵਾਨ ਅਲੋਚਕ ਗੁਰਦੇਵ ਖੋਖਰ ਜੀ ਨੇ 'ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ' ਕਿਤਾਬ ਦਾ ਵਿਸ਼ਲੇਸ਼ਣ ਕਰਦਿਆਂ ਇਸ ਪੁਸਤਕ ਦੇ ਵਿਸ਼ੇ ਅਤੇ ਕਲਾ ਪੱਖ ਸਰੋਤਿਆਂ ਨਾਲ ਸਾਂਝੇ ਕੀਤੇ।

ਅੱਜ ਦੇ ਵਿਅੰਗ-ਸਮਰਾਟ ਕੇ. ਐਲ. ਗਰਗ ਨੇ ਹਾਸ ਵਿਅੰਗ ਅਕਾਦਮੀ ਦੀ ਜਾਣ ਪਛਾਣ ਕਰਵਾਉਦਿਆਂ ਇਸ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।ਨਾਲ ਹੀ ਉਹਨਾਂ ਪੰਜਾਬੀ ਹਾਸ ਵਿਅੰਗ ਲਈ ਦਿੱਤੇ ਜਾਂਦੇ ਐਵਾਰਡਾਂ ਦੀ ਜਾਣਕਾਰੀ ਦਿੱਤੀ ਜਦੋਂ ਕਿ ਅਕਾਦਮੀ ਦੇ ਸਕੱਤਰ ਦਵਿੰਦਰ ਸਿੰਘ ਗਿੱਲ ਨੇ ਹਾਸ ਵਿਅੰਗ ਦੇ ਵੱਖ ਵੱਖ ਰੂਪਾਂ ਦੀ ਗੱਲ ਕੀਤੀ ਅਤੇ ਨਵੀਆਂ ਛਪੀਆਂ ਕਿਤਾਬਾਂ ਲਈ ਲੇਖਕਾਂ ਨੂੰ ਵਧਾਈ ਦਿੱਤੀ। ਅਨੇਕਾਂ ਕਿਤਾਬਾਂ ਦੇ ਰਚੇਤਾ, ਅੱਜ ਕੱਲ ਕੈਨੇਡਾ ਵੱਸਦੇ ਬਹੁਵਿਧਾਵੀ ਲੇਖਕ ਬਿਕਰਮਜੀਤ ਨੂਰ,ਇਤਿਹਾਸ ਮਿਥਿਹਾਸ ਦੇ ਜਾਣਕਾਰ ਜੰਗਪਾਲ ਸਿੰਘ, ਪੱਤਰਕਾਰ ਜੁਗਰਾਜ ਗਿੱਲ, ਜਸਪਾਲ ਮਾਨਖੇੜਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਬਠਿੰਡਾ, ਸੁਰਿੰਦਰਪ੍ਰੀਤ ਘਣੀਆ, ਜਗਦੀਸ਼ ਕੁਲਰੀਆਂ ਮਿੰਨੀ ਕਹਾਣੀ ਮੰਚ ਅੰਮ੍ਰਿਤਸਰ ਦੇ ਸਕੱਤਰ, ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਜਸਵੰਤ ਕੈਲਵੀ ਜੀ ਨੂੰ ਮੁਬਾਰਕਾਂ ਦਿੱਤੀਆਂ।

ਅੱਜ ਦੇ ਸਮਾਗਮ ਵਿੱਚ ਕਰਵਾਏ ਗਏ ਹਾਸ ਵਿਅੰਗ ਕਵੀ ਦਰਬਾਰ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਹਰਦੀਪ ਢਿਲੋਂ ਅਬੋਹਰ, ਗੁਰਸੇਵਕ ਸਿੰਘ ਬੀੜ,ਰਮੇਸ਼ ਗਰਗ, ਦਰਸ਼ਨ ਸਿੰਘ ਭੰਮੇ,ਅਮਰਜੀਤ ਸਿੰਘ ਜੀਤ, ਲਾਲੀ ਕਰਤਾਰਪੁਰੀ, ਸੋਢੀ ਸੱਤੋਵਾਲੀ ,ਸੇਵਕ ਸ਼ਮੀਰੀਆ, ਭੋਲਾ ਸਿੰਘ ਸ਼ਮੀਰੀਆ, ਬਿਕਰ ਸਿੰਘ ਮਾਣਕ, ਮਾਲਵਿੰਦਰ ਸ਼ਾਇਰ ਸੁੰਦਰਪਾਲ ਪ੍ਰੇਮੀ, ਸੁਖਦੇਵ ਭੱਟੀ ਫਿਰੋਜ਼ਪੁਰ, ਬੰਤ ਸਿੰਘ ਫੂਲਪੁਰੀ, ਕਾ. ਮੇਘ ਰਾਜ ਫੌਜੀ, ਲਾਲ ਸਿੰਘ, ਮਨਜੀਤ ਕੌਰ ਮੀਤ ਚੰਡੀਗੜ, ਸੁਖਵਿੰਦਰ ਆਹੀ ਪਟਿਆਲਾ, ਜਗਨਨਾਥ ਸਕੱਤਰ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ, ਦਿਲਜੀਤ ਬੰਗੀ, ਪੋਰਿੰਦਰ ਸਿੰਗਲਾ, ਇਕਬਾਲ ਸਿੰਘ, ਸੁਖਦੇਵ ਰਾਮ ਵਿਰਕ ਕਲਾਂ ਆਦਿ ਨੇ ਮਜ਼ਾਹੀਆ ਲਹਿਜ਼ੇ ਅਤੇ ਵਿਅੰਗਾਤਮਕ ਤਰਜ਼ ਵਿੱਚ ਕਾਵਿ ਦੇ ਵੱਖ ਵੱਖ ਰੂਪਾਂ ਨੂੰ ਤਰੰਨਮ ਵਿੱਚ ਜਾਂ ਉਚਾਰ ਕੇ ਪੇਸ਼ ਕੀਤਾ ਪਰ ਸੰਜੀਦਾ ਕਾਵਿ ਦੇ ਰੰਗ ਵੀ ਵਿੱਚ ਝਲਕਦੇ ਰਹੇ।

ਬਠਿੰਡਾ ਅਤੇ ਇਸ ਦੇ ਆਸ ਪਾਸ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਹਸਤੀਆਂ, ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ ਅਤੇ ਮੈਂਬਰ, ਲਛਮਣ ਸਿੰਘ ਮਲੂਕਾ ਸਕੱਤਰ ਟੀਚਰਜ਼ ਹੋਮ, ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਅਹੁਦੇਦਾਰ ਅਤੇ ਮੈਂਬਰ ਰਣਜੀਤ ਗੌਰਵ ਸਕੱਤਰ,ਰਣਬੀਰ ਰਾਣਾ, ਦਮਜੀਤ ਦਰਸ਼ਨ, ਪ੍ਰਿੰ. ਜਸਬੀਰ ਢਿਲੋਂ, ਭਬਾਨੀ ਸ਼ੰਕਰ ਗਰਗ ਬਰੇਟਾ, ਪ੍ਰਿੰ. ਦਰਸ਼ਨ ਸਿੰਘ ਬਰੇਟਾ, ਮਹਿੰਦਰ ਪਾਲ ਬਰੇਟਾ, ਅਰਸ਼ਪ੍ਰੀਤ ਕੌਰ, ਤੇਜਿੰਦਰ ਚੰਡਿਓਕ ਬਰਨਾਲਾ, ਮਨਦੀਪ ਕੁਮਾਰ ਸੀ।ਫਾਰਮੇਸੀ ਅਫੀਸਰ, ਮਹੇਸ਼ ਕੁਮਾਰ ਸੀ। ਫਾਰਮੈਸੀ ਅਫੀਸਰ, ਜਸਵੰਤ ਸਿੰਘ ਜੱਸ, ਚਰਨਜੀਤ ਸ਼ਰਮਾ, ਮੁਕੰਦ ਸਿੰਘ ਕੋਟਭਾਈ ਦੀ ਹਾਜ਼ਰੀ ਇਸ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ।

ਅੰਤ ਵਿੱਚ ਸੁਖਦਰਸ਼ਨ ਗਰਗ ਨੇ ਸਾਰੇ ਆਏ ਮਹਿਮਾਨਾਂ ਦਾ ਅਦਬੀ ਸ਼ਬਦਾਂ ਨਾਲ ਧੰਨਵਾਦ ਕੀਤਾ। ਬਹੁਤ ਹੀ ਬੱਝਵੇਂ ਢੰਗ ਅਤੇ ਖ਼ੂਬਸੂਰਤ ਸ਼ਬਦਾਂ ਦੀ ਗੋਂਦ ਨਾਲ ਜਗਦੀਸ਼ ਕੁਲਰੀਆਂ ਨੇ ਸਟੇਜ ਸੰਚਾਲਨ ਕੀਤਾ। ਸੁਖਦੇਵ ਰਾਮ ਭੋਲਾ, ਕਾਲਾ ਸਰਾਵਾਂ ਅਤੇ ਅਮਿਤ ਬਾਂਸਲ, ਆਦਿ ਨੇ ਲੰਗਰ ਦੀ ਸੇਵਾ ਤਨਦੇਹੀ ਨਾਲ ਕਰਦਿਆਂ ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ।

**ਮੰਗਤ ਕੁਲਜਿੰਦ +91 94177-53892**
**ਵੱਟਸਐਪ +1 425 286 0163**

# ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਵਲੋਂ ਸੰਵਿਧਾਨ ਦਿਵਸ ਮਨਾਇਆ ਗਿਆ

ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਹਿਮਾਚਲ ਪ੍ਰਦੇਸ਼ ਵਲੋਂ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨਾਲ ਮਿਲਕੇ ਪਿੰਡ ਰਾਏਪੁਰ ਸਹੋੜਾ ਵਿੱਚ ਸੰਵਿਧਾਨ ਦਿਵਸ ਮੌਕੇ ਚੇਅਰਮੈਨ ਸਤੀਸ਼ ਮੱਲੀ ਦੀ ਅਗਵਾਈ ਵਿੱਚ ਸਮਾਜਿਕ ਜਾਗਰੁਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਐਜੂਕੇਸ਼ਨ ਸੈਂਟਰ ਦੇ ਬੱਚਿਆਂ ਲਈ ਇੱਕ ਲਿਖਤੀ ਟੈਸਟ ਕਰਵਾਇਆ ਗਿਆ ਜਿਸ ਵਿੱਚ ਲੱਗਭੱਗ 40 ਬੱਚਿਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਦੋਭੇਟਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਬਣਤਰ ਅਤੇ ਵਿਸ਼ੇਸਤਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ। ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ ਅਤੇ ਉਸ ਸਮੇਂ ਤਕਰੀਬਨ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਉਨ੍ਹਾਂ ਦੱਸਿਆ ਕਿ ਸੰਵਿਧਾਨ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਬਰਾਬਰਤਾ ਦਾ ਦਰਜਾ ਦਿੰਦਾ ਹੈ ਅਤੇ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨਾਲ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰਾਂ ਤੇ ਕਈ ਵਾਰ ਇਸ ਸੰਵਿਧਾਨ ਦੀ ਦੁਰਵਰਤੋਂ ਕਰਨ ਦੇ ਇਲਜਾਮ ਵੀ ਲੱਗਦੇ ਹਨ ਇਸ ਲਈ ਸਾਨੂੰ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ ਅਤੇ ਆਮ ਲੋਕਾਂ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨ ਦੀ ਜਰੂਰਤ ਹੈ ਤਾਂ ਜੋ ਸੰਵਿਧਾਨ ਦਾ ਲਾਭ ਸਮੂਹ ਦੇਸ਼ ਵਾਸੀਆਂ ਤੱਕ ਪਹੁੰਚ ਸਕੇ। ਉਨ੍ਹਾਂ ਨੇ ਸਿੱਖਿਆ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਨੇ ਹਾਇਰ ਸਿੱਖਿਆ ਲਈ ਚੱਲ ਰਹੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਵਿਦੇਸ਼ਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਵੀ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਦਾ ਲਾਭ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਸਾਨੂੰ ਸਭਨੂੰ ਮਿਲਕੇ ਕੰਮ ਕਰਨਾ ਪਵੇਗਾ।



ਚੇਅਰਮੈਨ ਸਤੀਸ਼ ਕੁਮਾਰ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸੋਸਾਇਟੀ ਵਲੋਂ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਪਵਨ ਕੁਮਾਰ, ਮੈਡਮ ਕੰਚਨ, ਮੈਡਮ ਪੂਨਮ, ਜੋਤੀ, ਰਜਨੀ ਬਾਲਾ, ਨੀਤਾ, ਪੰਚ ਬਲਬੰਤ ਕੁਮਾਰ ਆਦਿ ਨੇ ਵੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਭਰੋਸਾ ਦਿਤਾ ਕਿ ਉਹ ਵੱਖ ਵੱਖ ਇਲਾਕਿਆਂ ਵਿੱਚ ਕੈਂਪਾਂ ਦਾ ਆਯੋਜਨ ਕਰਕੇ ਇਹ ਵੱਡਮੁੱਲੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਹਰ ਸੰਭਬ ਕੋਸ਼ਿਸ ਕਰਨਗੇ। ਇਸ ਮੌਕੇ ਪ੍ਰਧਾਨ ਹੇਮ ਰਾਜ, ਸਕੱਤਰ ਦੀਪਕ, ਕੈਸ਼ੀਅਰ ਦਰਸ਼ਨ ਗੋਜਰਾ, ਲਕਸ਼ਮੀ ਨਰਾਇਣ, ਰਾਮ ਦਾਸ, ਰੋਸ਼ਨ ਲਾਲ, ਵਿਦਿਆਰਥੀ ਮਧੂ, ਗੁਰਪ੍ਰੀਤ, ਕਮਲ, ਸ਼ਿਵ, ਕਰਨ, ਮਨਤ, ਅਭੀਜੀਤ, ਰਿਤੇਸ਼, ਕਿਰਨ, ਜਸ਼ਨ, ਮਹਿਕ, ਸਾਹਿਲ, ਰਾਜਨ, ਵਿਸ਼ਾਲ, ਪ੍ਰਿੰਸ, ਨਿਰਜ਼, ਤਰੁਣ, ਹਰਸ਼ ਆਦਿ ਹਾਜਰ ਸਨ।

**– ਕੁਲਦੀਪ ਚੰਦ, 9417563054**

# .ਗਦਰ ਲਹਿਰ ਦੀ ਫੇਰੂ ਸ਼ਹਿਰ ਵਾਲੀ ਪਹਿਲੀ ਘਟਨਾ ਸਬੰਧੀ ਪਿੰਡ ਮਿਸ਼ਰੀ ਵਾਲਾ ਵਿਖੇ ਸ਼ਹੀਦੀ ਸਮਾਗਮ

ਪਿੰਡ ਮਿਸ਼ਰੀ ਵਾਲਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਲਹਿਰ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪਿੰਡ 'ਚ ਸਥਾਪਿਤ ਗ਼ਦਰੀ ਯੋਧੇ ਸੁਸਾਇਟੀ ਵੱਲੋਂ ਉੱਘੇ ਵਿਦਵਾਨ ਡਾ. ਗੁਰਬਖ਼ਸ਼ ਸਿੰਘ ਦੇ ਉੱਦਮ ਨਾਲ ਗ਼ਦਰੀ ਯੋਧਿਆਂ ਦੀ ਯਾਦ 'ਚ ਸਮਾਰੋਹ ਕੀਤਾ, ਜਿਸ 'ਚ ਡਾ. ਗੁਰਬਖ਼ਸ਼ ਸਿੰਘ, ਸੀਤਲ ਸਿੰਘ ਸੰਘਾ, ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ, ਤਿਰ-ਲੋਚਨ ਸਿੰਘ ਐਡੀਟਰ ਅੱਖਰ ਗਰੁੱਪ, ਵਿਸ਼ਾਲ ਬਿਆਸ ਐਡੀਟਰ ਅੱਖਰ ਗਰੁੱਪ, ਜੇ.ਪੀ. ਐੱਸ ਸਿੱਧੂ, ਡਾ. ਸੈਲੇਸ਼ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਦਿਆਂ 27 ਨਵੰਬਰ ਨੂੰ ਮਿਸ਼ਰੀਵਾਲਾ ਦੀ ਧਰਤੀ 'ਤੇ ਗ਼ਦਰੀ ਯੋਧਿਆਂ ਦੀ ਸ਼ਹੀਦੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਦੇ ਇਤਿਹਾਸ ਸੰਬੰਧੀ ਵਿਸਥਾਰ 'ਚ ਚਾਨਣਾ ਪਾਇਆ। ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਨੇ ਗ਼ਦਰ ਲਹਿਰ ਦੀ ਇਸ ਪਹਿਲੀ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ਼ਦਰੀ ਦੇਸ਼ ਭਗਤਾਂ ਦਾ ਇਥੇ ਥਾਣੇਦਾਰ ਬੁਸ਼ਾਰਤ ਅਲੀ, ਜ਼ੈਲਦਾਰ ਜਵਾਲਾ ਸਿੰਘ ਅਤੇ ਸਾਬਕਾ ਜ਼ੈਲਦਾਰ ਨਾਲ ਹੋਈ ਟੱਕਰ ਸਮੇਂ ਚੰਦਾ ਸਿੰਘ ਵੜੈਚ ਅਤੇ ਭਾਈ ਧਿਆਨਾ ਸਿੰਘ ਉਮਰਪੁਰਾ, ਅਜਨਾਲਾ ਮੌਕੇ 'ਤੇ ਸ਼ਹੀਦ ਹੋ ਗਏ ਸਨ। ਬਾਕੀ ਗ਼ਦਰੀਆਂ ਉਪਰ ਚਲੇ ਮੁਕੱਦਮੇ ਵਿੱਚ ਫਾਂਸੀ ਦੀ ਸਜ਼ਾਵਾਂ ਦੇ ਕੇ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਵਿੱਚ ਗ਼ਦਰ ਪਾਰਟੀ ਦੇ ਖ਼ਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ ਅਤੇ ਲਾਲ ਸਿੰਘ ਸਾਹਿਬਆਣਾ ਵੀ ਸ਼ਾਮਲ ਸਨ।



ਇਸ ਮੌਕੇ ਹਲਕਾ ਵਿਧਾਇਕ ਰਜਨੀਸ਼ ਦਹੀਯਾ, ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ, ਮਾਸਟਰ ਗੁਰਨਾਮ ਸਿੰਘ ਨੇ ਵੀ ਹਾਜ਼ਰੀ ਭਰਦਿਆਂ ਸ਼ਹੀਦਾਂ ਨੂੰ ਯਾਦ ਕੀਤਾ ਤੇ ਪਿੰਡ ਵਾਸੀਆਂ ਦੀ ਮੰਗ 'ਤੇ ਗ਼ਦਰੀ ਯੋਧਿਆਂ ਦੀ ਯਾਦ 'ਚ ਸਮਾਰਕ ਬਣਾਉਣ ਦਾ ਭਰੋਸਾ ਦਿੱਤਾ। ਸੁਸਾਇਟੀ ਪ੍ਰਧਾਨ ਸੁਖਮੰਦਰ ਸਿੰਘ ਢਿੱਲੋਂ, ਉਪ ਪ੍ਰਧਾਨ ਭੁਪਿੰਦਰ ਸਿੰਘ, ਸਕੱਤਰ ਦਲੇਰ ਸਿੰਘ ਤੇ ਸਮੂਹ ਕਮੇਟੀ ਮੈਂਬਰਾਂ ਵਲੋਂ ਆਏ ਮਹਿਮਾਨਾਂ ਦਾ ਮੋਮੈਂਟੋ ਦੇ ਕੇ ਸਨਮਾਨ ਕੀਤਾ। ਸਮਾਗਮ ਦੀ ਸਮਾਪਤੀ 'ਤੇ ਗੁਰਬਖ਼ਸ਼ ਸਿੰਘ ਵੱਲੋਂ 13 ਗ਼ਦਰੀ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਦੀ ਯਾਦ 'ਚ ਕਰਵਾਏ ਸਮਾਗਮ 'ਤੇ ਪਹੁੰਚੇ ਇਤਿਹਾਸਕਾਰਾਂ, ਮੁੱਖ ਮਹਿਮਾਨਾਂ ਤੇ ਨਗਰ ਵਾਸੀਆਂ ਦਾ ਧੰਨਵਾਦ ਕੀਤਾ।

# ਧੁਦਿਆਲ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਮਨਾਇਆ

## ਸ਼ਰਧਾਲੂ ਸੰਗਤਾਂ ਵਲੋਂ ਸਜਾਈਆਂ ਗਈਆਂ ਪ੍ਰਭਾਤ ਫੇਰੀਆਂ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਸਿੱਖ ਕੌਮ ਦੇ ਮਹਾਨ ਰਹਿਬਰ ਜੁੱਗੋ ਜੁੱਗ ਅਟੱਲ ਬਾਣੀ ਦੇ ਨਾਇਕ ਜਗਤ ਪਿਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਪਾਵਨ ਪਵਿੱਤਰ ਆਗਮਨ ਪੁਰਬ ਗੁਰਦੁਆਰਾ ਸ਼ਹੀਦਾਂ ਨਨਕਾਣਾ ਸਾਹਿਬ ਧੁਦਿਆਲ ਦੀ ਸਮੂਹ ਸਾਧ ਸੰਗਤ ਵਲੋਂ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ । ਆਗਮਨ ਪੁਰਬ ਮਨਾਉਣ ਤੋਂ ਪਹਿਲਾਂ ਸਮੂਹ ਨਗਰ ਦੀਆਂ ਸੰਗਤਾਂ ਵਲੋਂ ਅੰਮ੍ਰਿਤ ਵੇਲੇ ਤੋਂ ਪ੍ਰਭਾਤ ਫੇਰੀਆਂ ਸਜਾਈਆਂ ਗਈਆਂ, ਜਿਸ ਵਿੱਚ ਸਮੁੱਚੇ ਨਗਰ ਦੀਆਂ ਸੰਗਤਾਂ ਨੇ ਹੁੰਮ ਹੁੰਮਾ ਕੇ ਸ਼ਿਰਕਤ ਕੀਤੀ ਅਤੇ ਰੱਬੀ ਬਾਣੀ ਦਾ ਗੁਣਗਾਨ ਕੀਤਾ। ਆਗਮਨ ਪੁਰਬ ਦਾ ਦਿਹਾੜਾ ਰੱਬੀ ਬਾਣੀ ਦੇ ਭੋਗ ਪਾਏ ਜਾਣ ਉਪਰੰਤ ਮਨਾਇਆ ਗਿਆ। ਜਿਸ ਮੌਕੇ ਵੱਖ ਵੱਖ ਰਾਗੀ ਢਾਡੀ ਕਥਾ ਕੀਤੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਾਂਝੇ ਸੰਦੇਸ਼ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਆਈ ਸੰਗਤ ਵਿੱਚ ਗੁਰੂ ਦਾ ਲੰਗਰ ਤੁੱਟ ਵਰਤਾਇਆ ਗਿਆ।



# ਜਿਲ੍ਹਾ ਪ੍ਰਸਾਸਨ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਸਰਧਾਸੁਮਨ ਅਰਪਿਤ ਕਰਕੇ ਮਨਾਇਆ ਸੰਵਿਧਾਨ ਦਿਵਸ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪ੍ਰਸਾਸਨ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਵਿਧਾਨ ਦਿਵਸ ਮਨਾਇਆ ਗਿਆ। ਇਸ ਮੋਕੇ ਤੇ ਡਿਪਟੀ ਕਮਿਸਨਰ ਪਠਾਨਕੋਟ ਹਰਬੀਰ ਸਿੰਘ ਅਤੇ ਐਸ.ਐਸ.ਪੀ ਦਲਵਿੰਦਰ ਸਿੰਘ ਢਿੱਲੋਂ ਵਿਸ਼ੇਸ ਤੋਰ ਤੇ ਹਾਜ਼ਰ ਹੋਏ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਅੱਗੇ ਸਰਧਾ ਸੁਮਨ ਅਰਪਿਤ ਕਰਕੇ ਨਤਮਸਤਕ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਪਵਨ ਕੁਮਾਰ ਐਸ.ਡੀ.ਐਮ. ਧਾਰ ਕਲ੍ਹਾ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਡਿਪਟੀ ਕਮਿਸਨਰ ਪਠਾਨਕੋਟ ਦਾ ਸਾਰਾ ਸਟਾਫ ਵਿਸੇਸ ਤੋਰ ਤੇ ਹਾਜ਼ਰ ਹੋਏ।

ਪ੍ਰੋਗਰਾਮ ਦੇ ਅਰੰਭ ਵਿੱਚ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਵੱਲੋਂ ਵੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਅੱਗੇ ਸਰਧਾ ਸੁਮਨ ਅਰਪਿਤ ਕਰਕੇ ਨਤਮਸਤਕ ਹੋਏ। ਇਸ ਮੋਕੇ ਤੇ ਐਸ।ਡੀ।ਐਮ। ਪਠਾਨਕੋਟ ਵੱਲੋਂ ਸਵਿਧਾਨ ਦਿਵਸ ਤੇ ਸਵਿਧਾਨ ਪ੍ਰਤੀ ਅਪਣੀ ਜਿਮ੍ਹੇਦਾਰੀ ਨਿਭਾਉਂਦਿਆਂ ਹੋਇਆ ਸਹੁੰ ਚੁਕਾਈ ਗਈ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਡਿਪਟੀ ਕਮਿਸਨਰ ਪਠਾਨਕੋਟ ਹਰਬੀਰ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਯਤਨਾ ਸਦਕਾ ਸਾਨੂੰ ਸਵਿਧਾਨ ਮਿਲ ਸਕਿਆ। ਸਵਿਧਾਨ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਅਸੀਂ ਸਵਿਧਾਨ ਵਿੱਚ ਦਿੱਤੇ ਸਾਡੇ ਅਧਿਕਾਰਾਂ ਤੋਂ ਅਤੇ ਸਾਡੇ ਫਰਜਾਂ ਤੋਂ ਵੀ ਜਾਣੂ ਹੋਈਏ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਇਸ ਸਾਲ ਦੇ ਪਹਿਲੇ 9 ਮਹੀਨਿਆਂ 'ਚ ਮੌਸਮ ਦੀ ਅੱਤ ਨੇ ਭਾਰਤ 'ਚ ਮਚਾਈ ਤਬਾਹੀ

**ਨਵੀਂ ਦਿੱਲੀ–** ਭਾਰਤ ਵਿੱਚ ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਲਗਭਗ ਹਰ ਰੋਜ਼ ਮੌਸਮ ਨੇ ਅੱਤ ਚੁੱਕੀ ਰੱਖੀ, ਜਿਸ ਕਾਰਨ ਭਿਆਨਕ ਘਟਨਾਵਾਂ ਹੋਈਆਂ। ਇਨ੍ਹਾਂ ਵਿੱਚ ਤਕਰੀਬਨ 3,000 ਵਿਅਕਤੀ ਮਾਰੇ ਗਏ। ਸੁਤੰਤਰ ਸੰਸਥਾ 'ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ' (ਸੀਐੱਸਈ) ਵੱਲੋਂ ਅੱਜ ਜਾਰੀ ਰਿਪੋਰਟ ਅਨੁਸਾਰ ਜਲਵਾਯੂ ਪੱਖੋਂ ਸੰਵੇਦਨਸ਼ੀਲ ਦੇਸ਼ ਵਿੱਚ ਜਨਵਰੀ ਤੋਂ ਸਤੰਬਰ 2023 ਤੱਕ ਦੇ 86 ਫੀਸਦ ਦਿਨਾਂ ਵਿੱਚ ਮੌਸਮ ਨੇ ਅੱਤ ਚੁੱਕੀ ਰੱਖੀ ਭਾਵ ਇਹ ਆਮ ਨਾਲੋਂ ਜ਼ਿਆਦਾ ਠੰਢੇ ਤੇ ਗਰਮ ਹੋਣ ਦੇ ਨਾਲ ਨਾਲ ਵੱਧ ਬਰਸਾਤ ਵਾਲੇ ਰਹੇ। ਸੀਐੱਸਈ ਨੇ ਕਿਹਾ ਕਿ ਇਸ ਸਮੇਂ ਦੌਰਾਨ 2,923 ਵਿਅਕਤੀਆਂ ਦੀ ਮੌਤ ਹੋ ਗਈ, 20 ਲੱਖ ਹੈਕਟੇਅਰ ਵਿੱਚ ਖੜ੍ਹੀ ਫਸਲ ਤਬਾਹ ਹੋ ਗਈ, 80,000 ਘਰ ਢਹਿ ਗਏ ਅਤੇ 92,000 ਤੋਂ ਵੱਧ ਪਸ਼ੂ ਮਾਰੇ ਗਏ। ਅਜਿਹੀਆਂ ਘਟਨਾਵਾਂ ਦੀ ਸਭ ਤੋਂ ਵੱਧ ਗਿਣਤੀ ਮੱਧ ਪ੍ਰਦੇਸ਼ ਵਿੱਚ ਦੇਖੀ ਗਈ ਜੋ 138 ਸੀ ਪਰ ਅਜਿਹੀਆਂ ਘਟਨਾਵਾਂ ਕਾਰਨ ਸਭ ਤੋਂ ਵੱਧ ਮੌਤਾਂ ਬਿਹਾਰ (642), ਹਿਮਾਚਲ ਪ੍ਰਦੇਸ਼ (365) ਅਤੇ ਉੱਤਰ ਪ੍ਰਦੇਸ਼ (341) ਵਿੱਚ ਹੋਈਆਂ ਹਨ। ਪੰਜਾਬ ਵਿਚ ਸਭ ਤੋਂ ਵੱਧ ਪਸ਼ੂਆਂ ਦੀ ਮੌਤ ਮੌਸਮ ਦੇ ਸਿਖ਼ਰ 'ਤੇ ਪਹੁੰਚਣ ਕਾਰਨ ਹੋਈ ਹੈ, ਜਦੋਂ ਕਿ ਹਿਮਾਚਲ ਪ੍ਰਦੇਸ਼ ਵਿਚ ਘਰਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਇਸ ਸਾਲ ਜਨਵਰੀ ਦਾ ਮਹੀਨਾ ਔਸਤ ਨਾਲੋਂ ਥੋੜ੍ਹਾ ਗਰਮ ਰਿਹਾ, ਜਦੋਂ ਕਿ ਫਰਵਰੀ ਨੇ ਸਭ ਤੋਂ ਗਰਮ ਹੋਣ ਦਾ 122 ਸਾਲਾਂ ਦਾ ਰਿਕਾਰਡ ਤੋੜ ਦਿੱਤਾ।

# ਫਗਵਾੜਾ ਵਿਖੇ ਲਾਲ ਸਿੰਘ ਦਸੂਹਾ ਅਤੇ ਜਸਪਾਲ ਜੀਰਵੀ ਨੂੰ ਦਿੱਤਾ ਗਿਆ "ਸ਼ਬਦ- ਸਿਰਜਣਹਾਰੇ" ਸਨਮਾਨ





**ਫਗਵਾੜਾ–** ਮਿਤੀ 26 ਨਵੰਬਰ 2023 ਨੂੰ ਸਕੇਪ ਸਾਹਿਤਕ ਸੰਸਥਾ (ਰਜਿ:) ਫਗਵਾੜਾ ਵੱਲੋਂ ਬਲੱਡ ਬੈਂਕ ਹਰਗੋਬਿੰਦ ਨਗਰ ਵਿਖੇ ਸਲਾਨਾ "ਸ਼ਬਦ- ਸਿਰਜਣਹਾਰੇ" ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਉੱਘੀਆਂ ਸਖ਼ਸ਼ੀਅਤਾਂ ਸਕੇਪ ਸਾਹਿਤਕ ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ, ਸੰਸਥਾ ਦੇ ਸਰਪ੍ਰਸਤ ਪ੍ਰਿੰ. ਗੁਰਮੀਤ ਸਿੰਘ ਪਲਾਹੀ,ਮੁੱਖ ਮਹਿਮਾਨ ਨਰਪਾਲ ਸਿੰਘ ਸ਼ੇਰਗਿੱਲ, ਕਹਾਣੀਕਾਰ, ਲਾਲ ਸਿੰਘ ਦਸੂਹਾ, ਗ਼ਜ਼ਲਗੋ ਜਸਪਾਲ ਜੀਰਵੀ, ਅਮਰੀਕ ਡੋਗਰਾ, ਨਛੱਤਰ ਸਿੰਘ ਭੋਗਲ, ਰਾਮ ਪਾਲ ਮੱਲ ਸ਼ਾਮਲ ਹੋਏ। ਉੱਘੇ ਕਹਾਣੀਕਾਰ ਰਵਿੰਦਰ ਚੋਟ ਨੇ ਗ਼ਜ਼ਲਗੋ ਜਸਪਾਲ ਜੀਰਵੀ ਦਾ ਸਨਮਾਨ ਪੱਤਰ ਅਤੇ ਗ਼ਜ਼ਲਗੋ ਬਲਦੇਵ ਰਾਜ ਕੋਮਲ ਨੇ ਕਹਾਣੀਕਾਰ ਲਾਲ ਸਿੰਘ ਦਸੂਹਾ ਦਾ ਸਨਮਾਨ ਪੱਤਰ ਪੜ੍ਹ ਕੇ ਸੁਣਾਇਆ। ਇਸ ਉਪਰੰਤ ਸੰਸਥਾ ਵੱਲੋਂ ਉੱਘੇ ਕਹਾਣੀਕਾਰ ਲਾਲ ਸਿੰਘ ਦਸੂਹਾ ਅਤੇ ਪ੍ਰਸਿੱਧ ਗ਼ਜ਼ਲਗੋ ਜਸਪਾਲ ਜੀਰਵੀ ਨੂੰ "ਸ਼ਬਦ-ਸਿਰਜਣਹਾਰੇ" ਸਨਮਾਨ ਨਾਲ਼ ਨਿਵਾਜ਼ਿਆ ਗਿਆ।

ਸਕੇਪ ਸਾਹਿਤਕ ਸੰਸਥਾ ਦੇ ਸਰਪ੍ਰਸਤ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਸਰੋਤਿਆਂ ਨੂੰ ਲਾਲ ਸਿੰਘ ਅਤੇ ਜਸਪਾਲ ਜੀਰਵੀ ਦੇ ਸੰਘਰਸ਼ਾਂ ਭਰੇ ਅਤੇ ਔਕੜਾਂ ਭਰੇ ਜੀਵਨ ਸਫ਼ਰ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਧਰਤੀ ਨਾਲ ਜੁੜੇ ਇਹਨਾਂ ਦੋਵਾਂ ਲੇਖਕਾਂ ਨੇ ਆਪਣੀ ਸਾਰੀ ਉਮਰ ਸਾਹਿਤਕ ਕੰਮਾਂ ਦੇ ਲੇਖੇ ਲਗਾ ਦਿੱਤੀ।ਲੋਕਾਂ ਨਾਲ਼ ਜੁੜੇ ਲੋਕ ਅਕਸਰ ਸਰਕਾਰਾਂ ਦੀਆਂ ਅੱਖਾਂ ਵਿੱਚ ਰੜਕਦੇ ਹਨ ਅਤੇ ਅਣਦੇਖੀ ਦਾ ਸ਼ਿਕਾਰ ਹੁੰਦੇ ਹਨ। ਇਹ ਦੋਵੇਂ ਯੋਧੇ ਨਿਰ-ਸੁਆਰਥ ਢੰਗ ਨਾਲ਼ ਸਰੀਰਕ ਲੜਾਈ ਲੜਦਿਆਂ, ਮਾਨਸਿਕ ਤੌਰ 'ਤੇ ਔਖੇ ਹੋ ਕੇ ਵੀ ਸਾਹਿਤ ਲਈ ਕਾਰਜ ਕਰ ਰਹੇ ਹਨ। ਧਰਤੀ ਨਾਲ ਜੁੜੇ ਇਹਨਾਂ ਦੋਵਾਂ ਸਾਹਿਤਕਾਰਾਂ ਦੀ ਜ਼ਿੰਦਗੀ ਭਰ ਦੀ ਕਮਾਈ ਲਈ ਇਹਨਾਂ ਨੂੰ "ਸ਼ਬਦ- ਸਿਰਜਣਹਾਰੇ" ਸਨਮਾਨ ਦਿੰਦਿਆਂ ਸੰਸਥਾ ਮਾਣ ਮਹਿਸੂਸ ਕਰ ਰਹੀ ਹੈ।ਜਸਪਾਲ ਜੀਰਵੀ ਨੇ ਆਪਣੇ ਜਜ਼ਬਾਤ ਸਰੋਤਿਆਂ ਨਾਲ ਸਾਂਝੇ ਕਰਦਿਆਂ ਆਪਣੀਆਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀਆਂ ਅਤੇ ਸੰਸਥਾ ਦਾ ਧੰਨਵਾਦ ਕਰਦਿਆ ਕਿਹਾ ਕਿ ਉਹ ਹਮੇਸ਼ਾ ਸਾਹਿਤਕ ਸੇਵਾ ਲਈ ਹਾਜ਼ਰ ਰਹਿਣਗੇ।

ਕਹਾਣੀਕਾਰ ਲਾਲ ਸਿੰਘ ਦਸੂਹਾ ਨੇ ਵੀ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾ ਜ਼ਿੰਦਗੀ ਭਰ ਲੋਕਾਂ ਸੰਗ ਖੜਨ ਦਾ ਯਤਨ ਕੀਤਾ ਹੈ। ਕਵੀ ਦਰਬਾਰ ਦਾ ਅਰੰਭ ਸੁਖਦੇਵ ਸਿੰਘ ਗੰਡਵਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਧਾਰਮਿਕ ਗੀਤ ਨਾਲ਼ ਕੀਤਾ ਗਿਆ।

ਇਸ ਉਪਰੰਤ ਸਮਾਗਮ ਵਿੱਚ ਹਾਜ਼ਰ 50 ਤੋਂ ਵੱਧ ਕਵੀਆਂ, ਸ਼ਾਇਰਾਂ, ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ, ਨਜ਼ਮਾਂ, ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਬਚਨ ਗੁੜਾ, ਸੋਢੀ ਸੱਤੋਵਾਲੀ, ਸੁਰਜੀਤ ਸਿੰਘ ਬੁਲਾੜ੍ਹੀ ਕਲਾਂ,ਸੀਤਲ ਰਾਮ ਬੰਗਾ,ਸਿਮਰਤ ਕੌਰ, ਜਸਵੰਤ ਸਿੰਘ ਮਜਬੂਰ, ਅਸ਼ੀਸ਼ ਗਾਂਧੀ, ਮੋਨਿਕਾ ਬੇਦੀ, ਬਲਬੀਰ ਕੌਰ ਬੱਬੂ ਸੈਣੀ, ਉਰਮਲਜੀਤ ਸਿੰਘ ਵਾਲੀਆ,ਨਗੀਨਾ ਸਿੰਘ ਬਲੱਗਣ,ਅਸ਼ੋਕ ਮਹਿਰਾ, ਮਨਮੀਤ ਮੇਵੀ, ਅਸ਼ੋਕ ਸ਼ਰਮਾ, ਸ਼ਾਮ ਸਰਗੁੰਦੀ, ਮਨੋਜ ਫਗਵਾੜਵੀ, ਉਰਮਲਜੀਤ ਸਿੰਘ ਵਾਲੀਆ,ਓਮ ਪ੍ਰਕਾਸ਼ ਸੰਦਲ, ਬਲਦੇਵ ਰਾਜ ਕੋਮਲ, ਦੇਵ ਰਾਜ ਦਾਦਰ, ਲਸ਼ਕਰ ਢੰਡਵਾੜਵੀ, ਹਰਚਰਨ ਭਾਰਤੀ, ਗੁਰਦੀਪ ਸਿੰਘ ਭੰਮਰਾ, ਕਰਮਜੀਤ ਸਿੰਘ ਸੰਧੂ, ਜਰਨੈਲ ਸਿੰਘ ਸਾਖੀ, ਗੁਰਨੂਰ ਕੌਰ, ਸੁਬੇਗ ਸਿੰਘ ਹੰਜਰਾਅ, ਦਲਜੀਤ ਮਹਿਮੀ, ਰਵਿੰਦਰ ਚੋਟ ਜੀ ਆਦਿ ਕਵੀ ਸਹਿਬਾਨ ਨੇ,ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ।

ਮੁੱਖ ਮਹਿਮਾਨ ਉੱਘੇ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਜੀ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਹ ਆਪਣੇ ਦੇਸ, ਆਪਣੀ ਧਰਤੀ 'ਤੇ ਰਹਿੰਦਿਆਂ, ਕਿਰਤ ਕਮਾਈ ਕਰਦਿਆਂ ਆਪਣਾ ਨਾਮ ਬਣਾਉਣ। ਉਹਨਾਂ ਸੁਨੇਹਾ ਦਿੱਤਾ ਕਿ ਨੌਜਵਾਨ ਆਪਣੀ ਧਰਤੀ, ਆਪਣਾ ਘਰ-ਬਾਰ ਵੇਚ ਕੇ ਵਿਦੇਸ਼ ਜਾਣ ਦੀ ਥਾਂ ਇਸੇ ਧਰਤੀ 'ਤੇ ਰਹਿ ਕੇ ਕਾਮਯਾਬੀ ਹਾਸਲ ਕਰਨ ਲਈ ਮਿਹਨਤ ਕਰਨ। ਸਮਾਗਮ ਦੇ ਅਖੀਰ ਵਿੱਚ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਜੀ ਨੇ ਆਪਣੀ ਗਾਇਕੀ ਨਾਲ਼ ਸਰੋਤਿਆਂ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਸੁਖਵਿੰਦਰ ਸਿੰਘ,ਐਡਵੋਕੇਟ ਐਸ. ਐਲ. ਵਿਰਦੀ, ਮਨਦੀਪ ਸਿੰਘ, ਸੁਸ਼ੀਲ ਸ਼ਰਮਾ,ਅਨਮੋਲ ਜੀਰਵੀ, ਹਰਸ਼ ਮੱਲ, ਚੈਨ ਮੱਥਫੱਲੂ, ਗਿਆਨ ਕੌਰ, ਅਰਵਿੰਦਰ ਪਾਂਡੇ, ਨਰਿੰਦਰ ਸਿੰਘ ਸੈਣੀ, ਅਮਰਿੰਦਰ ਸਿੰਘ, ਕਸ਼ਮੀਰ ਸਿੰਘ, ਸੁਰਿੰਦਰ ਸਿੰਘ ਨੇਕੀ, ਬਲਵਿੰਦਰ ਕੁਮਾਰ, ਰਾਜਨ ਕੁਮਾਰ, ਮੋਹਨ ਸਾਹਿਲ ਜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਸ਼ਿਰਕਤ ਕੀਤੀ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਕਮਲੇਸ਼ ਸੰਧੂ ਨੇ ਨਿਭਾਈ। ਇਸ ਤਰ੍ਹਾਂ ਸਕੇਪ ਸਾਹਿਤਕ ਸੰਸਥਾ ਦਾ ਇਹ ਸਲਾਨਾ ਸਨਮਾਨ ਸਮਾਰੋਹ ਸਮਾਗਮ ਯਾਦਗਾਰੀ ਹੋ ਨਿਬੜਿਆ।

**–ਗੁਰਮੀਤ ਸਿੰਘ ਪਲਾਹੀ**







# ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਕੀਤੇ ਜਾਣ ਵਾਲੇ ਪ੍ਰਬੰਧਾਂ ਡੀ.ਸੀ ਨੇ ਕੀਤੀ ਮੀਟਿੰਗ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਹਰੇਕ ਵਿਧਾਨ ਸਭਾ ਖੇਤਰ ਵਿੱਚੋਂ 2/3 ਬੱਸਾਂ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਚਲਾਈਆਂ ਜਾਣਗੀਆਂ, ਜਿਸ ਅਧੀਨ ਅੱਜ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਡਿਪਟੀ ਕਮਿਸਨਰ ਕੈਂਪ ਆਫਿਸ ਮਾਧੋਪੁਰ ਵਿਖੇ ਸਬੰਧਤ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ। ਸੁਮਿਤ ਮੁਧ ਐਸ।ਡੀ।ਐਮ। ਪਠਾਨਕੋਟ, ਡਾ। ਆਦਿੱਤੀ ਸਲਾਰੀਆਂ ਸਿਵਲ ਸਰਜਨ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੋਰਾਨ ਜਾਣਕਾਰੀ ਦਿੰਦਿਆਂ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਉਂਣ ਦੇ ਉਦੇਸ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸੁਰੂ ਕੀਤੀ ਜਾ ਰਹੀ ਹੈ। ਜਿਸ ਅਧੀਨ ਤੀਰਥ ਯਾਤਰਾ ਲਈ ਹਰ ਚੋਣ ਹਲਕੇ ਵਿਚੋਂ 2/3 ਬੱਸਾਂ ਹਰ ਮਹੀਨੇ ਵੱਖ ਵੱਖ ਸਥਾਨਾਂ ਲਈ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਤੀਰਥ ਯਾਤਰਾ ਸਕੀਮ ਵਿਚ ਧਾਰਮਿਕ ਸਥਾਨਾਂ ਦੇ ਸਰਕਟ ਨਿਰਧਾਰਤ ਕੀਤੇ ਗਏ ਹਨ ਜਿਸ ਅਧੀਨ (1) ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਤਲਵੰਡੀ ਸਾਬੋ ਅਤੇ ਆਨੰਦਪੁਰ ਸਾਹਿਬ, ਪੰਜਾਬ,(2) ਮਾਤਾ ਜਵਾਲਾਜੀ, ਮਾਤਾ ਚਿੰਤਪੁਰਨੀ ਜੀ, ਮਾਤਾ ਨੈਣਾਂ ਦੇਵੀ ਜੀ, ਹਮਾਚਲ ਪ੍ਰਦੇਸ਼ (3) ਮਾਤਾ ਵੈਸ਼ਨੂੰ ਦੇਵੀ ਜੀ, ਜੰਮੂ ਅਤੇ ਕਸ਼ਮੀਰ ਅਤੇ (4) ਸਾਲਾਸਰ ਬਾਲਾਜੀ ਧਾਮ ਅਤੇ ਖਾਟੂ ਸਿਆਮ ਧਾਮ, ਰਾਜਸਥਾਨ ਲਈ ਚਲਾਈਆਂ ਜਾਣਗੀਆਂ। ਜਿਸ ਦਾ ਪਲਾਨ ਆਉਂਣ ਤੇ ਹਰੇਕ ਵਿਧਾਨ ਸਭਾ ਖੇਤਰ ਅੰਦਰ ਇੱਕ ਸਥਾਨ ਨਿਰਧਾਰਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਚਲਾਈ ਜਾ ਰਹੀਆਂ ਬੱਸਾਂ ਫ੍ਰੀ ਹਨ ਅਤੇ ਯਾਤਰਾ ਦੋਰਾਨ ਰਾਤ ਰਹਿਣ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਮੀਟਿੰਗ ਦੋਰਾਨ ਉਪਰੋਕਤ ਯਾਤਰਾ ਦੇ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦੇ ਲਈ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

# ਗੜ੍ਹਸ਼ੰਕਰ 'ਚ ਵਿਦੇਸ਼ੀ ਧਰਤੀ ਤੇ ਵੱਸਦੇ ਪਰਿਵਾਰਾਂ ਨੇ ਸੁੱਖ ਸ਼ਾਂਤੀ ਲਈ ਸ਼੍ਰੀ ਅਖੰਡ ਪਾਠ ਕਰਵਾਏ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਵਿਦੇਸ਼ਾਂ ਵਿੱਚ ਵੱਸਦੇ ਪਰਿਵਾਰਾਂ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਰੱਬੀ ਬਾਣੀ ਦੇ ਰਖਾਏ ਅਖੰਡ ਪਾਠ ਦੇ ਭੋਗ ਪਾਏ ਗਏ ਸ ਅਜੀਤ ਸਿੰਘ ਗਿੱਲ ਯੂ ਐਸ ਏ, ਗੁਰਪਾਲ ਸਿੰਘ ਨਾਗਰਾ, ਮਨਜੀਤ ਸਿੰਘ ਖੱਖ, ਮਹਾਵੀਰ, ਪਰਮਿੰਦਰ ਸਿੰਘ, ਪੰਡਤ ਵੇਦ ਪ੍ਰਕਾਸ਼ ਅਗਨੀਹੋਤਰੀ, ਸੁਰਜੀਤ ਸਿੰਘ ਅਕਾਲਗੜ, ਜਸਵੀਰ ਸਿੰਘ ਪਨੇਸਰ, ਕੁਲਵੰਤ ਸਿੰਘ ਸੈਣੀ, ਅਵਤਾਰ ਸਿੰਘ ਅਰੋੜਾ, ਤਰਲੋਚਨ ਸਿੰਘ ਚੋਹਾਨ, ਸਨੀ, ਕਿਰਪਾਲ, ਤੀਰਥ ਸਿੰਘ ਰੱਤੂ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ ਭਾਈ ਤਿਲਕੂ ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਸਨਮਾਨ ਚਿੰਨ ਤੇ ਸਿਰੋਪਾਓ ਨਾਲ ਮਾਣ ਸਨਮਾਨ ਕੀਤਾ ਗਿਆ।ਅੱਜ ਸਤਿਗੁਰੂ ਦਾ ਓਟ ਆਸਰਾ ਲੈਕੇ ਨਗਰ ਕੀਰਤਨ ਲਈ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਾਲੀ ਗੱਡੀ ਦਾ ਫੈਸਲਾ ਕੀਤਾ ਗਿਆ ਤੇ ਤਿਆਰੀਆਂ ਅਰੰਭ ਕੀਤੀਆਂ ਗਈਆਂ। ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਤੱਕ ਤਿਆਰ ਹੋਵੇਗੀ। ਅੱਜ ਦੇ ਸਮਾਗਮ ਵਿੱਚ ਡਾ ਜੰਗ ਬਹਾਦਰ ਸਿੰਘ ਰਾਏ, ਨਰਿੰਦਰ ਸਿੰਘ ਅਰੋੜਾ, ਅੰਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਤਰਲੋਕ ਸਿੰਘ ਅਰੋੜਾ, ਤੀਰਥ ਸਿੰਘ ਰੱਤੂ, ਅਮਨਦੀਪ ਸਿੰਘ ਬੈਂਸ, ਹਰਮਿੰਦਰ ਸਿੰਘ ਬਾਠ ਹਾਜ਼ਰ ਹੋਏ।ਕੰਨਿਆ ਵਿਦਿਆਲਾ ਦੀਆਂ ਬੱਚੀਆਂ ਸਟਾਫ, ਗੁਰਸੇਵਾ ਨਰਸਿੰਗ ਕਾਲਜ ਤੇ ਗੁਰੂ ਤੇਗ ਬਹਾਦਰ ਸਕੂਲ ਦੇ ਬੱਚੇ ਸ਼ਾਮਲ ਹੋਏ ਗੁਰੂ ਕਾ ਲੰਗਰ ਅਤੁੱਟ ਵਰਤਿਆ। ਬਲਬੀਰ ਸਿੰਘ ਚੰਗਿਆੜਾ ਨੇ ਸਭ ਸੰਗਤਾਂ ਤੇ ਬੱਚਿਆਂ ਦਾ ਧੰਨਵਾਦ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਛੋਟੇ ਪਲਾਟ ਤੇ ਘਰਾਂ ਦੀ ਖਰੀਦ-ਵੇਚ ਐਨਓਸੀ ਸ਼ਰਤ ਨਾਲ ਰੁਕਣ ਕਰਕੇ ਕਰੋੜਾਂ ਪੰਜਾਬੀ ਪ੍ਰਭਾਵਿਤ - ਜਸਵੀਰ ਸਿੰਘ ਗੜ੍ਹੀ



**ਫਗਵਾੜਾ (ਬੀ.ਕੇ. ਰੱਤੂ)–** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਛੋਟੇ ਪਲਾਟ ਤੇ ਘਰਾਂ ਦੀ ਖਰੀਦ-ਵੇਚ ਐਨਓਸੀ ਸ਼ਰਤ ਨਾਲ ਰੁਕਣ ਕਰਕੇ ਕਰੋੜਾਂ ਮੱਧਵਰਗੀ ਤੇ ਗਰੀਬ ਪੰਜਾਬੀ ਪ੍ਰਭਾਵਿਤ ਹੋ ਰਹੇ ਹਨ। ਇਹਨਾ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਕਿਹਾ ਕਿ ਗੈਰਕਾਨੂੰਨੀ ਕਲੋਨੀਆਂ ਦੀ ਉਸਾਰੀ ਤੇ ਰੋਕ ਦੇ ਨਾਮ ਤੇ ਅੱਜ ਪੰਜਾਬ ਦੀਆਂ 20,000 ਕਾਲੋਨੀਆਂ ਵਿੱਚ ਵਸਦੇ ਲੱਖਾਂ ਲੋਕ ਆਪਣਾ ਫਲੈਟ ਤੇ ਪਲਾਟ ਖਰੀਦ ਵੇਚ ਕਰਨ ਤੋਂ ਅਸਮਰਥ ਹੋ ਗਏ ਹਨ ਤੇ ਸਰਕਾਰ ਘੂਕ ਸੁੱਤੀ ਪਈ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਵੀ ਜੂਆ ਪਰਚੀ ਰਾਹੀਂ ਅੱਧੇ ਪਿੰਡਾਂ ਵਿਚ ਇਕ ਕਨਾਲ ਤੋਂ ਘੱਟ ਦੀ ਜ਼ਮੀਨ/ਪਲਾਟ ਤੇ ਰਜਿਸਟਰੀ ਦੀ ਰੋਕ ਲੱਗੀ ਹੋਈ ਹੈ। ਅੱਜ ਪੰਜਾਬ ਵਿੱਚ ਲਾਲ ਲਕੀਰ ਦੀਆਂ ਰਜਿਸਟਰੀਆਂ ਵੀ ਬੰਦ ਹਨ। ਸ ਗੜ੍ਹੀ ਨੇ ਕਿਹਾ ਕਿ ਇਹਨਾਂ ਤਿੰਨ ਕਾਲੇ ਕਾਨੂੰਨਾਂ ਨਾਲ ਪੰਜਾਬ ਦੇ ਮੱਧਵਰਗੀ ਲੋਕ ਆਪਣਾ ਘਰ/ ਪਲਾਟ/ ਜ਼ਮੀਨ ਵੇਚਣ ਤੋਂ ਅਸਮਰਥ ਹੋ ਗਏ ਹਨ। ਅਜਿਹੇ ਹਾਲਾਤਾਂ ਵਿੱਚ ਪੰਜਾਬ ਵਿੱਚ ਇੱਟਾਂ, ਲੋਹਾ, ਸਰੀਆਂ, ਹਾਰਡਵੇਅਰ, ਲੱਕੜ, ਰੇਤਾ ਸੀਮੇਂਟ, ਪਲੰਬਰ, ਬਿਜਲੀ, ਆਦਿ ਦੇ ਵਪਾਰੀ ਦੇ ਨਾਲ ਨਾਲ ਮਜ਼ਦੂਰ ਮਿਸਤਰੀ ਦਾ ਕੰਮ ਬੰਦ ਹੋ ਗਿਆ ਹੈ ਜੋਕਿ ਪੰਜਾਬ ਦੇ 50% ਆਬਾਦੀ ਵਿਚ ਹਨ। ਸਰਕਾਰ ਦੀ ਨੀਤੀ ਵਿਚ ਗਰੀਬ ਤੇ ਆਮ ਆਦਮੀ ਦੀ ਪਰੇਸ਼ਾਨੀ ਨਹੀਂ, ਸਗੋਂ ਇਹ ਗੈਰ ਕਾਨੂੰਨੀ ਕਾਲੋਨੀਆਂ ਦੀ ਉਸਾਰੀ ਕਰਨ ਵਾਲਿਆ ਖ਼ਿਲਾਫ਼ ਆਰਥਿਕ ਜੁਰਮਾਨੇ ਲਗਣੇ ਚਾਹੀਦੇ ਸਨ, ਇਸ ਦੇ ਨਾਲ ਨਾਲ ਇਸ ਸਾਰੇ ਘਪਲੇ ਵਿਚ ਸ਼ਾਮਿਲ ਪ੍ਰਸ਼ਾਸ਼ਨਿਕ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਸਜਾ ਮਿਲਣੀ ਚਾਹੀਦੀ ਸੀ।

ਇਸ ਮੌਕੇ ਆਮ ਆਦਮੀ ਘਰ ਬਚਾਓ ਮੋਰਚਾ ਦੇ ਸੂਬਾ ਕਨਵੀਨਰ ਹਰਮਿੰਦਰ ਸਿੰਘ ਮਾਵੀ ਤੇ ਕਨੂੰਨੀ ਸਲਾਹਕਾਰ ਸ ਦਰਸ਼ਨ ਸਿੰਘ ਧਾਰੀਵਾਲ ਕਿ ਨੇ ਕਿਹਾ ਕਿ ਉਹ ਪਿਛਲੇ 14 ਮਹੀਨਿਆਂ ਤੋਂ ਆਮ ਲੋਕਾਂ ਨੂੰ ਇਹਨਾਂ ਕਾਲੇ ਕਾਨੂੰਨਾਂ ਦੀਆਂ ਲੋਕ ਮਾਰੂ ਨੀਤੀਆਂ ਤੋਂ ਰਾਹਤ ਦੁਆਉਣ ਲਈ ਲਗਾਤਾਰ ਯਤਨਸ਼ੀਲ ਹਨ, ਜਿਸ ਤਹਿਤ ਸਰਕਾਰ ਨੂੰ ਤੁਰੰਤ ਕਾਰਵਾਈ ਕਰਦੇ ਹੋਏ ਐਨ ਓ ਸੀ ਤੋਂ ਰਾਹਤ ਦਿੰਦੇ ਹੋਏ ਵੀਹ ਹਾਜ਼ਰ ਕਾਲੋਨੀਆਂ ਨੂੰ ਰੈਗੂਲਰ ਕਰਕੇ ਕਰੋੜਾਂ ਪੰਜਾਬੀਆਂ ਨੂੰ ਰਾਹਤ ਦੇਣੀ ਚਾਹੀਦੀ ਹੈ। ਇਸ ਮੌਕੇ ਬਸਪਾ ਸੂਬਾ ਜਨਰਲ ਸਕੱਤਰ ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਜਿਲ੍ਹਾਂ ਬਸਪਾ ਪ੍ਰਧਾਨ ਸੁਖਦੇਵ ਸਿੰਘ ਚਪੜਚਿੜੀ, ਜਿਲ੍ਹਾਂ ਬਸਪਾ ਇੰਚਾਰਜ ਹਰਨੇਕ ਸਿੰਘ, ਵਿਧਾਨ ਸਭਾ ਪ੍ਰਧਾਨ ਹਰਦੀਪ ਸਿੰਘ, ਯੂਥ ਆਗੂ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਫੈਸਟੀਬਲ ਆਫ ਰਿਵਰਜ ਦੇ ਸਬੰਧ ਵਿੱਚ ਡਿਪਟੀ ਕਮਿਸਨਰ ਪਠਾਨਕੋਟ ਨੇ ਜਿਲ੍ਹਾ ਅਧਿਕਾਰੀਆਂ ਨਾਲ ਮਿਲ ਕੇ ਕੀਤੀ ਰੂਪ ਰੇਖਾ ਤਿਆਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸਾ ਨਿਰਦੇਸਾਂ ਅਨੁਸਾਰ ਦਸੰਬਰ ਮਹੀਨੇ ਦੋਰਾਨ ਜਿਲ੍ਹਾ ਪਠਾਨਕੋਟ ਵਿਖੇ ਆਯੋਜਿਤ ਕੀਤੇ ਜਾ ਰਹੇ ਫੈਸਟੀਬਲ ਆਫ ਰਿਵਰਜ ਰਾਜ ਪੱਧਰੀ ਪ੍ਰੋਗਰਾਮਾਂ ਦੇ ਸਬੰਧ ਵਿੱਚ ਡਿਪਟੀ ਕਮਿਸਨਰ ਪਠਾਨਕੋਟ ਸ।.ਹਰਬੀਰ ਸਿੰਘ ਨੇ ਸਬੰਧ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਡਿਪਟੀ ਕਮਿਸਨਰ ਕੈਂਪ ਆਫਿਸ ਮਾਧੋਪੁਰ ਵਿਖੇ ਆਯੋਜਿਤ ਕੀਤੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਪਵਨ ਕੁਮਾਰ ਡੀ.ਆਰ.ਓ.-ਕਮ-ਐਸ. ਡੀ. ਐਮ. ਧਾਰ ਕਲ੍ਹਾਂ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਤੇ ਸੈਨੀਟੇਸਨ ਪਠਾਨੋਕਟ, ਮਨੋਜ ਕੁਮਾਰ ਐਸ.ਪੀ. ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਸਬੰਧਤ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ।

ਇਸ ਮੋਕੇ ਤੇ ਡਿਪਟੀ ਕਮਿਸਨਰ ਹਰਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸਾ ਨਿਰਦੇਸਾਂ ਹੇਠ ਜਿਲ੍ਹਾ ਪਠਾਨਕੋਟ ਵਿਖੇ ਦਸੰਬਰ ਮਹੀਨੇ ਦੋਰਾਨ ਫੈਸਟੀਬਲ ਆਫ ਰਿਵਰਜ ਰਾਜ ਪੱਧਰੀ ਪ੍ਰੋਗਰਾਮ ਆਯੋਜਿਤ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਲੋਕਾਂ ਲਈ ਖਿੱਚ ਦਾ ਕੇਂਦਰ ਹੋਣਗੇ। ਉਨ੍ਹਾਂ ਦੱਸਿਆ ਕਿ ਕੁਦਰਤੀ ਜਲ ਸਰੋਤਾਂ ਦੀ ਸੰਭਾਲ ਨੂੰ ਸਮਰਪਿਤ ਇੱਹ ਸੂਬਾ ਪੱਧਰੀ ਪ੍ਰੋਗਰਾਮ ਲੋਕਾਂ ਨੂੰ ਪਾਣੀ ਦੀ ਸੰਭਾਲ ਪ੍ਰਤੀ ਜਾਗਰੁਕ ਕਰਨਗੇ। ਜਿਕਰਯੋਗ ਹੈ ਕਿ ਮੀਟਿੰਗ ਦੋਰਾਨ ਉਪਰੋਕਤ ਸਬੰਧਤ ਚਲਾਏ ਜਾ ਰਹੇ ਪ੍ਰੋਗਰਾਮ ਨੂੰ ਹੋਰ ਵੀ ਵਧੀਆਂ ਢੰਗ ਨਾਲ ਕਰਵਾਉਂਣ ਦੇ ਲਈ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਨਿਰਧਾਰਤ ਕੀਤੇ ਸਮਾਗਮਾਂ ਨੂੰ ਲੜੀਬੱਧ ਕਰਵਾਉਂਣ ਲਈ ਤਿਆਰੀਆਂ ਵੀ ਜਲਦੀ ਸੁਰੂ ਕਰ ਦਿੱਤੀਆਂ ਗਈਆਂ ਹਨ। ਜਿਸ ਵਿੱਚ ਵਾਟਰ ਗੇਮ ਕੈਕਿੰਗ, ਰੋਇੰਗ, ਡ੍ਰੈਗਨ ਵੋਟਿੰਗ ਅਤੇ ਸਕਿੰਗ ਗੇਮਾ ਸਾਮਲ ਹਨ। ਇਸ ਤੋਂ ਇਲਾਵਾ ਪੈਰਾਸੀਲਿੰਗ ਵੀ ਕਰਵਾਈ ਜਾਏਗੀ। ਉਨ੍ਹਾਂ ਦੱਸਿਆ ਕਿ ਲੜੀਵਾਰ ਪ੍ਰੋਗਰਾਮਾਂ ਅਧੀਨ ਬੱਚਿਆਂ ਦੇ ਪੇਟਿੰਗ ਮੁਕਾਬਲੇ ਕਰਵਾਏ ਜਾਣਗੇ ਅਤੇ ਸਟਾਰ ਨਾਈਟ ਵੀ ਆਯੋਜਿਤ ਕੀਤੀ ਜਾਵੇਗੀ ਜਿਸ ਵਿੱਚ ਪੰਜਾਬ ਦੇ ਨਾਮੀ ਕਲਾਕਾਰ ਹਾਜ਼ਰ ਰਹਿਣਗੇ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿੱਚ ਅਜਿਹੇ ਰਾਜ ਪੱਧਰੀ ਸਮਾਗਮਾਂ ਦੇ ਚਲਦਿਆਂ ਪਠਾਨਕੋਟ ਨੂੰ ਵੀ ਇੱਕ ਵੱਖਰੀ ਪਹਿਚਾਣ ਮਿਲੇਗੀ।


# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮ ੰਚ ਵੱਲੋਂ ਨਾਮਵਰ ਸਮਾਜ ਸੇਵੀ ਤੇ ਉੱਘੇ ਅਧਿਆਪਕ ਆਗੂ ਤੇ ਸੋਸ਼ਿਲਿਸਟ ਪਾਰਟੀ (ਇੰਡੀਆ) ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਡੂ ੰਘੇ ਦੁ ੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮ ੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ, ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਮਨਮੋਹਨ ਸਿੰਘ ਬਰਾੜ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈ ੰਬਰਾਨ ਨੇ ਕਿਹਾ ਕਿ ਖੇੜਾ ਸਾਹਿਬ ਦੀ ਸਾਰੀ ਜਿੰਦਗੀ ਸੰਘਰਸ਼ਮਈ ਰਹੀ ਹੈ। ਉ ੁਹ ਜਦ ਸਰਕਾਰੀ ਨੌਕਰੀ ਵਿੱਚ ਸਨ ਤਾਂ ਉਨ੍ਹਾਂ ਗੌਰਮਿੰਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਬਣਾਕੇ ਪ੍ਰਾਇਮਰੀ ਡਾਇਰੈਕਟੋਰੇਟ ਸਥਾਪਤ ਲਈ ਜਦੋ ਜਹਿਦ ਕੀਤੀ ਤੇ ਇਹ ਇੱਕ ਵੱਖਰਾ ਡਾਇਰੈ ੇਕਟੋਰੇ ੇਟ ਸਥਾਪਤ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ। ਇਸ ਤਰ੍ ਾਂ ਪ੍ਰਾਇਮਰੀ ਅਧਿਆਪਕਾਂ ਲਈ ਬਤੌਰ ਹੈ ੱਡ ਟੀਚਰ, ਸੈਂਟਰ ਹੈੱਡ ਟੀਚਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੀਕ ਤਰ ੱਕੀ ਕਰਨ ਦਾ ਰਾਹ ਖੁ੍ ਲ੍ਹਿਆ।

ਸੇਵਾ ਮੁਕਤੀ ਪਿੱਛੋਂ ਉਹ ਸੋਸ਼ਿਲਿਸਟ ਪਾਰਟੀ (ਇੰਡੀਆ) ਵਿੱਚ ਸ਼ਾਮਲ ਹੋ ਗਏ ਤੇ ਇਸ ਸਮੇਂ ਉਹ ਕੌਮੀ ਮੀਤ ਪ੍ਰਧਾਨ ਸਨ। ਉ ੁਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਦੋ ਸੰਵਿਧਾਨ ਰਖਣ ਵਿਰੁੱਧ ਲੰਮਾ ਸਮਾਂ ਸੰਘਰਸ਼ ਕੀਤਾ। ਉਨ੍ਹਾਂ ਵੱਲੋਂ 22 ਲੇਖਾਂ ਦਾ ਇੱਕ ਸੰਗ੍ਰਹਿ 'ਸਮਿਆਂ ਦੇ ਸਨਮੁੱਖ' 12 ਨਵੰਬਰ 2023 ਨੂੰ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਨੇ 24-25 ਦਸੰਬਰ 1996 ਦੀ ਦਰਮਿਆਨ ਰਾਤ ਨੂੰ ਵਾਪਰੇ ਮਾਲਟਾ ਕਿਸ਼ਤੀ ਕਾਂਡ ਜਿਸ ਵਿੱਚ ਇੱਕ ਕਿਸ਼ਤੀ ਵਿੱਚ 565 ਲੋਕ ਸਵਾਰ ਸਨ ਜਿਨ੍ਹਾਂ ਦਾ ਸਬੰਧ ਭਾਰਤ, ਪਾਕਿਸਤਾਨ, ਸ੍ਰੀ ਲੰਕਾ ਅਤੇ ਬੰਗਲਾਦੇਸ਼ ਨਾਲ ਸੀ ਜੋ ਗੈਰ ਕਾਨੂੰਨੀ ਢੰਗ ਨਾਲ ਇਟਲੀ ਵਿੱਚ ਦਾਖਲ ਹੋ ਰਹੇ ਸਨ ਦੇ ਡੁ ੱਬ ਜਾਣ ਸੈਂਕੜੇ ੇ ਮੁਸਾਫ਼ਿਰ ਮਾਰੇ ਗਏ। ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਸੀ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉ ੁਣ ਲਈ ਮਾਲਟਾ ਜਾਂਚ ਕਮੇਟੀ ਬਣਾ ਕੇ ਲੜਾਈ ਲੜੀ । ਉਸ ਸਮੇਂ ਸ੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਸਨ ਤਾਂ ਉ ੁਨ੍ਹਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ। ਨਤੀਜੇ ਵੱਜੋਂ ਜਿਨ੍ਹਾਂ ਏਜੰਟਾਂ ਨੇ ਇਨ੍ਹਾਂ ਨੂੰ ਗੈਰ-ਕਾਨੂੰਨੀ ਭੇਜਿਆ ਸੀ, ਉ ੁਨ੍ਹਾਂ ਵਿਰੁੱਧ ਸੀ ਬੀ ਆਈ ਵਲੋਂ ਕੇਸ ਚਲਾਉਣ ਦਾ ਆਦੇਸ਼ ਕਰਵਾਇਆ। ਜਿਸ ਦੇ ਸਿੱਟੇ ਵੱਜੋਂ ਏਜੰਟਾਂ 'ਤੇ ਕੇਸ ਦਰਜ ਹੋਏ ਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਮਿਲਿਆ। ਇਸ ਕੇਸ ਦੀ ਪੈਰਵੀ ਦੌਰਾਨ ਉਨ੍ਹਾਂ ਨੂੰ ਇਟਲੀ , ਯੂਨਾਨ ਤੇ ਹੋਰਨਾਂ ਮੁ ੁਲਕਾਂ ਦਾ ਦੌਰਾ ਵੀ ਕੀਤਾ। ਏਨੇ ਵਰ੍ਹੇ ਬੀਤ ਜਾਣ ਦੇ ਬਾਵਜੂਦ ਵੀ ਭਾਵੇਂ ਅਜੇ ਤੀਕ ਦੋਸ਼ੀਆਂ ਨੂੰ ਭਾਵੇਂ ਸਜਾਵਾਂ ਨਹੀਂ ਮਿਲੀਆਂ ਪਰ ਬਲਵੰਤ ਸਿੰਘ ਖੇੜੇ ਨੇ ਪ੍ਰਭਾਵਿਤ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਉਨ੍ਹਾਂ ਦਾ ਕੇਸ ਜ਼ਰੂਰ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ। ਖੇੜਾ ਜੀ ਅੱਜ ਭਾਵੇਂ ਸਾਡੇ ੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੁਹਾਲੀ ਨੂੰ ਸਦਮਾ, ਪਿਤਾ ਦਾ ਦੇਹਾਂਤ



**ਫਿਲੌਰ, ਅੱਪਰਾ (ਜੱਸੀ)–** ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰੈਸ ਸਕੱਤਰ ਸਾਥੀ ਸੁਰਜੀਤ ਸਿੰਘ ਮੁਹਾਲੀ ਦੇ ਪਿਤਾ ਸਰਦਾਰ ਪ੍ਰਤਾਪ ਸਿੰਘ ਬੈਂਸ ਦੇ ਬੀਤੇ ਦਿਨੀਂ ਹੋਏ ਅਕਾਲ ਚਲਾਣੇ ਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਵਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਗੌਰਮਿੰਟ ਟੀਚਰਜ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਕੈਸ਼ੀਅਰ ਅਮਨਦੀਪ ਸ਼ਰਮਾਂ, ਸਹਾਇਕ ਪਰੈਸ ਸਕੱਤਰ ਕਰਨੈਲ ਫਿਲੌਰ ਆਦਿ ਆਗੂਆਂ ਨੇ ਕਿਹਾ ਹੈ ਕਿ ਸਰਦਾਰ ਪ੍ਰਤਾਪ ਸਿੰਘ ਬੈਂਸ ਦੇ ਅਕਾਲ ਚਲਾਣੇ ਨਾਲ ਸਾਥੀ ਸੁਰਜੀਤ ਸਿੰਘ ਮੁਹਾਲੀ ਦੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਜਿਸਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਕਿਹਾ ਕਿ ਜਥੇਬੰਦੀ ਸਾਥੀ ਸੁਰਜੀਤ ਸਿੰਘ ਮੁਹਾਲੀ ਦੇ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੀ ਹੈ ਤੇ ਹਮੇਸ਼ਾ ਪਰਿਵਾਰ ਦੇ ਅੰਗ ਸੰਗ ਰਹਿਣ ਦਾ ਅਹਿਦ ਦਹੁਰਾਉਂਦੀ ਹੈ। ਇਸ ਸਮੇਂ ਤੀਰਥ ਸਿੰਘ ਬਾਸੀ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਸਵਿੰਦਰ ਸਮਾਣਾ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਨੇ ਪਿੰਡ ਬਾਰਠ ਸਾਹਿਬ ਵਿਖੇ ਕੀਤਾ ਸਿਲਾਈ ਸੈਂਟਰ ਦਾ ਉਦਘਾਟਨ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਇਤਿਹਾਸਿਕ ਪਿੰਡ ਸ੍ਰੀ ਬਾਰਠ ਸਾਹਿਬ ਵਿਖੇ ਉਨ੍ਹਾਂ ਨੂੰ ਪਹੁੰਚਣ ਦਾ ਮੋਕਾ ਮਿਲਿਆ ਹੈ ਜਿੱਥੇ ਅੱਜ ਵੀ.ਸੀ.ਸੀ. ਇੰਸਟੀਚਿਊਟ ਪੰਜੋੜ ਵੱਲੋਂ ਜਰੂਰਤਮੰਦ ਬੱਚੀਆਂ ਜੋ ਸਿਲਾਈ ਕਟਾਈ ਦਾ ਕੋਰਸ ਕਰਨੀਆਂ ਚਾਹੁੰਦੀਆ ਹਨ ਉਨ੍ਹਾਂ ਲਈ ਸਿਲਾਈ ਸੈਂਟਰ ਖੋਲਿਆ ਗਿਆ ਹੈ ਉਹ ਇਸ ਮੋਕੇ ਤੇ ਇੰਸਟੀਚਿਊਟ ਅਤੇ ਪਿੰਡ ਵਾਸੀਆਂ ਨੂੰ ਹਾਰਦਿਕ ਸੁਭਕਾਮਨਾਵਾਂ ਹਨ ਅਤੇ ਇਸ ਪਵਿੱਤਰ ਦਿਨ ਅੱਜ ਪਿੰਡ ਅੰਦਰ ਉਨ੍ਹਾਂ ਵੱਲੋਂ ਘੋਸਣਾ ਕੀਤੀ ਜਾ ਰਹੀ ਹੈ ਕਿ ਪੰਜਾਬ ਸਰਕਾਰ ਦੇ ਵਿਕਾਸ ਦੇ ਉਦੇਸ ਨੂੰ ਅੱਗੇ ਵਧਾਉਂਦਿਆਂ ਹੋਇਆ ਕਮਿਊਨਿਟੀ ਹਾਲ ਦੇ ਨਿਰਮਾਣ ਦੀ ਬਣਾਉਂਣ ਲਈ ਭਰੋਸਾ ਦਿਲਾਉਂਦਾ ਹਾਂ ਅਤੇ ਪਿੰਡ ਵਾਸੀ ਕਮਿਊਨਿਟੀ ਹਾਲ ਦਾ ਐਸਟੀਮੇਟ ਬਣਾ ਕੇ ਕਾਰਜ ਉਨ੍ਹਾਂ ਦੇ ਧਿਆਨ ਵਿੱਚ ਲਿਆਉਂਣ ਤਾਂ ਜੋ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਦੇ ਸਾਦੀ ਸਮਾਰੋਹ ਦੇ ਲਈ ਕਮਿਊਨਿਟੀ ਹਾਲ ਦਾ ਨਿਰਮਾਣ ਕਰਵਾਇਆ ਜਾ ਸਕੇ। ਇਹ ਪ੍ਰਗਟਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਬਾਰਠ ਸਾਹਿਬ ਵਿਖੇ ਸਿਲਾਈ ਸੈਂਟਰ ਦਾ ਉਦਘਾਟਣ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੋਹਣ ਲਾਲ ਸਾਬਕਾ ਕੌਂਸਲਰ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੰਦੀਪ ਕੁਮਾਰ, ਅੰਕੁਰ ਬੇਦੀ ਪ੍ਰਧਾਨ ਭੋਆ ਹਲਕਾ ਖੱਤਰੀ ਸਭਾ, ਤਰਵਿੰਦਰ ਕੁਮਾਰ ਚੇਅਰਮੈਨ ਵੀ।ਸੀ।ਸੀ। ਇੰਸਟੀਚਿਊਟ ਪੰਜੋੜ, ਸਵੀਟੀ , ਦੀਪਕ ਵਾਲਿਆ ਸਮਾਜ ਸੇਵਕ, ਅਸਵਨੀ ਕੁਮਾਰ ਸਰਪੰਚ ਗੋਬਿੰਦਸਰ, ਰੁਪਾ



ਰਾਣੀ ਸੈਂਟਰ ਟੀਚਰ, ਭਾਗ ਸਿੰਘ ਆਦਿ ਕਾਰਜ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਮੰਤਰੀ ਪੰਜਾਬ ਨੇ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਵਿੱਚ ਸਾਰੇ ਪੰਜਾਬ ਅੰਦਰ ਸਮੁੱਚਾ ਵਿਕਾਸ ਕਰਵਾਇਆ ਜਾ ਰਿਹਾ ਹੈ। ਇਸ ਲੜ੍ਹੀ ਦੇ ਅਧੀਨ ਹੀ ਅੱਜ ਇ ਤਿ ਹਾਸਿਕ ਪਿੰਡ ਬਾਰਠ ਸਾਹਿਬ ਵਿਖੇ ਕਮਿਊਨਿਟੀ ਹਾਲ ਦੇ ਨਿਰਮਾਣ ਦਾ ਭਰੋਸਾ ਦਿੱਤਾ ਹੈ ਜਿਨ੍ਹਾਂ ਵੀ ਖਰਚਾ ਕਮਿਊਨਿਟੀ ਹਾਲ ਤੇ ਆਏਗਾ ਉਹ ਪੰਜਾਬ ਸਰਕਾਰ ਵੱਲੋਂ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਪਣੇ 19 ਮਹੀਨਿਆ ਦੇ ਕਾਰਜਕਾਲ ਦੋਰਾਨ ਜਨ ਭਲਾਈ ਸਕੀਮਾਂ ਨੂੰ ਧਿਆਨ ਵਿੱਚ ਰੱਖਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਕਾਰਜ ਮੁਕੰਮਲ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਵਾਅਦਾ ਸੀ ਕਿ ਬੇਰੁਜਗਾਰਾਂ ਨੂੰ ਨੋਕਰੀਆਂ ਦਿੱਤੀਆਂ ਜਾਣਗੀਆਂ ਅਤੇ ਸਰਕਾਰ ਨੇ ਅਪਣੇ 19 ਮਹੀਨਿਆ ਦੇ ਕਾਰਜਕਾਲ ਦੋਰਾਨ ਹੁਣ ਤੱਕ ਕਰੀਬ 37 ਹਜਾਰ ਨੋਜਵਾਨਾਂ ਨੂੰ ਨੋਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰੇਕ ਪਰਿਵਾਰ ਬਿਨ੍ਹਾਂ ਕਿਸੇ ਭੇਦਭਾਵ ਦੇ 600 ਬਿਜਲੀ ਯੂਨਿਟ ਫ੍ਰੀ ਦਾ ਲਾਭ ਪ੍ਰਾਪਤ ਕਰ ਰਿਹਾ ਹੈ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕ ਬਣਾਏ ਹਨ ਭੋਆ ਖੇਤਰ ਨੂੰ ਵੀ ਹੋਰ 6 ਨਵੇਂ ਆਮ ਆਦਮੀ ਕਲੀਨਿਕ ਮਿਲੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਭੋਆ ਖੇਤਰ ਅੰਦਰ ਹੋਰ ਵੀ ਵਿਕਾਸ ਦੀ ਲਹਿਰ ਦੇਖਣ ਨੂੰ ਮਿਲੇਗੀ। ਉਨ੍ਹਾਂ ਕਿਹਾ ਕਿ ਹੁਣ ਗਰੀਬ ਘਰ੍ਹਾਂ ਚੋਂ ਬੱਚੇ ਬਿਨ੍ਹਾਂ ਕਿਸੇ ਸਿਫਾਰਿਸ ਦੇ ਨੋਕਰੀਆਂ ਪ੍ਰਾਪਤ ਕਰ ਰਹੇ ਹਨ ਅਤੇ ਇਹ ਸਰਕਾਰ ਵੱਲੋਂ ਸਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਇਸ ਮੋਕੇ ਤੇ ਉਨ੍ਹਾਂ ਕਿਹਾ ਕਿ ਅੱਜ ਸਿਲਾਈ ਸੈਂਟਰ ਜਿਸ ਦਾ ਉਦਘਾਟਣ ਕੀਤਾ ਗਿਆ ਹੈ।

ਇਸ ਸੈਂਟਰ ਤੋਂ ਤਿੰਨ ਮਹੀਨੇ ਦਾ ਕੋਰਸ ਕਰਨ ਮਗਰੋਂ ਜੋ 10 ਲੜਕੀਆਂ ਪਹਿਲੇ 10 ਨੰਬਰ ਤੇ ਰਹਿਣਗੀਆਂ ਉਨ੍ਹਾਂ ਲੜਕੀਆਂ ਨੂੰ ਉਨ੍ਹਾਂ ਵੱਲੋਂ ਸਿਲਾਈ ਮਸੀਨਾਂ ਦਿੱਤੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਬੁਨਿਆਦੀ ਜਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

## ਦੋਹਰੀ ਵੋਟਾਂ ਵਾਲੇ ਮੱਤਦਾਤਾਵਾਂ ਨੂੰ ਵੋਟ ਵੈਰੀਫਿਕੇਸ਼ਨ ਲਈ ਘਰ ਭੇਜੇ ਜਾ ਰਹੇ ਹਨ ਡਾਕੂਮੈਂਟ: ਡਿਪਟੀ ਕਮਿਸ਼ਨਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਪਠਾਨਕੋਟ ਸ਼੍ਰੀ ਹਰਬੀਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕਿ ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ੍ਹ ਵੱਲੋਂ ਸਾਫਟ ਵੇਅਰ ਰਾਂਹੀ ਪੰਜਾਬ ਰਾਜ ਦੇ ਸਮੁੱਚੇ ਜਿਲ੍ਹਿਆ ਦੀ ਤਰਜ ਤੇ ਜਿਲ੍ਹਾ ਪਠਾਨਕੋਟ ਵਿੱਚ ਪੈਂਦੇ ਸਮੂਹ ਤਿੰਨ ਵਿਧਾਨ ਸਭਾ ਚੋਣ ਹਲਕਿਆਂ (001-ਸੁਜਾਨਪੁਰ, 002-ਭੋਆ (ਅ।ਜ), 003-ਪਠਾਨਕੋਟ) ਵਿੱਚ ਪੈਂਦੇ 568 ਪੋਲਿੰਗ ਸਟੇਸ਼ਨਾਂ ਵਿੱਚ ਪੈਂਦੇ ਭਾਗਾਂ ਵਿੱਚੋਂ ਲਗਭੱਗ 1800 ਦੇ ਕਰੀਬ ਅਜਿਹੇ ਵੋਟਰਾਂ ਦੀ ਪਹਿਚਾਣ ਕੀਤੀ ਗਈ ਹੈ ਜਿੰਨਾਂ ਦੇ ਵੇਰਵੇ ਆਪਸ ਵਿੱਚ ਮੇਲ ਖਾਂਦੇ ਹਨ ਜਾਂ ਇੱਕ ਹੀ ਵੋਟਰ ਦੀ ਫੋਟੋ ਦੋ ਜਗ੍ਹਾਂ ਲੱਗੀ ਹੋਈ ਹੈ। ਕਮਿਸ਼ਨ ਵੱਲੋਂ ਅਜਿਹੇ ਵੋਟਰਾਂ ਨੂੰ ਡਬਲ ਵੋਟ ਦੇ ਸ਼ੱਕ ਦੇ ਘੇਰੇ ਵਿੱਚ ਲੈਂਦਿਆ ਹੋਇਆ ਅਜਿਹੇ ਵੋਟਰਾਂ ਦੀ ਪੜਤਾਲ ਕਰਨ ਉਪਰੰਤ ਦੋਹਰੀ ਵੋਟ ਵਾਲੇ ਵੋਟਰਾਂ ਦੀਆਂ ਵੋਟਾਂ ਹਦਾਇਤ ਅਨੁਸਾਰ ਕੱਟਣ ਦੀ ਹਦਾਇਤ ਪ੍ਰਾਪਤ ਹੋਈ ਹੈ। ਇਸ ਨੂੰ ਮੁੱਖ ਰੱਖਦਿਆਂ ਹੋਇਆ ਕਮਿਸ਼ਨ ਦੇ ਨਿਰਧਾਰਿਤ (ਾਂਰਮਅਟ- ੳ) ਵਿੱਚ ਸਬੰਧਤ ਵਿਧਾਨ ਸਭਾ ਚੋਣ ਹਲਕੇ ਦੇ ਚੋਣਕਾਰ ਰਜਿਸ਼ਟ੍ਰੇਸ਼ਨ ਅਧਿਕਾਰੀਆਂ ਵੱਲੋਂ ਵੋਟਰਾਂ ਦੀ ਜਾਣਕਾਰੀ ਭਰਕੇ (Format-A) ਵਾਲੇ ਲਿਫਾਫੇ ਅਉਨ੍ਹਾ ਦੇ ਘਰ ਦੇ ਪਤੇ ਉੱਪਰ ਸਪੀਡ ਪੋਸਟ/ ਰਜਿਸਟਰਡ ਪੋਸਟ ਰਾਂਹੀ ਭੇਜੇ ਜਾਂ ਰਹੇ ਹਨ। ਇਨ੍ਹਾਂ ਡਾਕ ਲਿਫਾਫਿਆਂ ਵਿੱਚ ਵੋਟਰ ਵੱਲੋਂ ਆਪਣੇ ਵੇਰਵਿਆ ਦੀ ਪੁਸ਼ਟੀ ਕਰਕੇ ਹਸਤਾਖਰ ਕਰਨ ਉਪਰੰਤ ਕਨਫੰਰਮੇਸ਼ਨ ਸਬੰਧੀ ਪੱਤਰ ਵੱਖਰੇ ਲਿਫਾਫੇ ਵਿੱਚ ਪਾ ਕੇ ਵਾਪਸੀ ਡਾਕ ਰਾਂਹੀ ਇਹ ਲਿਫਾਫੇ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀ ਨੂੰ (ਜੋ ਕਿ ਚੋਣਕਾਰ ਰਜਿਸ਼ਟ੍ਰੇਸ਼ਨ ਅਧਿਕਾਰੀਆਂ ਵੱਲੋਂ ਭੇਜੇ ਜਾ ਰਹੇ ਮੇਨ ਲਿਫਾਫੇ ਵਿੱਚ ਮੋਜੂਦ ਹੋਵੇਗਾ) ਭੇਜਣਗੇ। ਇਸ ਲਿਫਾਫੇ ਉੱਪਰ ਚੋਣਕਾਰ ਰਜਿਸ਼ਟ੍ਰੇਸ਼ਨ ਅਫਸਰ ਦੇ ਪਤੇ ਦੀ ਮੋਹਰ ਪਹਿਲਾਂ ਤੋਂ ਹੀ ਲੱਗੀ ਹੋਵੇਗੀ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਵੋਟਰ ਨੂੰ ਡਾਕ ਖਰਚਾ ਮੁਆਫ ਹੋਵੇਗਾ। ਕਿਉਂਕਿ ਡਾਕ ਖਰਚੇ ਦੀ ਮੁਆਫੀ ਸਬੰਧੀ ਮੋਹਰ ਪਹਿਲਾਂ ਤੋਂ ਹੀ ਲਿਫਾਫੇ ਉੱਪਰ ਲੱਗੀ ਹੋਈ ਹੈ। (Format-A) ਵਿਚਲਿਆਂ ਵੇਰਵਿਆਂ ਦੀ ਵੋਟਰ ਵੱਲੋਂ ਪੁਸ਼ਟੀ ਸਬੰਧੀ ਕਨਫੰਰਮੇਸ਼ਨ ਭੇਜਣ ਦਾ ਸਮਾਂ 15 ਦਿਨਾਂ ਦਾ ਹੋਵੇਗਾ ਜੋ ਕਿ (Format- A) ਜਾਰੀ ਕਰਨ ਦੀ ਮਿਤੀ ਤੋਂ ਸੁਰੂ ਹੋਵੇਗਾ। ਅਤੇ ਜੇਕਰ (Format- A) ਦੇ ਸਬੰਧ ਵਿੱਚ ਕਨਫੰਰਮੇਸ਼ਨ ਨੋਟਿਸ 15 ਦਿਨਾਂ ਦੇ ਅੰਦਰ-ਅੰਦਰ ਚੋਣਕਾਰ ਰਜਿਸ਼ਟ੍ਰੇਸ਼ਨ ਅਧਿਕਾਰੀਆਂ ਨੂੰ ਵਾਪਿਸ ਪ੍ਰਾਪਤ ਨਹੀ ਹੁੰਦੇ ਤਾਂ ਬੀ.ਐਲ.ਓਜ ਰਾਂਹੀ ਸਬੰਧਤ ਵੋਟਰਾਂ ਦੇ ਪਤੇ ਤੇ ਭੇਜਿਆ ਜਾਵੇਗਾ ਅਤੇ ਬੀ.ਐਲ.ਓਜ ਵਲੋ ਵੋਟਰ ਦੀ ਵੈਰਿਫਿਕੇਸ਼ਨ ਕੀਤੀ ਜਾਵੇਗੀ ਅਤੇ ਉਸ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।



## ਈ.ਵੀ.ਐਮ. ਮਸ਼ੀਨਾਂ ਬਣੀਆਂ ਭਾਰਤੀ ਸੰਵਿਧਾਨ ਅਤੇ ਲੋਕਤੰਤਰ ਲਈ ਖਤਰਾ - ਤਾਰਾ ਰਾਮ ਮੇਹਣਾ

**ਫਗਵਾੜਾ (ਬੀ.ਕੇ. ਰੱਤੂ)** ਰਾਸ਼ਟਰੀ ਮੂਲ ਨਿਵਾਸੀ ਸੰਘ ਵੱਲੋਂ ਡਾ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ 'ਸੰਵਿਧਾਨ ਬਚਾਓ ਅਤੇ ਲਾਗੂ ਕਰੋ' ਅਭਿਆਨ ਤਹਿਤ ਸੰਵਿਧਾਨ ਜਨ ਜਾਗ੍ਰਤੀ ਸੰਮੇਲਨ ਕਰਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸੰਤ ਕੁਲਵੰਤ ਰਾਮ ਭਰੋ ਮੁਜਾਰਾ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਅਤੇ ਵਿਸ਼ੇਸ਼ ਮਹਿਮਾਨ ਰਾਜਾ ਰਾਜ ਸਿੰਘ, ਮੌਲਾਨਾ ਇਰਸ਼ਾਦ ਰਸ਼ੀਦ, ਦੀਦੀ ਨਿਰਦੇਸ਼ ਸਿੰਘ ਸ਼ਾਮਲ ਹੋਏ। ਸਮਾਗਮ ਦੇ ਮੁੱਖ ਬੁਲਾਰੇ ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ, ਡਾ. ਰਜਿੰਦਰ ਥਿੰਦ, ਆਸ਼ਾ ਮੂਲਨਿਵਾਸੀ, ਡਾ. ਇੰਦਰਜੀਤ ਕਜਲਾ ਸਨ। ਜਦਕਿ ਸਮਾਗਮ ਦੀ ਪ੍ਰਧਾਨਗੀ ਤਾਰਾ ਰਾਮ ਮੇਹਣਾ ਰਾਸ਼ਟਰੀ ਪ੍ਰਧਾਨ, ਰਾਸ਼ਟਰੀ ਮੂਲ ਨਿਵਾਸੀ ਸੰਘ ਨੇ ਕੀਤੀ। ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਦਾ ਸੰਵਿਧਾਨ ਦੁਨੀਆਂ ਦੇ ਸਾਰੇ ਹੀ ਸੰਵਿਧਾਨਾਂ ਵਿੱਚੋਂ ਸ੍ਰੇਸ਼ਟ ਅਤੇ ਉੱਤਮ ਹੈ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਭਾਰਤੀ ਸੰਵਿਧਾਨ ਖਤਰੇ ਵਿੱਚ ਹੈ। ਤਾਰਾ ਰਾਮ ਮੇਹਣਾ ਨੇ ਕਿਹਾ ਇਸ ਖਤਰੇ ਦਾ ਸਭ ਤੋਂ ਵੱਡਾ ਕਾਰਨ ਈ।ਵੀ।ਐਮ ਮਸ਼ੀਨ ਹੈ। ਈ.ਵੀ.ਐਮ. ਮਸ਼ੀਨ ਨਾਲ ਸਰਕਾਰ ਬਣਾਈ ਜਾਂਦੀ ਹੈ ਅਤੇ ਉਹ ਬਹੁਮਤ ਪ੍ਰਾਪਤ ਕਰਕੇ ਸੰਵਿਧਾਨ ਦੇ ਵਿਰੁੱਧ ਕੰਮ ਕਰਦੀ ਹੈ। ਬੀਜੇਪੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਸੀ ਮਿਲੀਭੁਗਤ ਨਾਲ ਕੇਂਦਰ ਤੇ ਰਾਜਾਂ ਦੀ ਸੱਤਾ ਹਾਸਲ ਕਰਨ ਦਾ ਕੰਮ ਕਰਦੀਆਂ ਹਨ ਅਤੇ ਸੰਵਿਧਾਨ ਨੂੰ ਪ੍ਰਭਾਵਹੀਨ ਕਰ ਰਹੀਆਂ ਹਨ। ਇਸ ਲਈ ਬਹੁਜਨ ਸਮਾਜ ਦੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੂੰ ਇੱਕ ਮੰਚ ਤੇ ਆ ਕੇ ਈ.ਵੀ.ਐਮ. ਦਾ ਵਿਰੋਧ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ 2024 ਦਾ ਇਲੈਕਸ਼ਨ ਬੈਲਟ ਪੇਪਰ ਨਾਲ ਹੋਣਾ ਚਾਹੀਦਾ ਹੈ। ਕਿਉਂਕਿ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਬਹੁਤ ਘੱਟ ਚੋਣਾਂ ਈ.ਵੀ.ਐਮ. ਨਾਲ ਹੁੰਦੀਆਂ ਹਨ। ਜਦਕਿ ਭਾਰਤ ਵਿਚ ਲੋਕਾਂ ਦੀ ਮੰਗ ਤੇ ਉਲਟ ਇਹ ਚੋਣ ਪ੍ਰਕਿਰਿਆ ਵੋਟਰਾਂ 'ਤੇ ਜਬਰੀ ਥੋਪੀ ਜਾ ਰਹੀ ਹੈ। ਉਹਨਾਂ ਨੇ ਰਾਸ਼ਟਰੀ ਮੂਲ ਨਿਵਾਸੀ ਸੰਘ ਦੇ ਬੈਨਰ ਹੇਠ ਰਾਸ਼ਟਰੀ ਪੱਧਰ ਤੇ ਈ।ਵੀ।ਐਮ। ਦੇ ਵਿਰੁੱਧ ਅੰਦੋਲਨ ਕਰਨ ਦੀ ਗੱਲ ਕਹੀ। ਪਤਵੰਤਿਆਂ ਨੂੰ ਭਾਰਤੀ ਸੰਵਿਧਾਨ ਦੀ ਫੋਟੋ ਦੇ ਕੇ ਸਨਮਾਨ ਕੀਤਾ ਗਿਆ। ਸਟੇਜ ਦੀ ਸੇਵਾ ਅਜੇ ਮੂਲਵਾਸੀ ਰਾਸ਼ਟਰੀ ਜਨਰਲ ਸਕੱਤਰ ਮੂਲਨਿਵਾਸੀ ਸੰਘ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਮਨਜੀਤ ਜੱਸੀ, ਅਸ਼ੋਕ ਕੁਮਾਰ, ਅਜੇ ਆਜ਼ਾਦ, ਮੋਹਨ ਲਾਲ ਰਤਨ, ਤਰਸੇਮ ਲਾਲ ਬੱਧਣ ਅਤੇ ਜਗਪਾਲ ਝੱਲੀ ਸਮੇਤ ਰਾਸ਼ਟਰੀ ਮੂਲਨਿਵਾਸੀ ਸੰਘ ਦੀ ਸਮੁੱਚੀ ਟੀਮ ਦੇ ਮੈਂਬਰ ਹਾਜਰ ਸਨ।



## ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਭਾਈ ਬਲਵਿੰਦਰ ਸਿੰਘ ਕੌਲ ਵਾਲੇ ਜੱਥੇ ਨੇ ਰਸਭਿੰਨਾ ਕੀਰਤਨ ਕੀਤਾ






**ਨਾਭਾ-** ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 554ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਸ਼੍ਰੋਮਣੀ ਬਾਬਾ ਭਗਤ ਨਾਮਦੇਵ ਜੀ ਨਾਭਾ ਵਿਖੇ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਪਾਏ ਗਏ ।ਪ੍ਰੋ: ਸੰਤਾ ਸਿੰਘ ਅਤੇ ਭਾਈ ਅਮਰਜੀਤ ਸਿੰਘ ਮਾਨ ਵਲੋਂ ਭਗਤ ਨਾਮਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਰਚੀ ਬਾਣੀ ਬਾਰੇ ਕਥਾ ਵਿਚਾਰਾਂ ਕਰਕੇ ਚਾਨਣਾ ਪਾਇਆ। ਇਸ ਸਮੇਂ ਰਾਗੀ ਜੱਥਿਆਂ ਵਲੋਂ ਕੀਰਤਨ ਕਰਕੇ ਵੀ ਨਿਹਾਲ ਕੀਤਾ ਗਿਆ। ਪਹਿਲਾਂ ਕੀਰਤਨ ਦੀ ਸੇਵਾ ਭਾਈ ਸਾਹਿਬ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਨਿਭਾਈ। ਇਸ ਉਪਰੰਤ ਬਾਹਰਲੇ ਰਾਜਾਂ ਅਤੇ ਸਿੰਗਾਪੁਰ, ਮਲੇਸੀਆ ਅਤੇ ਥਾਈਲੈਂਡ ਵਿੱਚ ਗੁਰਮਿਤ ਸਮਾਗਮਾਂ 'ਚ ਆਪਣੀ ਮਿੱਠੀ ਰਸੀਲ਼ੀ ਆਵਾਜ਼ ਨਾਲ ਰਸਭਿੰਨਾ ਕੀਰਤਨ ਕਰਨ ਵਾਲੇ ਭਾਈ ਬਲਵਿੰਦਰ ਸਿੰਘ ਕੌਲ ਵਾਲੇ ਰਾਗੀ ਜੱਥੇ ਨੇ ਸੰਗਤਾਂ ਨੂੰ ਆਪਣੇ ਕੀਰਤਨ ਅਤੇ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ, ਜਿਸ ਦਾ ਸੰਗਤ ਨੇ ਬੜੇ ਹੀ ਸਾਂਤ ਚਿੱਤ ਹੋ ਕੇ ਆਨੰਦ ਮਾਣਿਆ।

ਸੰਗਤ ਭਾਰੀ ਗਿਣਤੀ ਵਿੱਚ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਉਤਸ਼ਵ ਸਮੇਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਆਈ। ਗੁਰਦੁਆਰਾ ਕਮੇਟੀ ਦੇ ਮੱਖ ਸੇਵਾਦਾਰ ਭਾਈ ਜਸਪਾਲ ਸਿੰਘ ਅਤੇ ਕਮੇਟੀ ਮੈਂਬਰਾਂ ਵਲੋਂ ਕਥਾਵਾਚਕਾਂ ਅਤੇ ਕੀਰਤਨ ਜੱਥਿਆਂ ਦਾ ਸਤਿਕਾਰ ਵਜੋਂ ਸਨਮਾਨ ਕੀਤਾ ਗਿਆ। ਇਸ ਉਪਰੰਤ ਸਾਰੀ ਸੰਗਤ ਲਈ ਤਿਆਰ ਲੰਗਰ ਖੁੱਲ੍ਹਾ ਵਰਤਾਇਆ ਗਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਦਿਹਾੜਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ। ਅਦਾਰਾ ਦੇਸ਼ ਦੁਆਬਾ ਅਤੇ ਅੰਬੇਡਕਰ ਟਾਈਮਜ਼ ਵਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ


















'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


Pictures credit: Anjum Gill and Babar Jalandhary

# ਸਿਲਕਿਆਰਾ-ਬਾਰਕੋਟ ਸੁਰੰਗ ਹਾਦਸੇ ਦੇ ਸਬਕ



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

12 ਨਵੰਬਰ 2023 ਨੂੰ ਸਵੇਰੇ 5.30 ਵਜੇ ਉੱਤਰਕਾਸ਼ੀ ਯਮਨੋਤਰੀ ਮਾਰਗ ਦੀ ਸਿਲਕਿਆਰਾ ਅਤੇ ਬਾਰਕੋਟ ਨੂੰ ਜੋੜਨ ਵਾਲੀ ਉਸਾਰੀ ਅਧੀਨ ਸੁਰੰਗ ਦਾ ਕੁਝ ਹਿੱਸਾ ਗਿਰ ਜਾਣ ਕਾਰਨ 41 ਮਜ਼ਦੂਰ ਸੁਰੰਗ ਵਿੱਚ ਫਸ ਗਏ, ਇਹ ਮਜ਼ਦੂਰ ਉਸ ਵੇਲੇ ਸੁਰੰਗ ਵਿੱਚ ਕੰਮ ਕਰ ਰਹੇ ਸਨ। ਇਨ੍ਹਾਂ ਮਜ਼ਦੂਰਾਂ ਨੂੰ ਸੁਰੰਗ ਤੋਂ ਬਾਹਰ ਕੱਢਣ ਦੇ ਉਪਰਾਲੇ ਪਹਿਲੇ ਦਿਨ ਤੋਂ ਹੀ ਸ਼ੁਰੂ ਕਰ ਦਿੱਤੇ ਹਨ। ਮਜ਼ਦੂਰਾਂ ਨੂੰ ਚਾਰ ਇੰਚੀ ਪਾਈਪ ਰਾਹੀਂ ਪਾਣੀ, ਆਕਸੀਜਨ ਪਹੁੰਚਾਉਣ ਦਾ ਕੰਮ ਪਹਿਲੇ ਦਿਨ ਤੋਂ ਸ਼ੁਰੂ ਹੋ ਗਿਆ ਸੀ। ਸੁਰੰਗ ਅੰਦਰ ਫਸੇ ਹੋਏ ਮਜ਼ਦੂਰ ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਓਡੀਸ਼ਾ, ਉੱਤਰ-ਾਖੰਡ, ਅਤੇ ਹਿਮਾਚਲ ਪ੍ਰਦੇਸ਼ ਰਾਜਾਂ ਨਾਲ ਸੰਬੰਧਿਤ ਹਨ।

ਸਿਲਕਿਆਰਾ ਅਤੇ ਬਾਰਕੋਟ ਨੂੰ ਜੋੜਨ ਵਾਲੀ ਇਹ ਸੁਰੰਗ 4.5 ਕਿਲੋਮੀਟਰ ਲੰਮੀ ਹੈ ਅਤੇ ਇਹ ਚਾਰ-ਧਾਮ ਆਲ ਵੈਦਰ ਰੋਡ ਦਾ ਹਿੱਸਾ ਹੈ। ਇਸ ਸੁਰੰਗ ਦਾ ਸਿਲਕਿਆਰਾ ਵਾਲੇ ਪਾਸੇ ਤੋਂ 2.3 ਕਿਲੋਮੀਟਰ ਅਤੇ ਬਾਰਕੋਟ ਵਾਲੇ ਪਾਸੇ ਤੋਂ 1.75 ਕਿਲੋਮੀਟਰ ਹਿੱਸਾ ਪੂਰਾ ਹੋ ਚੁੱਕਾ ਹੈ। 12 ਨਵੰਬਰ ਨੂੰ ਦੀਵਾਲੀ ਵਾਲੇ ਦਿਨ ਸਿਲਕਿਆਰਾ ਵਾਲੇ ਪਾਸੇ ਤੋਂ 205 ਮੀਟਰ ਤੋਂ ਲੈ ਕੇ 260 ਮੀਟਰ ਦੇ ਵਿਚਕਾਰ ਸੁਰੰਗ ਦਾ ਇੱਕ ਹਿੱਸਾ ਢਹਿ ਗਿਆ। ਸੁਰੰਗ ਦਾ ਬਣਿਆ ਹੋਇਆ ਹਿੱਸਾ ਕਿਵੇਂ ਢਹਿ ਗਿਆ ਇਸ ਬਾਰੇ ਵੀ ਵਿਚਾਰ ਕਰਨੀ ਬਣਦੀ ਹੈ। ਸੁਰੰਗ ਵਿੱਚ ਕੰਮ ਕਰਦੇ ਮਜ਼ਦੂਰਾਂ ਅਨੁਸਾਰ ਸੁਰੰਗ ਦੇ ਢਹਿਣ ਤੋਂ ਦੋ ਤਿੰਨ ਦਿਨ ਪਹਿਲਾਂ ਜਦੋਂ ਉਹ ਇੱਕ ਜਾਲੀਦਾਰ ਗਾਰਡਰ ਨੂੰ ਹਟਾ ਰਹੇ ਸਨ ਉਸ ਵੇਲੇ ਸੁਰੰਗ ਦੀ ਛੱਤ ਤੋਂ ਕੁਝ ਮਲਬਾ ਗਿਰਿਆ ਸੀ। ਇਸ ਤੋਂ ਇਲਾਵਾ 11 ਨਵੰਬਰ ਦੀ ਰਾਤ ਨੂੰ ਕੰਕਰੀਟ ਦਾ ਇੱਕ ਟੁਕੜਾ ਵੀ ਛੱਤ ਤੋਂ ਗਿਰਿਆ ਸੀ। ਉਨ੍ਹਾਂ ਨੇ ਇਸ ਬਾਰੇ ਆਪਣੇ ਸੀਨੀਅਰਾਂ ਨੂੰ ਸੂਚਿਤ ਵੀ ਕੀਤਾ ਸੀ। ਇਸ ਤੋਂ ਪਹਿਲਾਂ ਕਿ ਕੁਝ ਕਾਰਵਾਈ ਕੀਤੀ ਜਾਂਦੀ ਇਹ ਦੁਖਦ ਘਟਨਾ ਵਾਪਰ ਗਈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸੁਰੰਗ ਦੀ ਛੱਤ ਦਾ ਜੋ ਹਿੱਸਾ 12 ਨਵੰਬਰ ਨੂੰ ਗਿਰਿਆ ਹੈ ਉਹੀ ਹਿੱਸਾ ਪਹਿਲਾਂ 2019 ਵਿੱਚ ਵੀ ਗਿਰਿਆ ਸੀ। ਇਸ ਸਾਲ ਮਾਰਚ ਦੇ ਮਹੀਨੇ ਵਿੱਚ ਵੀ ਇਸੇ ਸੁਰੰਗ ਦਾ ਕੁਝ ਹਿੱਸਾ ਨੁਕਸਾਨਿਆ ਗਿਆ ਸੀ। ਉਸ ਵੇਲੇ ਪਾਣੀ ਦੇ ਨਾਲ ਸੁਰੰਗ ਦੀ ਛੱਤ ਤੋਂ ਮਲਬਾ ਵੀ ਗਿਰਨ ਲੱਗ ਪਿਆ ਸੀ। ਉਸ ਸਮੇਂ ਘਟਨਾ ਦੇ ਮੁਕਾਬਲੇ ਬਹੁਤ ਘਟ ਮਲਬਾ ਗਿਰਿਆ ਸੀ ਅਤੇ ਕੋਈ ਵੀ ਮਜ਼ਦੂਰ ਉਸ ਦੀ ਲਪੇਟ ਵਿੱਚ ਨਹੀਂ ਆਇਆ ਸੀ।

ਉੱਤਰਾਖੰਡ ਦੇ ਵਿਕਾਸ ਕਾਰਜਾਂ ਦੇ ਚੱਲਦਿਆਂ ਇਹ ਕੋਈ ਪਹਿਲੀ ਘਟਨਾ ਨਹੀਂ ਜਦੋਂ ਮਜ਼ਦੂਰਾਂ ਜਾਂ ਉੱਤਰ-ਾਖੰਡ ਵਾਸੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੋਵੇ ਅਤੇ ਉਨ੍ਹਾਂ ਦੀ ਜਾਨ ਉੱਤੇ ਬਣ ਆਈ ਹੋਵੇ। ਟਿਹਰੀ ਹਾਈਡਰੋ ਪ੍ਰੋਜੈੱਕਟ ਬਣਨ ਸਮੇਂ 2 ਅਗਸਤ 2004 ਵਿੱਚ ਇੱਕ ਸੁਰੰਗ ਢਹਿ ਜਾਣ ਕਾਰਨ ਉਸ ਵਿੱਚ 80 ਮਜ਼ਦੂਰ ਫਸ ਗਏ ਜਿਨ੍ਹਾਂ ਵਿਚੋਂ 29 ਵਿਅਕਤੀਆਂ ਨੂੰ ਜਾਨ ਤੋਂ ਹੱਥ ਧੋਣੇ ਪਏ ਸਨ। 7 ਫਰਵਰੀ 2021 ਵਿੱਚ ਫਲੈਸ਼ ਫੱਲਡ ਆਉਣ ਨਾਲ ਤਪੋਦਨ ਵਿਸ਼ਨੂਗਾਡ ਹਾਈਡਰੋ ਪ੍ਰੋਜੈੱਕਟ ਦੀ ਇੱਕ ਸੁਰੰਗ ਵਿੱਚ ਫਸ ਜਾਣ ਕਾਰਨ 200 ਤੋਂ ਵਧ ਮਜ਼ਦੂਰਾਂ ਦੀ ਮੌਤ ਹੋ ਗਈ ਸੀ। 7 ਨਵੰਬਰ 2023 ਨੂੰ ਵੀ ਰਿਸ਼ੀਕੇਸ਼-ਕਰਨਪ੍ਰਯਾਗ ਰੇਲਵੇ ਲਾਈਨ ਦੀ ਉਸਾਰੀ ਅਧੀਨ ਸੁਰੰਗ ਵਿੱਚ ਰੱਖੇ ਰਸਾਇਣਾਂ ਨੂੰ ਅੱਗ ਲੱਗਣ ਨਾਲ ਲਗਭਗ 44 ਮਜਜ਼ਦੂਰ ਅੱਗ ਵਿੱਚ ਘਿਰ ਗਏ ਸਨ, ਮੌਕੇ ਸਿਰ ਅੱਗ ਉੱਤੇ ਕਾਬੂ ਪਾ ਕੇ ਉਨ੍ਹਾਂ ਨੂੰ ਬਚਾ ਲਿਆ ਗਿਆ।

ਇਸ ਸਾਲ ਜਨਵਰੀ ਵਿੱਚ ਜੋਸ਼ੀਮੱਠ ਸ਼ਹਿਰ ਦੇ ਸੈਂਕੜੇ ਘਰਾਂ ਅਤੇ ਇਮਾਰਤਾਂ ਵਿੱਚ ਤਰੇੜਾਂ ਆ ਗਈਆਂ ਸਨ ਅਤੇ ਕੁਝ ਘਰ ਅਤੇ ਇਮਾਰਤਾਂ ਜ਼ਮੀਨ ਵਿੱਚ ਗਰਕਣ ਲੱਗ ਗਏ ਸਨ। 23 ਜਨਵਰੀ 2023 ਜੋਸ਼ੀਮੱਠ ਨੂੰ ਗਰਕਣ ਵਾਲਾ ਖੇਤਰ ਐਲਾਨ ਦਿੱਤਾ ਗਿਆ ਸੀ।

ਸਥਾਨਕ ਲੋਕਾਂ ਅਨੁਸਾਰ ਜੋਸ਼ੀਮੱਠ ਦੇ ਘਰਾਂ ਦੇ ਗਰਕਣ ਦਾ ਮੁੱਖ ਕਾਰਨ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਦੇ ਤਪੋਵਨ ਵਿਸ਼ਨੂਗਾਡ ਪਣਬਿਜਲੀ ਪ੍ਰੋਜੈੱਕਟ ਲਈ ਬਣਾਈ ਜਾ ਰਹੀ 12 ਕਿਲੋਮੀਟਰ ਲੰਮੀ ਸੁਰੰਗ ਹੈ ਜਿਸ ਨੇ ਜੋਸ਼ੀਮੱਠ ਦੇ ਘਰਾਂ ਦੇ ਥੱਲੇ ਤੋਂ ਜ਼ਮੀਨ ਗਰਕਾ ਦਿੱਤੀ ਹੈ।

ਜਿਸ ਸੁਰੰਗ ਵਿੱਚ 41 ਮਜ਼ਦੂਰ ਫਸੇ ਹੋਏ ਹਨ ਇਹ ਸੁਰੰਗ ਚਾਰ-ਧਾਮ ਮਾਰਗ ਦਾ ਹੀ ਇੱਕ ਹਿੱਸਾ ਹੈ। ਇਸ ਸੁਰੰਗ ਸਿਲਕਿਆਰਾ ਅਤੇ ਬਾਰਕੋਟ ਦੇ ਵਿਚਕਾਰਲੀ 25 ਕਿਲੋਮੀਟਰ ਦੂਰੀ ਨੂੰ ਘਟਾ ਕੇ ਸਿਰਫ਼ 4.5 ਕਿਲੋਮੀਟਰ ਕਰ ਦੇਵੇਗੀ ਅਤੇ ਇਸ ਫਾਸਲੇ ਨੂੰ ਪਾਰ ਕਰਨ ਵਿੱਚ ਇੱਕ ਘੰਟੇ ਦੀ





ਥਾਂ ਉੱਤੇ ਸਿਰਫ 5 ਮਿੰਟ ਲਗਣਗੇ। ਚਾਰ-ਧਾਮ ਮਾਰਗ ਰਾਹੀਂ ਚਾਰ ਧਾਰਮਿਕ ਅਸਥਾਨਾਂ ਕੇਦਾਰਨਾਥ, ਬਦਰੀਨਾਥ, ਗੰਗਤੋਰੀ, ਅਤੇ ਯਮਨੋਤਰੀ ਨੂੰ ਹਰ ਮੌਸਮ ਵਿੱਚ ਆਪਸ ਵਿੱਚ ਜੋੜਨਾ ਹੈ। ਉੱਤਰਾਖੰਡ ਇੱਕ ਪਹਾੜੀ ਰਾਜ ਹੈ, ਸਰਦੀਆ ਵਿੱਚ ਇੱਥੇਂ ਬਰਫ਼ ਪੈਣ ਨਾਲ ਇਹ ਸਾਰੇ ਧਾਰਮਿਕ ਅਸਥਾਨ 6 ਮਹੀਨੇ ਬੰਦ ਰਹਿੰਦੇ ਹਨ। ਹਰ ਮੌਸਮ ਵਿੱਚ ਇਨ੍ਹਾਂ ਧਾਰਮਿਕ ਅਸਥਾਨਾਂ ਉੱਤੇ ਪਹੁੰਚ ਬਣਾਉਣ ਲਈ ਚਾਰ-ਧਾਮ ਮਾਰਗ ਬਣਾਇਆ ਜਾ ਰਿਹਾ ਹੈ। ਇਹ ਸੜਕ ਚਾਰ-ਮਾਰਗੀ ਬਣ ਰਹੀ ਹੈ ਅਤੇ ਇਸ ਦੀ ਕੁੱਲ ਲੰਮਾਈ ਲਗਭਗ 900 ਕਿਲੋਮੀਟਰ ਹੈ। ਚਾਰ-ਧਾਮ ਮਾਰਗ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿੱਚੋਂ ਲੰਘਦਾ ਹੈ। ਇਸ ਮਾਰਗ ਨੂੰ ਬਣਾਉਣ ਤੋਂ ਪਹਿਲਾ ਉਸ ਦੇ ਸਾਰੇ ਖੇਤਰ ਦਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਰਵਾਉਣਾ ਜ਼ਰੂਰੀ ਸੀ, ਪਰ ਇਸ ਮਾਰਗ ਨੂੰ ਬਣਾਉਣ ਲਈ ਇਸ ਨੂੰ 53 ਛੋਟੇ-ਛੋਟੇ ਹਿੱਸਿਆਂ ਵਿੱਚ ਵੰਡ ਕੇ ਸੜਕ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ 100 ਕਿਲੋਮੀਟਰ ਤੋਂ ਵੱਧ ਲੰਮੀ ਸੜਕ ਬਣਾਉਣ ਲਈ ਵਾਤਾਵਰਨ ਪ੍ਰਭਾਵ ਮੁਲਾਂਕਣ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਉਸਾਰੀ ਵਾਲਾ ਖੇਤਰ ਉਸ ਉਸਾਰੀ ਦੇ ਅਨੁਕੂਲ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਸ ਸੜਕ ਦੀ ਚੌੜਾਈ ਵੀ 12 ਮੀਟਰ ਰੱਖੀ ਜਾ ਰਹੀ ਹੈ ਜਿਸ ਲਈ 24 ਮੀਟਰ ਚੌੜਾਈ ਤੱਕ ਦੀ ਜ਼ਮੀਨ ਦੀ ਲੋੜ ਹੋਵੇਗੀ। ਪਹਾੜੀ ਇਲਾਕੇ ਵਿੱਚ ਜਿੰਨੀ ਜ਼ਿਆਦਾ ਕਟਾਈ ਹੋਵੇਗੀ ਉਨੀ ਜ਼ਿਆਦਾ ਹੀ ਪਹਾੜਾਂ ਦੀ ਖਿਸਕਣ ਦੀ ਸੰਭਾਵਨਾ ਵਧ ਜਾਵੇਗੀ।

ਉੱਤਰਾਖੰਡ ਰਾਜ ਕੁਦਰਤੀ ਤੌਰ ਉੱਤੇ ਬਹੁਤ ਸੋਹਣਾ ਅਤੇ ਇਹ ਕੁਦਰਤੀ ਸਰੋਤਾਂ ਨਾਲ ਵੀ ਭਰਪੂਰ ਹੈ। ਭਾਰਤ ਅਤੇ ਰਾਜ ਸਰਕਾਰਾਂ ਇਸ ਦੀ ਕੁਦਰਤੀ ਸੁੰਦਰਤਾ ਅਤੇ ਸਰੋਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਵਾਤਾਵਰਨ ਨਿਯਮਾਂ ਨੂੰ ਅੱਖੋਂ-ਪਰੋਖੇ ਕਰ ਕੇ ਇੱਥੇ ਚੌੜੀਆਂ ਸੜਕਾਂ, ਸੁਰੰਗਾਂ ਅਤੇ ਹਾਈਡਰੋਪਾਵਰ ਪ੍ਰੋਜੈੱਕਟਾਂ ਦਾ ਨਿਰਮਾਣ ਕਰਨ ਵਿੱਚ ਰੁਝੀ ਹੈ। ਉੱਤਰਾਖੰਡ ਵਿੱਚ ਨਿਰਮਾਣ ਕਾਰਜ ਇੰਨੇ ਜ਼ਿਆਦਾ ਹੋ ਰਹੇ ਹਨ ਜਿਹੜੇ ਇੱਥੋਂ ਦੇ ਪਹਾੜਾਂ ਦੇ ਝੱਲਣ ਦੀ ਸਮਰੱਥਾ ਤੋਂ ਜ਼ਿਆਦਾ ਹਨ। ਸੜਕਾਂ, ਸੁਰੰਗਾਂ ਆਦਿ ਬਣਾਉਣ ਲਈ ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉਡਾ ਦਿੱਤਾ ਜਾਂਦਾ ਹੈ ਜਿਸ ਕਾਰਨ ਪਹਾੜ ਆਪਣਾ ਸੰਤੁਲਨ ਖੋ ਬਹਿੰਦੇ ਹਨ ਅਤੇ ਥੱਲੇ ਨੂੰ ਖਿਸਕਣ ਲੱਗ ਜਾਂਦੇ ਹਨ।

ਸਿਲਕਿਆਰਾ-ਬਾਰਕੋਟ ਵਾਲੀ ਸੁਰੰਗ ਬਣਾਉਣ ਤੋਂ ਪਹਿਲਾਂ ਇਸ ਖੇਤਰ ਦਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਰਵਾਇਆ ਗਿਆ ਹੈ ਜਾਂ ਨਹੀਂ ਇਸ ਬਾਰੇ ਕੋਈ ਜਾਣਕਾਰੀ ਨਹੀਂ। ਮਾਹਿਰਾਂ ਅਨੁਸਾਰ ਸੁਰੰਗ ਬਣਾਉਣ ਵੇਲੇ ਬਚਾਅ ਲਈ ਇੱਕ ਛੋਟੀ ਸੁਰੰਗ ਬਣਾਈ ਜਾਂਦੀ ਹੈ ਜਿਸ ਨੂੰ ਐਮਰਜੈਂਸੀ ਹਾਲਤਾਂ ਵੇਲੇ ਵਰਤਿਆ ਜਾਂਦਾ ਹੈ, ਪਰ ਇਸ ਸੁਰੰਗ ਵਿੱਚ ਬਚਾਅ ਸੁਰੰਗ ਦਾ ਵੀ ਕੋਈ ਅਤਾ-ਪਤਾ ਨਹੀਂ ਹੈ। ਹੁਣ ਜਿਹੜੀਆਂ ਖਾਣ-ਪੀਣ, ਆਕਸੀਜਨ, ਅਤੇ ਮਜ਼ਦੂਰਾਂ ਦੇ ਬਚਾਅ ਲਈ ਪਾਈਪਾਂ ਪਾਈਆਂ ਜਾ ਰਹੀਆਂ ਹਨ ਇਹ ਸਭ ਕੰਮ ਉਸ ਬਚਾਅ ਸੁਰੰਗ ਬਣਾਉਣ ਨਾਲ ਹੀ ਪੂਰੇ ਹੋ ਜਾਣੇ ਸਨ। ਸਿਰਫ਼ ਇੱਕ ਘੰਟੇ ਦਾ ਸਫ਼ਰ ਘਟਾਉਣ ਲਈ 853 ਕਰੋੜ ਰੁਪਏ ਦਾ ਖ਼ਰਚ ਕਰਨ ਦੇ ਨਾਲ ਨਾਲ ਇੱਥੋਂ ਦੇ ਕੁਦਰਤੀ ਸਰੋਤਾਂ ਜੰਗਲ, ਜ਼ਮੀਨ, ਪਹਾੜਾਂ, ਹਵਾ, ਪਾਣੀ ਆਦਿ ਦਾ ਵੀ ਵੱਡੀ ਪੱਧਰ ਉੱਤੇ ਨੁਕਸਾਨ ਹੋ ਰਿਹਾ ਹੈ। ਇਸ ਸੁਰੰਗ ਵਿੱਚ ਕੰਮ ਕਰਦੇ ਮਜ਼ਦੂਰ ਜਿਹੜੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਦੂਰ-ਦੁਰਾਡੀਆਂ ਥਾਵਾਂ ਤੋਂ ਆਏ ਹੋਏ ਹਨ ਉਹ ਅਤੇ ਉਨ੍ਹਾਂ ਦੇ ਪਰਿਵਾਰ ਕਿੰਨੇ ਜ਼ਿਆਦਾ ਮਾਨਸਿਕ ਸੰਕਟ ਤੋਂ ਲੰਘ ਰਹੇ ਹਨ ਉਸ ਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ। ਇਹ ਘਟਨਾ ਦੀਵਾਲੀ ਵਾਲੇ ਦਿਨ ਵਾਪਰੀ ਸੀ ਜਦੋਂ ਸਾਰਾ ਦੇਸ ਤਿਉਹਾਰ ਮਨਾ ਰਿਹਾ ਸੀ ਤਾਂ ਇਹ ਵਿਚਾਰੇ ਮਜ਼ਦੂਰ ਅਤੇ ਉਨ੍ਹਾਂ ਦੇ ਪਰਿਵਾਰ ਦੁੱਖ ਅਤੇ ਚਿੰਤਾ ਵਿੱਚ ਡੁੱਬੇ ਹੋਏ ਸਨ।

ਉੱਤਰਾਖੰਡ ਰਾਜ ਹਿਮਾਲਿਆ ਪਹਾੜਾਂ ਵਿੱਚ ਵੱਸਿਆ ਹੋਇਆ ਹੈ। ਇੱਥੋਂ ਦੇ ਪਹਾੜ ਹਾਲੇ ਉੱਭਰ ਰਹੇ ਹਨ ਜੋ ਬਹੁਤ ਹੀ ਸੰਵੇਦਨਸ਼ੀਲ ਹਨ। ਇਸ ਸੁਰੰਗ ਦੇ ਸੰਦਰਭ ਵਿੱਚ ਦੱਸਿਆ ਜਾ ਰਿਹਾ ਹੈ ਕਿ ਸੁਰੰਗ ਦਾ ਜੋ ਹਿੱਸਾ ਗਿਰਿਆ ਹੈ ਉਸ ਥਾਂ ਉੱਤੇ ਰੇਤ ਦੀ ਪਰਤ ਸੀ ਜਿਨ੍ਹਾਂ ਥਾਵਾਂ ਉੱਤੇ ਪਾਈਪ ਅੜ ਰਹੇ ਹਨ ਉਨ੍ਹਾਂ ਥਾਵਾਂ ਉੱਤੇ ਸਖ਼ਤ ਚਟਾਨਾਂ ਹਨ। ਵੱਖੋ-ਵੱਖਰੇ ਥਾਵਾਂ ਉੱਤੇ ਅਲੱਗ-ਅਲੱਗ ਤਰ੍ਹਾਂ ਦੀਆਂ ਪਰਤਾਂ ਹਨ। ਇਸ ਦੇ ਨਾਲ ਨਾਲ ਉੱਤਰਾਖੰਡ ਰਾਜ ਭੂਚਾਲ ਸੰਵੇਦਨਸ਼ੀਲ ਅਤੇ ਪਹਾੜ ਖਿਸਕਣ ਵਾਲੇ ਖੇਤਰ ਵਿੱਚ ਪੈਂਦਾ ਹੈ। ਉੱਤਰਾਖੰਡ ਦੇ ਉੱਤਰਕਾਸ਼ੀ ਜ਼ਿਲ੍ਹੇ ਵਿੱਚ ਹੀ 1991 ਵਿੱਚ 6.8 ਤੀਬਰਤਾ ਦਾ ਭੂਚਾਲ ਆਇਆ ਸੀ ਜਿਸ ਵਿੱਚ ਸੈਂਕੜੇ ਲੋਕ ਮਾਰੇ ਗਏ ਸਨ। ਇਸ ਤੋਂ ਬਾਅਦ ਚੰਮੋਲੀ ਵਿੱਚ ਆਏ ਭੂਚਾਲ ਵਿੱਚ ਵੀ ਸੈਂਕੜੇ ਲੋਕ ਮਰ ਗਏ ਸਨ। ਜਿਓਲੋਜੀਕਲ ਸਰਵੇ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਉੱਤਰਾਖੰਡ ਦਾ 39000 ਵਰਗ ਕਿਲੋਮੀਟਰ ਖੇਤਰ (72 ਫ਼ੀਸਦੀ) ਵਿੱਚ ਪਹਾੜ ਖਿਸਕਣ ਵਾਲਾ ਹੈ। ਈਸਰੋ ਦੀ ਇੱਕ ਰਿਪੋਰਟ ਅਨੁਸਾਰ ਉੱਤਰਾਖੰਡ ਵਿੱਚ 1988 ਤੋਂ 2022 ਤੱਕ 11219 ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ।

ਅਜਿਹੇ ਖੇਤਰ ਜਿਹੜੇ ਹਰ ਪੱਖੋਂ ਸੰਵੇਦਨਸ਼ੀਲ ਹੋਣ ਉੱਥੇ ਕਿਸੇ ਵੀ ਤਰ੍ਹਾਂ ਦੇ ਵੱਡੇ ਪ੍ਰੋਜੈੱਕਟ ਤਬਾਹੀ ਲਿਆਉਣ ਵਾਲੇ ਹੋ ਸਕਦੇ ਹਨ। ਕੇਂਦਰ ਸਰਕਾਰ ਉੱਤਰਾਖੰਡ ਵਿੱਚ ਚਾਰ-ਮਾਰਗੀ ਸੜਕਾਂ ਬਣਾਉਣ ਲਈ ਦੇਸ ਦੀ ਸੁਰੱਖਿਆ ਦਾ ਹਵਾਲਾ ਵੀ ਦੇ ਰਹੀ ਹੈ। ਕੇਂਦਰ ਸਰਕਾਰ ਅਨੁਸਾਰ ਚਾਰ-ਮਾਰਗੀ ਸੜਕਾਂ ਰਾਹੀਂ ਸੁਰੱਖਿਆ ਬਲ ਤੇਜ਼ੀ ਨਾਲ ਸਰਹੱਦ ਉੱਤੇ ਪਹੁੰਚ ਕੇ ਦੇਸ ਦੀ ਰਾਖੀ ਕਰ ਸਕਦੇ ਹਨ, ਪਰ ਇੱਥੇ ਵੀ ਸੋਚਣਾ ਬਣਦਾ ਹੈ ਜੇਕਰ ਪਹਾੜ ਖਿਸਕਣ ਨਾਲ ਸੜਕਾਂ ਹੀ ਨਾ ਰਹੀਆਂ ਤਾਂ ਸੁਰੱਖਿਆ ਬਲ ਦੇਸ ਦੀ ਸੀਮਾਂ ਉੱਤੇ ਕਿਵੇਂ ਪਹੁੰਚਣਗੇ। ਸੁਰੰਗਾਂ ਦੇ ਢਹਿ ਜਾਣ ਦੀ ਸੂਰਤ ਵਿੱਚ ਫੌਜੀਆਂ ਨਾਲ ਭਰੇ ਹੋਏ ਟੱਰਕ ਵੀ ਸੁਰੰਗਾਂ ਵਿੱਚ ਦਬ ਸਕਦੇ ਹਨ।

ਇਸ ਲਈ ਇਨ੍ਹਾਂ ਖੇਤਰਾਂ ਵਿੱਚ ਵਿਕਾਸ ਉਸ ਤਰ੍ਹਾਂ ਦਾ ਹੀ ਕਰਨਾ ਚਾਹੀਦਾ ਹੈ ਜੋ ਚਿਰ-ਸਥਾਈ ਹੋਵੇ। ਇਸ ਲਈ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੇ ਸੰਵੇਦਨਸ਼ੀਲ ਖੇਤਰਾਂ ਵਿੱਚ ਵੱਡੇ ਵੱਡੇ ਪ੍ਰੋਜੈੱਕਟ ਲਗਾਉਣ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ, ਅਤੇ ਸਥਾਨਕ ਲੋਕਾਂ ਦੀ ਰਾਇ ਲੈਣ। ਚਾਰ-ਧਾਮ ਮਾਰਗ ਉੱਤੇ ਬਣ ਰਹੀਆਂ ਸੁਰੰਗਾਂ ਦੀ ਚੰਗੀ ਤਰ੍ਹਾਂ ਵਿਗਿਆਨਕ ਜਾਂਚ ਕਰਵਾਉਣ ਤਾਂ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਚਾਰ-ਧਾਮ ਮਾਰਗ ਬਹੁਤ ਹੀ ਸੰਵੇਦਨਸ਼ੀਲ ਖੇਤਰ ਵਿੱਚੋਂ ਲੰਘਦਾ ਹੈ। ਇਸ ਲਈ ਇਸ ਦੇ ਹਰ ਟੁਕੜੇ ਦੀ ਵਿਗਿਆਨਕ ਅਤੇ ਭੂਗੋਲਿਕ ਜਾਂਚ ਤੋਂ ਬਾਅਦ ਹੀ ਇਸ ਦੀ ਉਸਾਰੀ ਕੀਤੀ ਜਾਣੀ ਚਾਹੀਦੀ ਹੈ।

ਵਾਤਾਵਰਨ ਦੀ ਸੁਰੱਖਿਆ ਦੇ ਨਾਲ ਨਾਲ ਪ੍ਰੋਜੈੱਕਟਾਂ ਵਿੱਚ ਕੰਮ ਕਰਨ ਵਾਲਿਆਂ ਮਜਦੂਰਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਕਿਸੇ ਵੀ ਦੇਸ ਲਈ ਆਰਥਿਕ ਵਿਕਾਸ ਬਹੁਤ ਜ਼ਰੂਰੀ ਹੈ, ਪਰ ਉਹ ਵਿਕਾਸ ਮਨੁੱਖੀ ਜ਼ਿੰਦਗੀਆਂ ਦੀ ਬੇਹਤਰੀ ਲਈ ਹੋਵੇ।

ਉੱਤਰਾਖੰਡ ਸਮੇਤ ਦੇਸ ਦੇ ਸਾਰੇ ਪਹਾੜੀ ਰਾਜਾਂ ਦੀ ਹੋਂਦ ਨੂੰ ਬਚਾਉਣ ਲਈ ਕੇਂਦਰ ਅਤੇ ਪਹਾੜੀ ਰਾਜਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਹਾੜੀ ਰਾਜਾ ਵਿੱਚ ਵਿਕਾਸ ਉੱਥੋਂ ਦੀਆਂ ਭੂਗੋਲਿਕ ਅਤੇ ਜ਼ਮੀਨੀ ਹਾਲਤਾਂ ਦੇ ਅਨੁਸਾਰ ਹੋਵੇ। ਪਹਾੜ ਖਿਸਕਣ, ਜ਼ਮੀਨ ਗਰਕਣ, ਅਤੇ ਸੁਰੰਗ ਢਹਿਣ ਦੀ ਹਾਲਤ ਵਿੱਚ ਲੋਕਾਂ ਨੂੰ ਭਾਰੀ ਮਾਨਸਿਕ, ਸਰੀਰਕ ਅਤੇ ਮਾਲੀ ਨੁਕਸਾਨ ਉਠਾਉਣਾ ਪੈਂਦਾ ਹੈ। ਵਿਕਾਸ ਲੋਕਾਂ ਲਈ ਹੁੰਦਾ ਹੈ ਨਾ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਵਿਕਾਸ ਲਈ।

## ਮਿੰਨੀ ਕਹਾਣੀ — ਕੁਰਸੀ ਦਾ ਮੁੱਲ ਹੁੰਦਾ !



ਰਾਜਿੰਦਰ ਸਿੰਘ ਰਾਜਨ

ਪਿੰਡ ਦੇ ਇਕ ਥੜੇ ਤੇ ਬੈਠੇ ਕੁਝ ਬਜ਼ੁਰਗ ਖਟੀਆ ਮਿਠੀਆਂ ਗੱਲਾਂ ਕਰਦਿਆਂ! ਹੁਣ ਰਾਣਾ ਹਰਮੀਤ ਇਕ ਅਧਿਕਾਰੀ ਦੀਆਂ ਸੇਵਾਵਾਂ ਤੋਂ ਸੇਵਾ ਮੁਕਤ ਹੋਕੇ ਇਹ ਗੱਲ ਸੋਚ ਰਿਹਾ ਹੋਣਾਂ ਕਿ ਹੈਲੋ ਹੈਲੋ ਦੀ ਘੰਟੀ ਵਜਣੀ ਘੱਟ ਗਈ ਹੈ, ਜਦੋਂ ਅਧਿਕਾਰੀ ਦੀਆਂ ਸੇਵਾਵਾਂ ਵਿੱਚ ਸੀ ਤਾਂ ਹੈਲੋ ਹੈਲੋ ਸੁਣਨ ਦੀ ਵਿਹਲ ਨਹੀ ਸੀ ਹੁੰਦੀ ਤੇ ਕੋਈ ਫੋਨ ਆਉਣਾ ਤਾਂ ਟਿਚ ਨਾ ਜਾਣਨਾ। ਹੇਠਾ ਮੁਲਾਜ਼ਮਾ ਨੂੰ ਸਮਝਾਇਆ ਹੁੰਦਾ ਸੀ ਕਿ ਕਹਿ ਦੇਣਾ ਸਾਬ ਬਿਜੀ ਨੇ। ਫੇਸਬੁੱਕ, ਵਟੱਸਐਪ, ਇੰਸਟਾਗ੍ਰਾਮ ਸੈਂਕੜਿਆਂ ਮੈਸੇਜ ਦੀ ਪ੍ਰਵਾਹ ਨਹੀ ਸੀ ਕਰਦਾ ਹੁੰਦਾ, ਬੰਤਾ ਸਿੰਘ ਬੋਲਿਆ।

ਹੁਣ ਦੇਖਣਾ ਹਾਲ ਇਹ ਹੋ ਜਾਣਾਂ ਕਿ ਹੈਲੋ ਹੈਲੋ ਦੀ ਘੰਟੀ, ਵਟੱਸਐਪ ਤੇ ਇੰਸਟਾਗ੍ਰਾਮ ਸੈਂਕੜਿਆਂ ਮੈਸੇਜ ਕੇਵਲ ਤੇ ਕੇਵਲ ਨਾ-ਮਾਤਰ ਹੀ ਰਹਿ ਜਾਂਣੇ ਨੇ, ਜਗਜੀਤ।

ਜਿਹੜੇ ਚੇਲੇ ਚਮਟੇ ਹੁੰਦੇ ਨੇ ਨਾ ਉਹ ਸੱਭ ਤੋਂ ਪਹਿਲਾ ਪਿੱਛੇ ਹੁੰਦੇ ਨੇ ਜਿਵੇਂ ਕਿਸੇ ਨੂੰ ਜਾਂਣਦੇ ਹੀ ਨਹੀ, ਬੰਤਾ ਸਿੰਘ !

ਚਾਚੇ-ਤਾਏ ਦੁਖ-ਸੁਖ ਵਿੱਚ ਇਨ੍ਹਾਂ ਨਾਲ ਭੰਬੀਰੀ ਵਾਂਗ ਘੁੰਮਦੇ ਸੀ ਪਰ ਅਧਿਕਾਰੀ ਦੇ ਕਾਰਜਕਾਲ ਦੌਰਾਨ ਇਸ ਨੇ ਫੇਸਬੁੱਕ ਤੇ ਲਿਖਤਾ ਪਾ-ਪਾ ਕੇ ਉਹਨਾਂ ਦੀ ਬਦਖੋਈ ਕਰ-ਕਰ ਬਿਨਾਂ ਵਜ੍ਹਾ ਭੰਡਿਆ। ਜਿਹਨਾਂ ਯਾਰਾ ਦੋਸਤਾ ਨੂੰ ਅਸਲੀਅਤ ਦਾ ਪਤਾ ਹੀ ਨਹੀ ਉਨ੍ਹਾਂ ਨੇ ਚਮਚੀ ਮਾਰ ਲਈ ਤੇ ਜਿਹਨਾਂ ਰਿਸ਼ਤੇਦਾਰ ਨੂੰ ਸੱਚ ਦਾ ਪਤਾ ਸੀ ਉਹ ਇਸ ਨਲਾਇਕ ਦੀ ਨਲਾਇਕੀ ਤੇ ਹਸ ਛੱਡਦੇ। ਹੁਣ ਦੇਖਦੇ ਹਾਂ ਕਿੰਨੇ ਕੁਮੈਂਟਸ ਆਉਂਦੇ ਨੇ ਏਨੂੰ, ਕਸਤੂਰੀ ਲਾਲ।

ਜ਼ਿੰਦਗੀ ਵਿੱਚ ਇਨਸਾਨ ਨੂੰ ਚੰਗਾ ਰੁੱਤਬਾ ਮਿਲ ਜਾਵੇ ਤਾਂ ਉਸ ਨੂੰ ਆਪਣਾ ਪਿ-ਛੋਕੜ ਨਹੀ ਭੁੱਲਣਾ ਚਾਹੀਦਾ। ਰਿਸ਼ਤੇਦਾਰੀ, ਆਮ ਪਬਲਿਕ ਤੇ ਮੁਲਾਜ਼ਮਾ ਵਿੱਚ ਪਿਆਰ, ਹਲੀਮ ਦੀ ਸਾਂਝ ਬਣਾਕੇ ਚਲਣਾ ਚਾਹੀਦਾ ਹੈ ਨਾ ਕਿ ਹੈਂਕੜਬਾਜੀ ਤੇ ਧੌਣ ਥੱਲੇ ਹੀ ਨਾ ਹੋਣੀ, ਜਿਵੇਂ ਧੌਣ ਵਿੱਚ ਲੋਹੇ ਦਾ ਸਰੀਆ ਪਿਆ ਹੋਵੇ, ਹੇਠਾਂ ਨਜ਼ਰ ਨਹੀ ਸੀ ਆਉਂਦਾ ਕੌਣ ਖੜਾ ਹੈ, ਇਹੋ ਜੇਹਾਂ ਨੂੰ ਫਿਰ ਕੋਈ ਨਹੀ ਪੁੱਛਦਾ ਹੁੰਦਾ, ਜੱਗਾ ਪਹਿਲਵਾਨ!

ਥੜੇ ਤੇ ਬੈਠਾ ਕੀਮਤੀ ਲਾਲ ਯਾਰ ਕੀ ਗੱਲਾ ਪਏ ਕਰਦੇ ਓ, ਅੱਜ ਸਵੇਰੇ ਸੈਰ ਕਰਦੇ ਸਮੇਂ ਰਾਣਾ ਹਰਮੀਤ ਮੇਰੇ ਨਾਲ ਆ ਮਿਲਿਆ। ਸੁਖ਼ਸਾਂਤ ਪੁੱਛਣ ਤੋਂ ਬਾਅਦ ਮੈ ਪੁੱਛਿਆ ਹੋਰ ਫਿਰ, ਤੇ ਕਹਿਣ ਲੱਗਿਆ ਹੋਰ ਫਿਰ ਕੀ ਭਰਾ ਕੁਰਸੀ ਦਾ ਮੁੱਲ ਹੁੰਦਾ, ਹੁਣ ਤਾਂ ਕੋਈ ਬਾਤ ਹੀ ਨਹੀ ਪੁੱਛਦਾ। ਜੇਹੜੇ ਲੋਕ ਕਈ ਕੰਮ ਲੈਂਦੇ ਸੀ ਉਹ ਵੀ ਪਾਸਾ ਵੱਟ ਕੇ ਨਿਕਲ ਜਾਂਦੇ ਨੇ। ਹੁਣ ਤਾਂ ਜਿਹੜੇ ਫੇਸਬੁੱਕ, ਵਟੱਸਐਪ, ਇੰਸਟਾਗ੍ਰਾਮ ਸੈਂਕੜਿਆਂ ਮੈਸੇਜ ਆਉਂਦੇ ਸੀ ਉਹ ਵੀ ਹੁਣ ਨਾ ਮਾਤਰ ਹੀ ਆਉਂਦੇ ਨੇ, ਵੇਹਲੇ ਮੱਖੀਆਂ ਮਾਰਨ ਵਾਲੀ ਗੱਲ ਹੋ ਗਈ ਹੈ। ਕੀਮਤੀ ਲਾਲ ਦੀ ਗੱਲ ਸੁਣਕੇ ਸਾਰੇ ਬਜ਼ੁਰਗ ਖਿੜ ਖਿੜਾਕੇ ਹੱਸਦੇ ਹੋਏ ਆਪਣੇ-ਆਪਣੇ ਘਰਾ ਨੂੰ ਰਵਾਨਾ ਹੋ ਗਏ।

## (ਹਾਸ-ਵਿਅੰਗ) ਅਖੇ ਜੁੱਤੀ 'ਤੇ ਕਢਾਈ ਆ 'ਤਿੱਲੇ' ਦੀ ਪਰ..

ਪ੍ਰਵਾਸੀ ਬੀਬੀਆਂ ਜਦ ਪੰਜਾਬ ਜਾ ਕੇ ਬਜ਼ਾਰਾਂ 'ਚ ਖ੍ਰੀਦੋ-ਫਰੋਖਤ ਕਰਦੀਆਂ ਹਨ ਤਾਂ ਚੀਜ ਦੇ ਮੁੱਲ ਦੀ ਡਾਲਰਾਂ ਨਾਲ ਗੁਣਾ-ਘਟਾ ਕਰਕੇ ਹੁੱਬ ਜਾਨੀਆਂ ਕਿ ਆਹ ਤਾਂ ਸਾਨੂੰ ਬਹੁਤ ਈ ਸਸਤੀ ਪੈਣੀ ਐਂ !

ਪਿਛਲੇ ਸਾਲ ਅਮਰੀਕਾ ਤੋਂ ਆਪਣੇ ਪਿੰਡ ਗਈ ਮੇਰੀ ਸ਼੍ਰੀਮਤੀ ਨੇ ਨਵਾਂ ਸ਼ਹਿਰ ਤੋਂ ਸੁਨਹਿਰੀ ਧਾਗੇ ਦੀ ਕਢਾਈ ਅਤੇ ਚਮਕਦੇ ਮੋਤੀਆਂ ਜਿਹਾਂ ਨਾ.ਲ ਮੜ੍ਹੀ ਹੋਈ ਜੁੱਤੀ ਖ੍ਰੀਦ ਲਿਆਂਦੀ! ਉਹ ਜੁੱਤੀ ਪਾਉਣ ਲਈ (ਅਸਲ 'ਚ ਹੋਰ ਬੀਬੀਆਂ ਨੂੰ ਦਿਖਾਉਣ ਲਈ) ਔਂਸੀਆਂ ਪਾਉ-ਂਦਿਆਂ ਨੂੰ ਮਸਾਂ ਹੀ ਇੱਕ ਵਿਆਹ ਆਇਆ !



ਚਾਈਂ ਚਾਈਂ ਸੂਟ ਨਾਲ ਮੈਚਿੰਗ ਕਰਦੀ ਜੁੱਤੀ ਪਾ ਕੇ ਉਹ ਬਰਾਤੇ ਜਾਣ ਲਈ ਕਾਰ ਵਿੱਚ ਬਹਿ ਗਈ।ਮੈਂ ਕਿਸੇ ਹੋਰ ਕਾਰ ਵਿੱਚ ਅਨੰਦ ਕਾਰਜ ਵਾਲੇ ਸਥਾਨ 'ਤੇ ਪਹਿਲਾਂ ਪਹੁੰਚ ਗਿਆ।

ਪਾਰਕਿੰਗ ਵਿੱਚ ਉਡੀਕਦੇ ਖੜ੍ਹੇ ਮੇਰੇ ਸਾਹਮਣੇ ਜਦ ਸਾਡੇ ਪ੍ਰਵਾਰ ਦੀ ਕਾਰ ਆ ਕੇ ਰੁਕੀ ਤਾਂ ਉਹਦੇ ਵਿੱਚੋਂ ਬਾਕੀ ਬੀਬੀਆਂ ਤਾਂ ਆਮ ਵਾਂਗ ਉੱਤਰ ਗਈਆਂ ਪਰ ਮੇਰੀ ਪਤਨੀਂ ਇੱਕ ਪੈਰ ਐਂ ਘੜੀਸਦੀ ਤੁਰੀ ਆਵੇ ਜਿੰਦਾਂ ਮੱਝਾਂ ਨੂੰ ਸਰਨ ਪਈ ਹੁੰਦੀ ਐ !

ਮੈਂ ਉਹਦੇ ਵੱਲ੍ਹ ਹੈਰਾਨੀ ਨਾਲ ਦੇਖਿਆ ਤਾਂ ਉਹ ਹੱਸ ਪਈ! ਆਪਣੇ ਇੱਕ ਪੈਰ ਵਿੱਚ ਪਾਣੀ 'ਚੋਂ ਬਾਹਰ ਕੱਢੀ ਮੱਛੀ ਵਾਂਗ ਮੂੰਹ ਅੱਡਦੀ ਟੁੱਟੀ ਹੋਈ ਜੁੱਤੀ ਵੱਲ੍ਹ ਉਸਨੇ ਇਸ਼ਾਰਾ ਕਰਿਆ !

ਉਹਨੂੰ ਤੁਰਨੋਂ ਵੀ ਅਸਮਰੱਥ ਦੇਖ ਕੇ ਸਾਨੂੰ ਸੁੱਝੇ ਕੁੱਝ ਨਾ !

ਅਚਾਨਕ ਕਿਸੇ ਦੀ ਜੇਬ੍ਹ ਵਿੱਚ ਦੋਹਤੇ ਦੇ ਜੂੜੇ ਨੂੰ ਪਾਉਣ ਵਾ.ਲੀ ਇੱਕ ਰਬੜ ਨਿੱਕ.ਲ ਆਈ... ਮੈਂ ਟੁੱਟੀ ਜੁੱਤੀ ਦੇ ਪੰਜੇ ਉੱਤੇ ਉਹ ਰਬੜ ਚੜ੍ਹਾ ਦਿੱਤੀ ! ਹਾਲੇ ਉਹ ਦੋ ਕੁ ਪੈਰ ਹੀ ਤੁਰੀ ਸੀ ਕਿ ਦੂਜੇ ਪੈਰ ਦੀ ਜੁੱਤੀ ਵੀ ਅੱਡੀ ਕੋ.ਲੋਂ ਉੱਖੜ ਗਈ !

ਬਸ ਫਿਰ ਜੀ ਉਦੋਂ ਨਵਾਂ ਸ਼ਹਿਰੀਏ ਓਸ ਦੁਕਾਨਦਾਰ ਨੂੰ ਛਿੱਕਾਂ ਬਹੁਤ ਆਈਆਂ ਹੋਣੀਆਂ ਕਿਉਂਕਿ ਉਹਨੂੰ ਇੱਧਰ ਅਮਰੀਕਾ ਵਿੱਚ 'ਗਾ.ਲਾਂ ਦੀ ਬੁਛਾੜ' ਹੋ ਰਹੀ ਸੀ!


-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

# 02 ਦਸੰਬਰ ਲਈ ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਸਬੰਧੀ ਵਿਸੇਸ਼



ਕੁਲਦੀਪ ਚੰਦ
91-9417563054

02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਮਨੁਖੀ ਸਭਿਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਸੋਝੀ ਆਣ ਨਾਲ ਕੁੱਝ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਦੁਨੀਆਂ ਵਿੱਚ ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਸਨ ਜਿਨ੍ਹਾਂ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ, ਤੋਹਫੇ ਵਿੱਚ ਮਿਲਿਆ ਗੁਲਾਮ ਵਿਅੱਕਤੀ, ਖ੍ਰੀਦਿਆ ਗਿਆ ਗੁਲਾਮ ਵਿਅਕਤੀ, ਜਿਸ ਵਿਅਕਤੀ ਨੇ ਭੁੱਖ ਤੋਂ ਬਚਣ ਲਈ ਮਜ਼ਬੂਰੀ ਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਪੈਸੇ ਲੈਕੇ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। ਕਾਨੂੰਨੀ ਤੋਰ ਤੇ ਭਾਵੇਂ ਦੁਨੀਆਂ ਵਿੱਚ ਕਿਤੇ ਵੀ ਗ਼ੁਲਾਮੀ ਨਹੀਂ ਹੈ ਫਿਰ ਵੀ ਮਨੁੱਖੀ ਤਸਕਰੀ ਇੱਕ ਵਿਸ਼ਵ ਵਿਆਪੀ ਮੁੱਦਾ ਹੈ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਇਸ ਸਭ ਦੇ ਬਾਬਜੂਦ ਗੁਲਾਮੀ ਪ੍ਰਥਾ ਦਾ ਖਾਤਮਾ ਨਹੀਂ ਹੋ ਰਿਹਾ ਹੈ। ਲਿੰਕਨ ਨੇ 22 ਸਤੰਬਰ 1862 ਨੂੰ ਮੁਢਲੀ ਮੁਕਤੀ ਘੋਸ਼ਣਾ ਜਾਰੀ ਕੀਤੀ ਅਤੇ 1 ਜਨਵਰੀ 1863 ਨੂੰ ਉਸਨੇ ਘੋਸ਼ਣਾ ਕੀਤੀ ਕਿ ਕਿਸੇ ਵੀ ਅਮਰੀਕੀ ਰਾਜ ਦੇ ਅੰਦਰ ਜਾਂ ਕਿਸੇ ਹਿੱਸੇ ਦੇ ਗੁਲਾਮ ਹਮੇਸ਼ਾ ਲਈ ਆਜ਼ਾਦ ਹੋਣਗੇ। ਮੁਕਤੀ ਘੋਸ਼ਣਾ ਨੇ ਵਿਦਰੋਹੀ ਰਾਜਾਂ ਵਿੱਚ ਲਗਭਗ 3 ਮਿਲੀਅਨ ਗ਼ੁਲਾਮ ਵਿਅਕਤੀਆਂ ਨੂੰ ਆਜ਼ਾਦ ਕੀਤਾ। ਸਾਲ 1865 ਤੋਂ ਪਹਿਲਾਂ ਸੰਯੁਕਤ ਰਾਜਾਂ ਦੇ 16 ਗੁਲਾਮ ਰਾਜ ਸਨ ਅਤੇ ਸਿਵਲ ਜੰਗ ਤੋਂ ਬਾਦ ਸੰਵਿਧਾਨ ਦੀ 13ਵੀਂ ਸੋਧ ਦੁਆਰਾ ਗੁਲਾਮੀ ਦਾ ਖਾਤਮਾ ਕੀਤਾ ਗਿਆ। 02 ਦਸੰਬਰ 1949 ਨੂੰ ਇਸ ਸਬੰਧੀ ਯੂਨਾਇਟਡ ਨੇਸ਼ਨਜ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਨੇ ਯੂਨਾਇਟਡ ਨੇਸ਼ਨਜ਼ ਵਿੱਚ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। ਸਾਲ 1995 ਤੋਂ 02 ਦਸੰਬਰ ਦਾ ਦਿਨ ਅੰਤਰ-ਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ। 18 ਦਸੰਬਰ 2002 ਨੂੰ ਯੂਨਾਇਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਵਜੋਂ ਘੋਸਿਤ ਕੀਤਾ ਸੀ ਅਤੇ ਸਾਲ ਭਰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕੀਤਾ। ਸੁਡਾਨ ਦੀ ਦੂਜੀ ਘਰੇਲੂ ਜੰਗ ਜੋ ਕਿ ਸਾਲ 1983 ਤੋਂ 2005 ਤੱਕ ਚੱਲੀ ਦੌਰਾਨ ਲੋਕਾਂ ਨੂੰ ਵੇਚ ਦਿੱਤਾ ਗਿਆ। ਪੱਛਮੀ ਅਫ਼ਰੀਕਾ ਵਿੱਚ ਕੋਕੋ ਦੇ ਬਾਗਾਂ ਤੇ ਬੱਚਿਆਂ ਦੀ ਤਸਕਰੀ ਅਤੇ ਗੁਲਾਮੀ ਦੇ ਸਬੂਤ ਸਾਲ1990 ਦੇ ਦਹਾਕੇ ਦੇ ਅਖੀਰ ਵਿੱਚ ਪ੍ਰਗਟ ਹੋਏ। ਪ੍ਰਾਪਤ ਜਾਣਕਾਰੀ ਅਨੁਸਾਰ ਸਲੇਵ ਟਰੇਡ ਨੇ 16ਵੀਂ ਤੋਂ 19ਵੀਂ ਸਦੀ ਤੱਕ ਅੰਧ ਮਹਾਸਾਗਰ ਦੇ ਪਾਰ ਅਮਰੀਕਾ ਵਿੱਚ ਲੱਗਭੱਗ 12 ਮਿਲੀਅਨ ਗ਼ੁਲਾਮ ਅਫ਼ਰੀਕੀ ਲੋਕਾਂ ਨੂੰ ਲਿਜਾਇਆ ਗਿਆ। ਪਿਛਲੇ ਕਈ ਸਾਲਾਂ ਵਾਂਗ 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਗੁਲਾਮੀ ਦੇ ਪੀੜ੍ਹਤਾਂ ਦੀ ਯਾਦ ਦੇ ਅੰਤਰਰਾਸ਼ਟਰੀ ਦਿਵਸ ਇਸ ਸਾਲ ਦੇ ਥੀਮ "ਪਰਿਵਰਤਨਸ਼ੀਲ ਸਿੱਖਿਆ ਦੁਆਰਾ ਨਸਲਵਾਦ ਦੀ ਗੁਲਾਮੀ ਦੀ ਵਿਰਾਸਤ ਨਾਲ ਲੜਨਾ'' ਨੂੰ ਦਰਸਾਉਣ ਲਈ ਇੱਕ ਮੀਟਿੰਗ ਕੀਤੀ। ਇਸ ਦਿਨ ਦਾ ਧਿਆਨ ਗ਼ੁਲਾਮੀ ਦੇ ਸਮਕਾਲੀ ਰੂਪਾਂ ਨੂੰ ਖ਼ਤਮ ਕਰਨ ਤੇ ਹੈ ਜਿਵੇਂ ਕਿ ਵਿਅਕਤੀਆਂ ਦੀ ਤਸਕਰੀ, ਜਿਨਸੀ ਸ਼ੋਸ਼ਣ, ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪ, ਜ਼ਬਰਦਸਤੀ ਵਿਆਹ, ਅਤੇ ਹਥਿਆਰਬੰਦ ਸੰਘਰਸ਼ ਵਿੱਚ ਵਰਤੋਂ ਲਈ ਬੱਚਿਆਂ ਦੀ ਜਬਰੀ ਭਰਤੀ ਆਦਿ।ਗੁਲਾਮੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਗੁਲਾਮੀ ਦੇ ਖੇਤਰ ਵਿੱਚ ਸਾਡੀਆਂ ਗਲਤੀਆਂ ਨੂੰ ਉਜਾਗਰ ਕਰਦਾ ਹੈ ਅਤੇ ਰਵਾਇਤੀ ਵਿਸ਼ਵਾਸਾਂ ਅਤੇ ਸੰਸਥਾਵਾਂ ਜਿਨ੍ਹਾਂ ਨੇ ਇਸਦਾ ਸਰਗਰਮੀ ਨਾਲ ਸਮਰਥਨ ਕੀਤਾ ਹੈ, ਇਹ ਸਾਡੇ ਲਈ ਕੁਝ ਬਿਹਤਰ ਦੀ ਮੰਗ ਕਰਨ ਲਈ ਇੱਕ ਪ੍ਰੇਰਣਾ ਵਜੋਂ ਕੰਮ ਕਰਦਾ ਹੈ। ਗੁਲਾਮੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਸਾਨੂੰ ਉਨ੍ਹਾਂ ਲੋਕਾਂ ਦੀ ਸੇਵਾ ਲਈ ਦੁਬਾਰਾ ਸੌਂਪਣ ਵਿੱਚ ਮਦਦ ਕਰਦਾ ਹੈ ਜਿਨ੍ਹਾਂ ਨੂੰ ਕਿਸੇ ਕਿਸਮ ਦੀ ਆਧੁਨਿਕ ਗੁਲਾਮੀ ਲਈ ਮਜਬੂਰ ਕੀਤਾ ਗਿਆ ਹੈ। ਅੱਜ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਤੱਕ ਵੀ ਕਾਇਮ ਹੈਅਤੇ ਵਿਸ਼ਵ ਵਿੱਚ ਅਜੇ ਵੀ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ ਅਤੇ ਦੁਨੀਆਂ ਦੇ ਲੱਗਭੱਗ ਅੱਧੇ ਗੁਲਾਮ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਅਨੁਸਾਰ ਲੱਗਭੱਗ 40 ਮਿਲੀਅਨ ਵਿਅਕਤੀ ਗੁਲਾਮੀ ਭਰਿਆ ਜੀਵਨ ਜੀਅ ਰਹੇ ਹਨਜਿਵੇਂ ਕਿ ਜ਼ਬਰਦਸਤੀ ਮਜ਼ਦੂਰੀ, ਕਰਜ਼ੇ ਵਿੱਚ ਫਸੇ ਲੋਕ, ਜ਼ਬਰਦਸਤੀ ਵਿਆਹ ਅਤੇ ਮਨੁੱਖੀ ਤਸਕਰੀ ਆਦਿ। ਅੰਦਾਜ਼ਾ ਹੈ ਕਿ ਇਸ ਸਮੇਂ ਦੁਨੀਆ ਭਰ ਵਿੱਚ 21 ਮਿਲੀਅਨ ਜਬਰੀ ਮਜ਼ਦੂਰੀ ਦੇ ਸ਼ਿਕਾਰ ਹਨ। ਮਨੁਖੀ ਅਧਿਕਾਰ ਸੰਗਠਨ ਵਾਕ ਫਰੀ ਫਾਊਂਡੇਸ਼ਨ ਵਲੋਂ ਵਿਸ਼ਵ ਗੁਲਾਮੀ ਸੂਚਕਾਂਕ ਸਬੰਧੀ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 46 ਮਿਲੀਅਨ ਲੋਕ ਗੁਲਾਮੀ ਭਰਿਆ ਜੀਵਨ ਗੁਜ਼ਾਰ ਰਹੇ ਹਨ। ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 18.4 ਮਿਲੀਅਨ ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 3.4 ਮਿਲੀਅਨ ਵਿਅਕਤੀ ਅਤੇ ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2.1 ਮਿਲੀਅਨ ਵਿਅਕਤੀ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਬੰਗਲਾ ਦੇਸ਼ ਵਿੱਚ 1.5 ਮਿਲੀਅਨ ਵਿਅਕਤੀ, ਉਜ਼ਬੇਕਿਸਤਾਨ ਵਿੱਚ 1.2 ਮਿਲੀਅਨ ਵਿਅਕਤੀ, ਉੱਤਰੀ ਕੋਰੀਆ ਵਿੱਚ 1.1 ਮਿਲੀਅਨ ਵਿਅਕਤੀ ਗੁਲਾਮੀ ਵਿੱਚ ਰਹਿ ਰਹੇ ਹਨ। ਇਨ੍ਹਾਂ ਤੋਂ ਇਲਾਵਾ ਨਾਇਜਿਰੀਆ, ਇੰਡੋਨੇਸ਼ੀਆ, ਇਰਾਨ, ਮੀਆਂਮਾਰ, ਤੁਰਕੀ ਆਦਿ ਵਿੱਚ ਵੀ ਕਾਫੀ ਲੋਕ ਗੁਲਾਮੀ ਭਰਿਆ ਜੀਵਨ ਜੀਅ ਰਹੇ ਹਨ। ਇਸ ਰਿਪੋਰਟ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨਦੇ ਅੰਕੜਿਆਂ ਦੇ ਅਨੁਸਾਰ ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਹਾਲਾਤ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਸਰਕਾਰ ਦੁਆਰਾ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ। ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਨੇ ਆਪਣੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਦੇ ਨੇੜੇ ਤੇੜੇ ਹੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ 20ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕਾਂ ਕੋਲ ਹੀ ਵਿਸ਼ਵ ਦੀ ਆਮਦਨ ਦਾ 86 ਫੀਸਦੀ ਹਿੱਸਾ ਹੈ। ਅਮੀਰ ਲੋਕ ਹੀ ਦੇਸ਼ ਦੇ ਨੀਤੀ ਨਿਰਮਾਤਾ ਹਨ ਅਤੇ ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਕੋਰੋਨਾ ਸਮੇਂ ਦੌਰਾਨ ਲੋਕਾਂ ਦੀ ਹੋਈ ਖਸਤਾ ਹਾਲਾਤ ਨੇ ਗਰੀਬ ਵਰਗ ਨੂੰ ਗੁਲਾਮੀ ਵੱਲ ਧੱਕਿਆ ਹੈ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਲੋਕਾਂ ਵਲੋ ਅਪਣੇ ਹੱਕਾਂ ਲਈ ਕੀਤੇ ਜਾ ਰਹੇ ਅੰਦੋਲਨ ਅਤੇ ਸਰਕਾਰਾਂ ਦੁਆਰਾ ਅੰਦੋਲਨਕਾਰੀਆਂ ਤੇ ਕੀਤੇ ਜਾ ਰਹੇ ਅੱਤਿਆਚਾਰ ਮੋਜੂਦਾ ਗੁਲਾਮੀ ਦੀ ਪ੍ਰਥਾ ਵੱਲ ਧਿਆਨ ਦਿਵਾਂਉਦੇ ਹਨ। ਦੇਸ਼ ਵਿੱਚ ਆਧੁਨਿਕ ਗੁਲਾਮੀ ਦੇ ਸਾਰੇ ਰੂਪ ਵੇਖਣ ਨੂੰ ਨਜਰ ਆਂਦੇ ਹਨ ਜਿਨ੍ਹਾਂ ਵਿੱਚ ਬਾਲ ਵਿਆਹ, ਬੰਧੂਆ ਅਤੇ ਬਾਲ ਮਜਦੂਰੀ, ਜਬਰੀ ਵਿਆਹ, ਲਿੰਗੀ ਸ਼ੋਸ਼ਣ ਆਦਿ ਸ਼ਾਮਲ ਹਨ। ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ।




ਦੇਸ਼ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ। ਮਜ਼ਦੂਰ ਦੁਨੀਆਂ ਭਰ ਵਿੱਚ ਕੰਮ ਦੀ ਭਾਲ ਵਿੱਚ ਘੁੰਮਦੇ ਹਨ, ਪਰ ਕੁਝ ਗੁਲਾਮੀ ਵਰਗੀਆਂ ਸਥਿਤੀਆਂ ਵਿੱਚ ਫਸ ਜਾਂਦੇ ਹਨ। ਉਨ੍ਹਾਂ ਨੂੰ ਚੰਗੀਆਂ ਸ਼ਰਤਾਂ ਅਤੇ ਉਜਰਤਾਂ ਦੇ ਨਾਲ ਚੰਗੀ ਨੌਕਰੀ ਦਾ ਵਾਅਦਾ ਕੀਤਾ ਜਾਂਦਾ ਹੈ, ਪਰ ਇਸ ਦੀ ਬਜਾਏ ਕਰਜ਼ੇ ਅਤੇ ਨਿਰਾਸ਼ਾ ਦੇ ਚੱਕਰ ਵਿੱਚ ਫਸ ਜਾਂਦੇ ਹਨ, ਜਿੱਥੇ ਉਹ ਬਚਣ ਦੀ ਕੋਈ ਸੰਭਾਵਨਾ ਦੇ ਨਾਲ ਆਪਣੇ ਮਾਲਕ ਨਾਲ ਬੰਨ੍ਹੇ ਹੋਏ ਹਨ। ਕਤਰ ਵਿੱਚ ਵਿਸ਼ਵ ਫੁਟਵਾਲ ਕੱਪ ਲਈ ਸਟੇਡੀਅਮ ਦਾ ਨਿਰਮਾਣ ਕਰਨ ਵਾਲੇ ਬਹੁਤੇ ਮਜ਼ਦੂਰ ਦੱਖਣੀ ਏਸ਼ੀਆ ਤੋਂ ਆਏਸਨ। ਐਮਨੈਸਟੀ ਇੰਟਰਨੈਸ਼ਨਲ ਅਨੁਸਾਰ ਇਹਨਾਂ ਕਾਮਿਆਂ ਨੂੰ ਮਾਮੂਲੀ ਉਜਰਤਾਂ ਮਿਲਦੀਆਂ ਹਨ, ਉਹਨਾਂ ਦੇ ਪਾਸਪੋਰਟ ਜ਼ਬਤ ਕੀਤੇ ਜਾਂਦੇ ਹਨ ਅਤੇ ਉਹਨਾਂ ਨੂੰ ਜਾਨਲੇਵਾ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਭਾਰਤ ਵਿੱਚ ਹਰ ਪਾਸੇ ਗੁਲਾਮੀ ਹੈ ਇਹ ਇੱਟਾਂ ਦੇ ਭੱਠਿਆਂ, ਚੌਲ ਮਿੱਲਾਂ, ਫੈਕਟਰੀਆਂ, ਖੱਡਾਂ ਅਤੇ ਖੇਤਾਂ ਵਿੱਚ ਗੁਲਾਮੀ ਹੈ। ਇਹ ਸੜਕ ਦੇ ਕਿਨਾਰੇ ਵੇਸ਼ਵਾਘਰਾਂ ਅਤੇ ਨਿੱਜੀ ਘਰਾਂ ਵਿੱਚ ਹੈ। ਫਰੀ ਦਾ ਸਲੇਵਜ਼ ਸੰਸਥਾ ਗੁਲਾਮੀ ਦੇ ਪੀੜਤਾਂ ਦੀ ਪਛਾਣ ਕਰਨ ਵਿੱਚ ਮੱਦਦ ਕਰਦੀ ਹੈ। ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ, ਬੁਧੀਜੀਵੀਆਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿਮ ਚਲਾਈ ਹੈ ਪਰ ਦੇਸ਼ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿਮ ਪੂਰੀ ਤਰਾਂ ਸਫਲ ਨਹੀਂ ਹੋ ਸਕੀ ਹੈ। ਵਿਕਸਿਤ ਰਾਜ ਮੰਨੇ ਜਾਂਦੇ ਪੰਜਾਬ ਵਿੱਚ ਅਕਸਰ ਹੀ ਗੁਲਾਮੀ ਦੇ ਕਈ ਰੂਪ ਵੇਖਣ ਨੂੰ ਮਿਲਦੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕੁੱਝ ਲੋਕਾਂ ਨੂੰ ਜਾਤ ਅਧਾਰਿਤ ਗੁਲਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇੰਡੀਅਨ ਪੀਨਲ ਕੋਡ ਦੇ ਪ੍ਰਾਵਧਾਨਾਂ ਨੇ ਬ੍ਰਿਟਿਸ਼ ਭਾਰਤ ਵਿੱਚ ਗ਼ੁਲਾਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਤਮ ਕਰਨ ਲਈ ਅਹਿਮ ਭੂਮਿਕਾ ਨਿਭਾਈ ਗੁਲਾਮੀ ਨੂੰ ਇੱਕ ਅਪਰਾਧ ਬਣਾ ਦਿੱਤਾ ਹੈ। ਬ੍ਰਿਟਿਸ਼ ਸਰਕਾਰ ਦੁਆਰਾ 1833 ਵਿੱਚ ਗ਼ੁਲਾਮੀ ਨੂੰ ਖ਼ਤਮ ਕਰਨ ਵਾਲੇ ਕਾਨੂੰਨ ਪਾਸ ਕਰਨ ਤੋਂ ਬਾਅਦ ਗ਼ੁਲਾਮੀ ਨੂੰ ਖ਼ਤਮ ਕਰਨ ਵਾਲੇ ਖੇਤਰਾਂ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਦੇ ਜਵਾਬ ਵਿੱਚ ਭਾਰਤੀ ਅਧਿਕਾਰ ਪ੍ਰਣਾਲੀ ਪੈਦਾ ਹੋਈ। ਭਾਰਤੀ ਮਜ਼ਦੂਰਾਂ ਨੂੰ ਉਨ੍ਹਾਂ ਖੇਤਰਾਂ ਵਿੱਚ ਲਿਆਂਦਾ ਗਿਆ ਸੀ ਜਿੱਥੇ ਬਾਗਾਂ ਅਤੇ ਖਾਨਾਂ ਤੇ ਮਜ਼ਦੂਰਾਂ ਵਜੋਂ ਅਫਰੀਕੀ ਲੋਕਾਂ ਦੀ ਥਾਂ ਲੈਣ ਲਈ ਗੁਲਾਮੀ ਨੂੰ ਖਤਮ ਕਰ ਦਿੱਤਾ ਗਿਆ ਸੀ। ਗਲੋਬਲ ਸਲੇਵਰੀ ਇੰਡੈਕਸ ਦੇ ਅਨੁਸਾਰ ਲੱਗਭੱਗ 40.3 ਮਿਲੀਅਨ ਲੋਕਾਂ ਨੂੰ ਗੁਲਾਮ ਬਣਾਇਆ ਗਿਆ ਸੀ। ਆਧੁਨਿਕ ਗੁਲਾਮੀ ਦੇ ਅੰਦਰ ਲੱਗਭੱਗ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਲੜਕੀਆਂ ਹਨ। ਭਾਰਤ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਲਿੰਗ ਅਸੰਤੁਲਨ ਹੈ ਅਤੇ ਇਹ ਮਰਦਾਂ ਲਈ ਵਿਆਹ ਕਰਨ ਲਈ ਇੱਕ ਖਤਰਨਾਕ ਮੰਗ ਪੈਦਾ ਕਰਦਾ ਹੈ। ਭਾਰਤ ਵਿੱਚ ਲਗਭਗ 8 ਮਿਲੀਅਨ ਵਿਅਕਤੀ ਗੁਲਾਮ ਹਨ ਜੋ ਆਧੁਨਿਕ ਗ਼ੁਲਾਮੀ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਂਦਾ ਹੈਇਸ ਵਿੱਚ ਆਮ ਤੌਰ ਤੇ ਜਬਰੀ ਮਜ਼ਦੂਰੀ ਦੀਆਂ ਕਿਸਮਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਬੰਧੂਆ ਮਜ਼ਦੂਰੀ, ਬਾਲ ਮਜ਼ਦੂਰੀ, ਜਬਰੀ ਵਿਆਹ, ਮਨੁੱਖੀ ਤਸਕਰੀ, ਜ਼ਬਰਦਸਤੀ ਭੀਖ ਮੰਗਣਾ, ਅਤੇ ਜਿਨਸੀ ਗੁਲਾਮੀ ਆਦਿ।ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 374 ਅਨੁਸਾਰ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੰਮ ਕਰਨ ਲਈ ਕਨੂੰਨ ਵਿਰੁੱਧ ਮਜ਼ਬੂਰ ਕਰੇਗਾ ਤਾਂ ਉਸਨੂੰ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 23 ਅਨੁਸਾਰ ਵੀ ਮਨੁਖੀ ਵਪਾਰ, ਜਬਰੀ ਮਜਦੂਰੀ ਅਤੇ ਬੇਗਾਰ ਤੇ ਪਬੰਦੀ ਲਗਾਈ ਗਈ ਹੈ। ਭਾਰਤ ਵਿੱਚ ਇਸ ਨੂੰ ਰੋਕਣ ਲਈ ਕਾਨੂੰਨ ਨੂੰ ਮਜ਼ਬੂਤ ??ਕਰਨ ਦੀ ਲੋੜ ਹੈ ਅਤੇ ਆਧੁਨਿਕ ਗੁਲਾਮੀ ਨੂੰ ਰੋਕਣ ਲਈ ਹੋਰ ਉਪਾਅ ਕੀਤੇ ਜਾਣ ਦੀ ਲੋੜ ਹੈ। ਕੰਪਨੀਆਂ ਨੂੰ ਆਪਣੀਆਂ ਸਪਲਾਈ ਚੇਨਾਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਆਪਣੇ ਸਪਲਾਇਰਾਂ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਕੋਈ ਆਧੁਨਿਕ ਗੁਲਾਮੀ ਨਹੀਂ ਹੈ। ਕਈ ਸਮਾਜਿਕ ਸੰਗਠਨ ਲੋਕਾਂ ਨੂੰ ਗ਼ੁਲਾਮੀ ਤੋਂ ਮੁਕਤ ਕਰਨ ਦੇ ਨਾਲ-ਨਾਲ ਆਧੁਨਿਕ ਗ਼ੁਲਾਮੀ ਬਾਰੇ ਜਾਗਰੂਕ ਕਰਨ ਲਈ ਪ੍ਰਭਾਵਸ਼ਾਲੀ ਸਾਬਤ ਹੋਈਆਂ ਹਨ।

ਭਾਰਤ ਨੇ ਪਿਛਲੇ ਸਾਲਾਂ ਦੌਰਾਨ ਗੁਲਾਮੀ ਵਿੱਚ ਗਿਰਾਵਟ ਦੇਖੀ ਹੈ ਪਰ ਅਜੇ ਵੀ ਹਰ ਕਿਸਮ ਦੀ ਆਧੁਨਿਕ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਹੋਰ ਕੰਮ ਕਰਨਾ ਪਵੇਗਾ ਤਾਂ ਜੋ ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਮਨਾਉਣ ਦਾ ਮੰਤਬ ਪੂਰਾ ਹੋ ਸਕੇ ਨਹੀਂ ਤਾਂ ਇਸ ਦਿਨ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਬਣਕੇ ਹੀ ਰਹਿ ਜਾਣਗੇ।

# ਭਾਰਤ ਵਿਚ 5 ਸੂਬਿਆਂ ਦੀਆਂ ਚੋਣਾਂ ਦੇ ਨਤੀਜੇ 3 ਦਸੰਬਰ ਨੂੰ ਆਉਣਗੇ

**ਨਵੀਂ ਦਿੱਲੀ (ਬਿਊਰੋ)** ਭਾਰਤ ਦੇ 5 ਸੂਬਿਆਂ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੇ ਨਤੀਜੇ 3 ਦਸੰਬਰ ਨੂੰ ਆਉਣਗੇ। ਇਹਨਾਂ ਚੋਣਾਂ ਨੂੰ ਹਾਲਾਂਕਿ ਮੱਧਕਾਲੀ ਲੋਕ ਸਭਾ ਚੋਣਾਂ ਦਾ ਸੈਮੀ-ਫਾਈਨਲ ਮੰਨਿਆ ਜਾ ਰਿਹਾ ਹੈ ਪਰ ਜੇਕਰ ਇਹਨਾਂ ਚੋਣਾਂ ਵਿਚ ਨਤੀਜੇ ਰਲੇ-ਮਿਲੇ ਆਉਂਦੇ ਹਨ ਤਾਂ ਭਾਰਤ ਦੀ ਕੌਮੀ ਰਾਜਨੀਤੀ ਦਾ ਰੁਖ ਸਮਝ ਆਉਣ ਦੀ ਬਹੁਤ ਘੱਟ ਸੰਭਾਵਨਾ ਰਹਿ ਜਾਵੇਗੀ।



ਰਾਜਸਥਾਨ ਵਿੱਚ ਸ਼ਨੀਵਾਰ ਹੋਈਆਂ ਰਾਜ ਵਿਧਾਨ ਸਭਾ ਚੋਣਾਂ ਵਿੱਚ ਸ਼ਾਮ 5 ਵਜੇ ਤੱਕ 68.24 ਪ੍ਰਤੀਸ਼ਤ ਮਤਦਾਨ ਦਰਜ ਕੀਤਾ ਗਿਆ। ਇਹ ਜਾਣਕਾਰੀ ਚੋਣ ਕਮਿਸ਼ਨ ਨੇ ਦਿੱਤੀ ਹੈ। ਚੋਣ ਕਮਿਸ਼ਨ ਅਨੁਸਾਰ ਬਾਗੀਡੋਰਾ ਵਿੱਚ 78.21 ਫੀਸਦੀ ਵੋਟਿੰਗ ਦਰਜ ਕੀਤੀ ਗਈ ਜਦੋਂਕਿ ਰਾਜਧਾਨੀ ਜੈਪੁਰ ਵਿੱਚ 69.22 ਫੀਸਦੀ ਵੋਟਿੰਗ ਹੋਈ। ਜੈਸਲਮੇਰ ਵਿੱਚ 76।57 ਰਿਕਾਰਡ ਕੀਤਾ ਗਿਆ। ਗੰਗਾਨਗਰ ਵਿੱਚ 72.09 ਫੀਸਦੀ ਵੋਟਿੰਗ ਹੋਈ। ਸ਼ਾਮ 5 ਵਜੇ ਤੱਕ ਪੋਕਰਨ ਹਲਕੇ ਵਿੱਚ ਸਭ ਤੋਂ ਵੱਧ 81.12 ਫੀਸਦੀ ਵੋਟਿੰਗ ਦਰਜ ਕੀਤੀ ਗਈ।

ਇਧਰ ਤਿਲੰਗਾਨਾ ਵਿੱਚ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਬੰਦ ਹੋ ਗਿਆ ਹੈ ਅਤੇ 30 ਨਵੰਬਰ ਨੂੰ ਸੂਬੇ ਵਿੱਚ ਵੋਟਾਂ ਪੈਣਗੀਆਂ। ਚੋਣ ਕਮਿਸ਼ਨ ਨੇ ਨੌਂ ਅਕਤੂਬਰ ਨੂੰ ਚੋਣ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਸੀ, ਜਿਸ ਮਗਰੋਂ ਸੂਬੇ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ। ਸੂਬੇ ਵਿੱਚ 3.26 ਕਰੋੜ ਵੋਟਰ ਹਨ। ਸ੍ਰੀ ਰਾਜ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਲਈ 2.5 ਲੱਖ ਤੋਂ ਵੱਧ ਮੁਲਾਜ਼ਮ ਚੋਣ ਡਿਊਟੀ ’ਤੇ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਅਨੁਸਾਰ ਸੂਬੇ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਭਾਰਤੀ ਰਾਸ਼ਟਰ ਸਮਿਤੀ (ਬੀਆਰਐੱਸ) ਸੱਤਾ ਦੀ ਹੈਟਰਿਕ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂਕਿ ਕਾਂਗਰਸ ਮੁੜ ਸੱਤਾ ਵਾਪਸੀ ਲਈ ਜ਼ੋਰ ਲਾ ਰਹੀ ਹੈ। ਉਧਰ, ਭਾਜਪਾ ਨੇ ਵੀ ਸੱਤਾ ਵਿੱਚ ਆਉਣ ਦੀ ਕੋਈ ਕੋਸ਼ਿਸ਼ ਨਹੀਂ ਛੱਡੀ। ਸੂਬੇ ਵਿੱਚ 119 ਸੀਟਾਂ ’ਤੇ ਵੋਟਾਂ ਪਈਆਂ।

# ਜ਼ਿੰਦਗੀ ਦੀ ਜੰਗ ਲੜ ਰਹੇ ਸ਼ਰਨਾਰਥੀ ਅਤੇ ਪ੍ਰਵਾਸੀ



ਗੁਰਮੀਤ ਪਲਾਹੀ
91-98158-02070

ਦੁਨੀਆ ਭਰ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਘਰੋਂ ਬੇਘਰ ਹੋਣ ਕਾਰਨ ਸ਼ਰਨਾਰਥੀਆਂ ਨੂੰ ਅੰਤਾਂ ਦੇ ਦੁੱਖ ਝੱਲਣੇ ਪੈਂਦੇ ਹਨ। ਪ੍ਰਵਾਸੀਆਂ, ਸ਼ਰਨਾਰਥੀਆਂ ਦੀਆਂ ਭਾਰੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕੀਤਾ ਹੋਇਆ ਹੈ।

ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰਨ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਵਿਸ਼ਵ ਪੱਧਰੀ ਜੰਗਾਂ, ਅੰਦਰੂਨੀ ਟਕਰਾਅ, ਸੋਕਾ, ਹੜ੍ਹ, ਅਸੁਰੱਖਿਆ ਗਰੀਬੀ ਜ਼ਬਰਨ ਘਰੋਂ ਬੇਘਰ ਕੀਤੇ ਜਾਣਾ ਸ਼ਰਨਾਰਥ ਅਤੇ ਪ੍ਰਵਾਸ ਦੀਆਂ ਜੜ੍ਹਾਂ ਹਨ। ਇਸ ਸਮੇਂ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਗੰਭੀਰ ਟਕਰਾ ਚੱਲ ਰਹੇ ਹਨ । ਵੱਡੀ ਗਿਣਤੀ ਵਿੱਚ ਮਾਸੂਮ, ਬੇਦੋਸ਼ੇ ਮਰ ਰਹੇ ਹਨ। ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

ਇੱਕ ਰਿਪੋਰਟ ਅਨੁਸਾਰ ਸਾਲ 2021 ਦੇ ਆਖਰੀ ਅੰਕੜਿਆਂ ਦੇ ਮੁਕਾਬਲੇ 2022 ਵਿੱਚ ਸ਼ਰਨਾਰਥੀਆਂ ਦੀ ਗਿਣਤੀ 1.9 ਕਰੋੜ ਤੋਂ ਜ਼ਿਆਦਾ ਹੋ ਗਈ। ਦੁਨੀਆ ਭਰ ਵਿੱਚ ਘਰੋਂ ਬੇਘਰ ਹੋਏ ਕੁੱਲ 10.84 ਕਰੋੜ ਲੋਕਾਂ ਵਿੱਚੋਂ 3.53 ਕਰੋੜ ਸ਼ਰਨਾਰਥੀ ਹਨ, ਜੋ ਜੀਵਨ ਸੁਰੱਖਿਆ ਲਈ ਅੰਤਰ-ਰਾਸ਼ਟਰੀ ਸਰਹੱਦਾਂ ਪਾਰ ਕਰ ਗਏ। ਪਿਛਲੇ ਸਾਲ 2022 ਵਿੱਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਯੂਕਰੇਨ ਦੀ ਲੜਾਈ ਰਹੀ। ਹੁਣ ਫਲਸਤੀਨ ਅਤੇ ਇਜ਼ਰਾਇਲ ਕਾਰਨ ਹਜ਼ਾਰਾਂ ਲੋਕ ਤਬਾਹ ਹੋ ਰਹੇ ਹਨ, ਘਰ ਛੱਡ ਰਹੇ ਹਨ, ਪੀੜਤ ਹੋ ਰਹੇ ਹਨ ਅਤੇ ਵੱਡਾ ਦਰਦ ਹੰਢਾ ਰਹੇ ਹਨ। ਸਾਲ 2022 ਦੇ ਅਖੀਰ ਤੱਕ 1.6 ਕਰੋੜ ਯੂਕਰੇਨੀਆ ਨੂੰ ਆਪਣੇ ਘਰ ਛੱਡ ਕੇ ਹੋਰ ਥਾਵਾਂ ਤੇ ਪਨਾਹ ਲੈਣੀ ਪਈ, ਇਹਨਾਂ ਵਿੱਚ 59 ਲੱਖ ਆਪਣੇ ਦੇਸ਼ ਅੰਦਰ ਅਤੇ 57 ਲੱਖ ਗੁਆਂਢੀ ਦੇਸ਼ਾਂ ਵੱਲ ਤੁਰ ਗਏ।

ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਇਥੋਪੀਆ ਅਤੇ ਮੀਆਂਮਾਰ ਵਿੱਚੋਂ 10 ਲੱਖ ਤੋਂ ਵੱਧ ਲੋਕ, ਦੇਸ਼ ਦੇ ਆਪਸੀ ਸੰਘਰਸ਼ਾਂ ਕਾਰਨ ਘਰੋਂ ਬੇਘਰ ਹੋਏ। ਸੁਡਾਨ ਦੇ 11 ਕਰੋੜ ਲੋਕਾਂ ਨੂੰ ਘਰ ਛੱਡਣੇ ਪਏ।

ਜੰਗ ਤੋਂ ਬਿਨ੍ਹਾਂ ਕੁਦਰਤੀ ਆਫਤਾਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਹਨ ਉਹਨਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ ਉਹਨਾਂ ਦੇ ਘਰ ਤਬਾਹ ਕਰਦੀਆਂ ਹਨ ਉਹਨਾਂ ਨੂੰ ਘਰ ਛੱਡਣੇ ਨੂੰ ਮਜਬੂਰ ਕਰਦੀਆਂ ਹਨ ਕੁਦਰਤੀ ਆਫਤਾਂ ਕਾਰਨ ਬੇਘਰ ਹੋਣ ਵਾਲਿਆਂ ਦੀ ਗਿਣਤੀ 3.26 ਕਰੋੜ ਰਹੀ ਅਤੇ ਸਾਲ ਦੇ ਅੰਤ ਤੱਕ ਪੱਕੇ ਤੌਰ 'ਤੇ ਲਗਭਗ 87 ਲੱਖ ਲੋਕਾਂ ਦੇ ਘਰ ਤਬਾਹ ਹੋ ਗਏ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ 90 ਫੀਸਦੀ ਆਬਾਦੀ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲੋਕਾਂ ਦੀ ਹੈ। ਇਹਨਾਂ ਲੋਕਾਂ ਦੀ ਬਾਂਹ ਵੀ ਗਰੀਬ ਦੇਸ਼ਾਂ ਨੇ ਹੀ ਫੜੀ। ਲਗਭਗ 76 ਫੀਸਦੀ ਸ਼ਰਨਾਰਥੀਆਂ ਨੇ ਇਹਨਾਂ ਦੇਸ਼ਾਂ ਵਿੱਚ ਹੀ ਸ਼ਰਨ ਲਈ। ਪਰ ਇਹਨਾਂ ਦੇਸ਼ਾਂ ਵਿੱਚ ਰਹਿ ਕੇ ਉਹਨਾਂ ਨੂੰ ਨਾ ਸਿਹਤ ਸਹੂਲਤਾਂ ਮਿਲੀਆਂ, ਨਾ ਹੀ ਉਹਨਾਂ ਦੀ ਸਿੱਖਿਆ ਦਾ ਕੋਈ ਪ੍ਰਬੰਧ ਹੋਇਆ, ਨਾ ਰੁਜ਼ਗਾਰ ਮਿਲਿਆ ਅਤੇ ਇਹ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਅਤਿ ਤਰਸਯੋਗ ਹਾਲਾਤਾਂ ਵਿੱਚ ਰਹਿਣ ਲਈ ਮਜ਼ਬੂਰ ਹੋ ਗਏ।

ਅਮੀਰ ਦੇਸ਼ਾਂ ਨੇ ਇਹਨਾਂ ਸ਼ਰਨਾਰਥੀਆਂ ਦੀ ਬਾਂਹ ਨਹੀਂ ਫੜੀ। ਇਥੇ ਕਿਸੇ ਨਾ ਕਿਸੇ ਕਾਰਨ ਪ੍ਰਵਾਸ ਹੰਢਾਉਣ ਲਈ ਸਰਹੱਦਾਂ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਤ ਦੇ ਮੂੰਹ ਵਿੱਚ ਜਾਣਾ ਪਿਆ। ਉਹ ਏਜੰਟਾਂ ਦੇ ਹੱਥੀ ਚੜ੍ਹੇ ਜਾਂ ਨਿੱਜੀ ਕੋਸ਼ਿਸ਼ਾਂ ਨਾਲ ਸਰਹੱਦਾਂ ਪਾਰ ਕਰਦੇ ਆਪਣੀ ਜਾਨ ਜੋਖ਼ਮ ਵਿੱਚ ਪਾਉਂਦੇ ਰਹੇ।

ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ (ਆਈ।ਓ।ਐਮ) ਦੇ ਇੱਕ ਅੰਦਾਜ਼ੇ ਮੁਤਾਬਕ ਸਾਲ 2014 ਤੋਂ ਬਾਅਦ ਅਮਰੀਕਾ ਤੇ ਯੂਰਪ ਸੰਘ ਦੇ ਦੇਸ਼ਾਂ ਵਿੱਚ ਪਹੁੰਚਣ ਦੇ ਚਾਹਵਾਨ 50 ਹਜ਼ਾਰ ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਜੰਗਲਾਂ, ਸਮੁੰਦਰਾਂ ਵਿੱਚ ਲਾਪਤਾ ਹੋ ਚੁੱਕੇ ਹਨ। ਅਮਰੀਕਾ ਮੈਕਸੀਕੋ ਸਰਹੱਦ ਤੇ ਮਨੁੱਖੀ ਤਸਕਰ ਸਰਹੱਦ ਪਾਰ ਕਰਾਉਂਦੇ ਹਨ ਅਤੇ ਇੰਜ ਕਰਦਿਆਂ ਕਰਾਉਂਦਿਆਂ 3000 ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਮੈਕਸੀਕੋ ਸਰਹੱਦਾਂ ਤੇ ਜਾਂ ਮੈਕਸੀਕੋ ਦੇ ਜੰਗਲਾਂ ਵਿੱਚ ਮਾਰੇ ਜਾ ਚੁੱਕੇ ਹਨ।



ਭਾਰਤ ਵਿੱਚ ਘਰੋਂ ਬੇਘਰੇ ਹੋਣ ਦਾ ਮੁੱਖ ਕਾਰਨ ਵਿਕਾਸ ਦੀਆਂ ਪ੍ਰਯੋਜਨਾਵਾਂ ਹਨ। ਕੇਂਦਰ ਅਤੇ ਸੂਬਾ ਸਰਕਾਰ ਵੱਡੇ-ਵੱਡੇ ਹਾਈਵੇਅ, ਦਰਿਆ 'ਤੇ ਬੰਨ, ਬਿਜਲੀ ਪੈਦਾ ਕਰਨ ਲਈ ਡੈਮ ਆਦਿ ਉਸਾਰੀ 'ਤੇ ਜ਼ੋਰ ਦਿੰਦੀਆਂ ਹਨ। ਖਣਨ ਦੀਆਂ ਯੋਜਨਾਵਾਂ ਵੀ ਲੋਕਾਂ ਨੂੰ ਆਪਣੇ ਘਰ ਛੱਡਣ ਤੇ ਮਜ਼ਬੂਰ ਕਰਦੀਆਂ ਹਨ।

ਇਹਨਾ ਯੋਜਨਾਵਾਂ ਦੇ ਚਲਦਿਆਂ ਦੇਸ਼ ਭਰ ਦੇ ਕੁੱਲ ਪੇਂਡੂ ਖੇਤਰਾਂ ਦੇ 10 ਫੀਸਦੀ ਲੋਕ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਦੀਆਂ ਜ਼ਮੀਨਾਂ, ਘਰ ਇਹਨਾਂ ਪ੍ਰਯੋਜਨਾਵਾਂ ਦੀ ਭੇਂਟ ਚੜ ਰਹੀਆਂ ਹਨ। ਵੱਡੀ ਗਿਣਤੀ ਦੇਸ਼ ਦੇ ਜਨਜਾਤੀ ਕਬੀਲਿਆਂ ਨੂੰ ਆਪਣੇ ਮੂਲ ਥਾਵਾਂ ਤੋਂ ਪਲਾਇਨ ਕਰਨਾ ਪਿਆ ਹੈ। ਇਸ ਨਾਲ ਵਾਤਾਵਰਨ ਦਾ ਬੇਤਿਹਾਸ਼ਾ ਵਿਨਾਸ਼ ਹੋ ਰਿਹਾ ਹੈ। ਆਦਿਵਾਸੀਆਂ ਦਾ ਜੀਵਨ ਅਤੇ ਉਪਜੀਵਕਾ ਜੰਗਲ ਦੀ ਸੰਸਕ੍ਰਿਤੀ ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਜੰਗਲਾਂ, ਕਬੀਲਿਆਂ ਦੀ ਸੁਰੱਖਿਆ ਦਾ ਕਾਨੂੰਨ "ਓਪਨ ਨਿਵੇਸ਼ ਭੂਮੀ ਅਧਿਗ੍ਰਹਿਣ ਅਧਿਨਿਯਮ 1894" ਦਾ ਕਾਨੂੰਨ ਬਣਿਆ ਹੈ ਪਰ ਉਹ ਵੀ ਵਿਕਾਸ ਦੀ ਅੰਧਾਂ ਧੁੰਦ ਦੌੜ ਦੀ ਭੇਂਟ ਚੜ ਚੁੱਕਾ ਹੈ। ਦਲਿਤ, ਪਛੜੇ ਅਤੇ ਆਦਿ ਵਾਸੀਆਂ ਦੇ ਆਪਣੇ ਮੂਲ ਰਿਵਾਇਤੀ ਢਿੱਡ ਭਰਨ ਦੇ ਢੰਗ ਤਰੀਕੇ ਇਹਨਾਂ ਪ੍ਰਯੋਜਨਾਵਾਂ ਨੇ ਖ਼ਤਮ ਕਰ ਦਿੱਤੇ ਹਨ ਅਤੇ ਇਹਨਾਂ ਜਨਜਾਤੀ ਦੇ ਲੋਕਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਗਈ ਹੈ।

ਦੇਸ਼ ਭਾਰਤ ਵਿੱਚ ਕਈ ਥਾਵਾਂ ਉੱਤੇ ਆਪਸੀ ਸੰਗਰਸ਼ ਅਤੇ ਹਿੰਸਾ ਨਾਲ ਭਗਦੜ ਮੱਚੀ ਹੈ। ਸੂਬਾ ਮਨੀਪੁਰ ਇਸਦੀ ਉਦਾਹਰਨ ਹੈ। ਕੁਝ ਲੋਕ ਗਰੀਬੀ ਤੋਂ ਤੰਗ ਆ ਕੇ ਬਿਹਤਰ ਜ਼ਿੰਦਗੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਘਰ ਛੱਡਦੇ ਹਨ।

ਵੱਡੀ ਸਮੱਸਿਆ ਇਹ ਹੈ ਕਿ ਬੇਰੁਜ਼ਗਾਰੀ ਤੋਂ ਪੀੜਤ ਲੋਕ ਕੰਮ ਕਾਜ ਦੀ ਤਲਾਸ਼ 'ਚ ਦੂਜੇ ਸੂਬਿਆਂ ਵੱਲ ਪਲਾਇਨ ਕਰਦੇ ਹਨ। ਬਿਹਾਰ, ਯੂ.ਪੀ. ਆਦਿ ਰਾਜਾਂ ਦੇ ਪ੍ਰਵਾਸੀ ਪੰਜਾਬ, ਹਰਿਆਣਾ, ਦਿੱਲੀ, ਮਹਾਰਾਸ਼ਟਰ ਆਦਿ ਸੂਬਿਆਂ ਵੱਲ ਕੰਮ ਦੀ ਤਲਾਸ਼ 'ਚ ਜਾਂਦੇ ਹਨ ਅਤੇ ਉਥੋਂ ਦੇ ਵਸ਼ਿੰਦੇ ਬਣ ਰਹੇ ਹਨ। ਇਸ ਨਾਲ ਉਥੋਂ ਦੇ ਸਮਾਜ ਉਤੇ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਭਾਵ ਪਿਆ ਹੈ। ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਤੋਂ ਵੱਡੀ ਗਿਣਤੀ 'ਚ ਲੋਕ ਪ੍ਰਵਾਸ ਦੇ ਰਾਹ ਪਏ ਹਨ। ਜ਼ਮੀਨਾਂ, ਜਾਇਦਾਦਾਂ ਵੇਚਕੇ ਕੈਨੇਡਾ, ਅਮਰੀਕਾ, ਅਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ ਆਦਿ ਦੇਸ਼ਾਂ 'ਚ ਪੱਕੇ ਵਸ਼ਿੰਦੇ ਬਣ ਗਏ ਹਨ ਅਤੇ ਵੱਡੀ ਗਿਣਤੀ ਅਰਬ ਦੇਸ਼ਾਂ ਵੱਲ ਗਏ ਹਨ ਜਾਂ ਜਾ ਰਹੇ ਹਨ।

ਰੀਫੀਊਜੀ ਜਾਂ ਸ਼ਰਨਾਰਥੀ ਸ਼ਬਦ ਲਚਾਰੀ ਦਾ ਦੂਜਾ ਨਾਅ ਹੈ। ਸ਼ਰਨਾਰਥੀ ਰੱਖਿਆ ਚਾਹੁਣ ਵਾਲੇ ਸਮੂਹ ਗਿਣੇ ਜਾਂਦੇ ਹਨ, ਜਦੋਂ ਮਜ਼ਬੂਰੀ ਵੱਸ ਘਰ-ਬਾਰ ਤਿਆਗਣ ਲਈ ਮਜ਼ਬੂਰ ਹੁੰਦੇ ਹਨ ਜਾਂ ਕਰ ਦਿੱਤੇ ਜਾਂਦੇ ਹਨ। ਭਾਰਤ ਵਿੱਚ ਸ਼ਰਨਾਰਥੀਆਂ ਦਾ ਇਤਿਹਾਸ ਪੁਰਾਣਾ ਹੈ ਅਤੇ ਭਾਰਤ ਵਿੱਚ ਵਸੇ ਕਾਨੂੰਨੀ, ਗੈਰ-ਕਾਨੂੰਨੀ ਸ਼ਰਨਾਰਥੀਆਂ ਦੀ ਜਨਸੰਖਿਆ ਕਈ ਵਿਕਸਤ ਦੇਸ਼ਾਂ ਦੀ ਜਨਸੰਖਿਆ ਤੋਂ ਵੀ ਵੱਧ ਹੈ। ਭਾਰਤ ਦੀ ਵੰਡ ਵੇਲੇ ਪਾਕਿਸਤਾਨੋਂ ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਹ ਇਸ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਜਿੱਥੇ ਹਿੰਸਾ ਦੌਰਾਨ, ਬੇਬਸ ਲੋਕ ਮਾਰੇ ਗਏ, ਜ਼ਖ਼ਮੀ ਹੋਏ, ਔਰਤਾਂ ਉਧਾਲੀਆਂ ਗਈਆਂ, ਲੋਕ ਆਪਣੇ ਰੁਜ਼ਗਾਰ, ਜ਼ਮੀਨਾਂ, ਘਰ ਗੁਆ ਬੈਠੇ।

ਇਹੋ ਹਾਲਾਤ ਭਾਰਤ ਤੋਂ ਪਰਵਾਸ ਹੰਢਾਉਣ ਵਾਲੇ ਲੋਕਾਂ ਦੇ ਹਨ। ਜਦੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਮਜਬੂਰ ਜਾਂ ਆਪਣੇ ਚੰਗੇ ਭਵਿੱਖ ਲਈ ਆਪਣੀ ਮਰਜ਼ੀ ਨਾਲ ਜਾ ਰਹੇ ਹਨ, ਪਰ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਉਹਨਾਂ ਨੂੰ ਹਾਲਾਤਾਂ ਤੋਂ ਮਜਬੂਰ ਹੋ ਕੇ ਆਪਣਾ ਘਰ, ਆਪਣਾ ਦੇਸ਼, ਆਪਣੇ ਬੋਲੀ, ਆਪਣਾ ਸੱਭਿਆਚਾਰ ਤੱਕ ਤਿਆਗਣਾ ਪੈਂਦਾ ਹੈ। ਹਰ ਸਾਲ 25 ਲੱਖ ਭਾਰਤੀ ਆਪਣਾ ਦੇਸ਼ ਛੱਡ ਕੇ ਪ੍ਰਦੇਸ਼ਾਂ ਵਿੱਚ ਵਸ ਰਹੇ ਹਨ। ਇਹ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ।

ਅਸਲ ਵਿੱਚ ਸ਼ਰਨਾਰਥੀ ਅਤੇ ਪ੍ਰਵਾਸੀ ਜ਼ਿੰਦਗੀ ਦੀ ਜੰਗ ਲੜਦੇ ਹਨ। ਇਹ ਜੰਗ ਉਜਾੜੇ ਤੋਂ ਬਾਅਦ ਮੁੜ ਸਥਾਪਿਤ ਹੋਣ ਦੀ ਹੈ। ਇਸ ਜੰਗ ਵਿੱਚ ਵੱਡੀਆਂ ਔਕੜਾਂ, ਦੁਸ਼ਵਾਰੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਥਾਵਾਂ ਤੇ ਮਜਬੂਰਨ ਜਾਣਾ ਪੈਂਦਾ ਹੈ ਜਿੱਥੇ ਉਹਨਾਂ ਦਾ ਆਪਣਾ ਘਰ ਨਹੀਂ, ਆਪਣੀ ਬੋਲੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਜਿੱਥੇ ਉਹਨਾਂ ਲਈ ਕੁਝ ਵੀ ਪਰੋਸ ਕੇ ਨਹੀਂ ਰੱਖਿਆ ਹੁੰਦਾ, ਸਭ ਕੁਝ ਦੀ ਪ੍ਰਾਪਤੀ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਸਧਾਰਨ ਰੋਟੀ ਤੋਂ ਲੈ ਕੇ ਚੰਗੇ ਭਵਿੱਖ ਲਈ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਤੱਕ, ਇਸ ਸਮੇਂ ਦੌਰਾਨ ਉਸ ਦੇ ਸੁਪਨੇ ਨਿੱਤ ਟੁੱਟਦੇ ਹਨ। ਕਈ ਹਾਲਾਤਾਂ ਵਿੱਚ ਉਹ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ। ਇਸ ਤੋਂ ਵੱਡਾ ਮਨੁੱਖੀ ਜ਼ਿੰਦਗੀ ਦਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ?

ਸ਼ਰਨਾਰਥ ਅਤੇ ਪ੍ਰਵਾਸ ਨੂੰ ਰੋਕਣ ਦੇ ਸਾਰੇ ਉਪਾਅ ਅੰਤਰਰਾਸ਼ਟਰੀ ਪੱਧਰ 'ਤੇ ਫੇਲ੍ਹ ਹੋ ਰਹੇ ਹਨ। ਨਾ ਜੰਗਾਂ ਰੁਕ ਰਹੀਆਂ, ਨਾ ਹਿੰਸਾ ਰੁੱਕ ਰਹੀ, ਨਾ ਜੰਗਲਾਂ ਦਾ ਉਜਾੜਾ ਰੁਕ ਰਿਹਾ ਅਤੇ ਨਾ ਹੀ ਅੰਨ੍ਹੇਵਾਹ ਹੁੰਦੀਆਂ ਬੇਲੋੜੀਆਂ ਵਿਕਾਸ ਯੋਜਨਾਵਾਂ ਨੂੰ ਨੱਥ ਪਾਈ ਜਾ ਰਹੀ ਹੈ।

ਬੇਰੁਜ਼ਗਾਰੀ ਦਾ ਦੈਂਤ ਸਾਂਭਿਆ ਹੀ ਨਹੀਂ ਜਾ ਰਿਹਾ ਹੈ। ਉਹ ਸਾਰੇ ਕਾਰਕ ਜਿਹੜੇ ਸ਼ਰਨਾਰਥ ਅਤੇ ਪ੍ਰਵਾਸ ਵਿੱਚ ਵਾਧਾ ਕਰ ਰਹੇ ਹਨ, ਉਹਨਾਂ ਨੂੰ ਰੋਕਣ ਲਈ ਨਾ ਯੂ.ਐਨ.ਓ. ਅਤੇ ਨਾ ਹੀ ਕੋਈ ਹੋਰ ਸੰਸਥਾਵਾਂ ਸਫਲ ਹੋ ਰਹੀਆਂ ਹਨ।

ਹਾਂ, ਆਪੋ-ਆਪਣੇ ਦੇਸ਼ਾਂ ਵਿੱਚ ਪ੍ਰਵਾਸ ਤੇ ਸ਼ਰਨਾਰਥੀਆਂ ਦੀ ਸੰਖਿਆ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਜ਼ਰੂਰ ਇਹ ਦੇਸ਼ ਯਤਨ ਕਰ ਰਹੇ ਹਨ। ਜਰਮਨ ਅਤੇ ਯੂਰਪ ਦੇਸ਼ਾਂ ਦੀਆਂ ਸਰਹੱਦਾਂ 'ਤੇ 2 ਲੱਖ ਤੋਂ ਵੱਧ ਸ਼ਰਨਾਰਥੀ ਪ੍ਰਵਾਸੀ ਬੈਠੇ ਹਨ, ਜੋ ਹਰ ਹੀਲਾ ਵਸੀਲਾ ਵਰਤ ਕੇ ਸਰਹੱਦਾਂ ਪਾਰ ਕਰਦੇ ਹਨ। ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਂਝੇ ਯਤਨ ਨਾਲ ਸੰਭਵ ਹੈ। ਅੰਤਰਰਾਸ਼ਟਰੀ ਸ਼ਰਨਾਰਥੀ ਕਾਨੂੰਨ, ਮਨੁੱਖ ਅਧਿਕਾਰ ਸੁਰੱਖਿਆ ਕਾਨੂੰਨ, ਸ਼ਰਨਾਰਥ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਹੋ ਸਕਦੇ ਹਨ।

# ਨੈਸ਼ਨਲ ਪਾਰਟੀ ਦੇ ਨੇਤਾ ਸ੍ਰੀ ਕ੍ਰਿਸ ਲਕਸਨ ਨੇ ਨਿਊਜ਼ੀਲੈਂਡ ਦੇ 42ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

## ਵਿੰਸਟਨ ਪੀਟਰ ਡੇਢ ਸਾਲ ਲਈ ਉਪ ਪ੍ਰਧਾਨ ਮੰਤਰੀ ਬਣੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਬੀਤੀ 14 ਅਕਤੂਬਰ ਨੂੰ ਪਈਆਂ ਵੋਟਾਂ ਅਤੇ 3 ਨਵੰਬਰ ਨੂੰ ਆਏ ਸਰਕਾਰੀ ਨਤੀਜਿਆਂ ਬਾਅਦ ਨਿਊਜ਼ੀਲੈਂਡ ਦੇ ਵਿਚ ਤਿੰਨ ਰਾਜਸੀ ਪਾਰਟੀਆਂ ਦੇ ਗੱਠਜੋੜ ਵਾਲੀ ਨਵੀਂ ਸਰਕਾਰ ਨੈਸ਼ਨਲ ਪਾਰਟੀ ਦੀ ਅਗਵਾਈ ਵਿਚ ਅੱਜ ਆਖਿਰ ਬਣ ਹੀ ਗਈ। ਗਵਰਨਰ ਹਾਊਸ ਦੇ ਵਿਚ ਸਹੁੰ ਚੁੱਕ ਸਮਾਗਮ ਹੋਇਆ ਤੇ ਨੈਸ਼ਨਲ ਪਾਰਟੀ ਦੇ ਨੇਤਾ ਸ੍ਰੀ ਕ੍ਰਿਸ ਲਕਸਨ ਦੇਸ਼ ਦੇ 42ਵੇਂ ਪ੍ਰਧਾਨ ਮੰਤਰੀ ਬਣ ਗਏ। ਦੇਸ਼ ਦੀ ਗਵਰਨਰ ਜਨਰਲ ਡੇਮ ਸਿੰਡੀ ਕੀਰੋ ਨੇ ਇਹ ਸਹੁੰ ਚੁਕਾਈ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਹੈਨਰੀ ਸੀਵੈਲ 7 ਮਈ 1856 ਨੂੰ ਬਣੇ ਸਨ ਅਤੇ ਉਦੋਂ ਤੋਂ ਹੀ ਇਹ ਪ੍ਰਣਾਲੀ ਜਾਰੀ ਹੈ।

ਨੈਸ਼ਨਲ ਪਾਰਟੀ ਜਿਸ ਨੇ ਕੁੱਲ 121 ਸੀਟਾਂ ਦੇ ਵਿਚੋਂ 43 ਸੀਟਾਂ ਉਤੇ ਵੋਟਾਂ ਰਾਹੀਂ ਜਿੱਤ ਹਾਸਿਲ ਕੀਤੀ ਅਤੇ 5 ਸੀਟਾਂ ਪਾਰਟੀ ਵੋਟ ਦੇ ਅਧਾਰ ਉਤੇ ਜਿੱਤੀਆਂ ਸਨ। ਸਰਕਾਰ ਬਨਾਉਣ ਵਾਸਤੇ 61 ਸੀਟਾਂ ਦੀ ਜ਼ਰੂਰਤ ਸੀ ਇਸ ਕਰਕੇ ਐਕਟ ਪਾਰਟੀ ਦੀਆਂ 11 ਸੀਟਾਂ ਅਤੇ ਨਿਊਜ਼ੀਲੈਂਡ ਫਸਟ ਦੀਆਂ 8 ਸੀਟਾਂ ਦਾ ਰਲੇਵਾਂ ਕਰਕੇ ਲਿਖਤੀ ਗੱਠਜੋੜ ਕੀਤਾ ਗਿਆ ਤੇ ਜਨਤਾ ਨੂੰ ਦੱਸਿਆ ਗਿਆ। ਦੋ ਵੱਖਰੇ-ਵੱਖਰੇ ਸਮਝੌਤੇ ਹੋਏ ਜਿਸ ਤਹਿਤ ਨਿਊਜ਼ੀਲੈਂਡ ਫਸਟ ਪਾਰਟੀ ਦੇ ਨੇਤਾ ਸ੍ਰੀ ਵਿੰਸਟਨ ਪੀਟਰ ਪਹਿਲੇ 18 ਮਹੀਨੇ ਉਪ ਪ੍ਰਧਾਨ ਮੰਤਰੀ ਰਹਿਣਗੇ ਅਤੇ ਐਕਟ ਪਾਰਟੀ ਦੇ ਨੇਤਾ ਡੇਵਿਡ ਸੀਮੋਰ ਅਗਲੇ 18 ਮਹੀਨੇ ਉਪ ਮੁੱਖ ਮੰਤਰੀ ਰਹਿਣਗੇ। ਮੰਤਰੀ ਮੰਡਲ ਦੇ ਵਿਚ 20 ਮੈਂਬਰ ਲਏ ਗਏ ਹਨ। 14 ਮੰਤਰੀ ਨੈਸ਼ਨਲ ਪਾਰਟੀ ਦੇ ਹਨ ਜਦ ਕਿ ਤਿੰਨ ਮੰਤਰੀ ਐਕਟ ਪਾਰਟੀ ਅਤੇ ਨਿਊਜ਼ੀਲੈਂਡ ਫਸਟ ਪਾਰਟੀ ਦੇ ਹਨ।





ਪ੍ਰਧਾਨ ਮੰਤਰੀ ਨੇ ਪਹਿਲੀ ਮੀਡੀਆ ਕਾਨਫਰੰਸ ਦੇ ਵਿਚ ਕਿਹਾ ਕਿ ‘‘ਸਰਕਾਰ ਦਾ ਪਹਿਲਾ ਕੰਮ ਦੇਸ਼ ਦੀ ਆਰਥਿਕਤਾ ਨੂੰ ਠੀਕ ਕਰਨਾ ਹੈ। ਸਾਨੂੰ ਅਸਲ ਵਿੱਚ ਰਹਿਣ-ਸਹਿਣ ਦੀਆਂ ਲਾਗਤਾਂ ਨੂੰ ਘਟਾਉਣਾ ਹੈ, ਮਹਿੰਗਾਈ ਨੂੰ ਕਾਬੂ ਵਿੱਚ ਰੱਖਣਾ ਹੈ ਤਾਂ ਜੋ ਅਸੀਂ ਵਿਆਜ ਦਰਾਂ ਨੂੰ ਘਟਾ ਸਕੀਏ, ਅਸੀਂ ਭੋਜਨ ਨੂੰ ਹੋਰ ਕਿਫਾਇਤੀ ਬਣਾ ਸਕੀਏ। ਸਾਡਾ ਬਹੁਤ ਸਾਰਾ ਧਿਆਨ ਮਹਿੰਗਾਈ ਦੇ ਮੂਲ ਕਾਰਨਾਂ ਨਾਲ ਨਜਿੱਠਣ ’ਤੇ ਹੈ।’’

ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਸ ਨੇ ਵੀ ਕਿਹਾ ਕਿ ‘‘ਨਸਲੀ ਸਬੰਧਾਂ ਵਿੱਚ ਸੁਧਾਰ ਹੋਵੇਗਾ।’’ ਨਵੀਂ ਸਰਕਾਰ ਆਪਣੇ ਪਹਿਲੇ 100 ਦਿਨਾਂ ਦੇ ਚੋਣ ਫੈਸਟੋ ਅਨੁਸਾਰ ਕੰਮਾਂ ਦੇ ਵਿਚ ਜੁੱਟਣ ਜਾ ਰਹੀ ਹੈ। ਗੱਠਜੋੜ ਕਰਕੇ ਕੁਝ ਵਾਅਦਿਆਂ ਦੇ ਵਿਚ ਤਬਦੀਲੀਆਂ ਵੀ ਸ਼ਾਮਿਲ ਹਨ। ਅੱਜ ਸਰਕਾਰ ਬਨਣ ਦੇ ਨਾਲ ਹੀ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਕ੍ਰਿਸ ਹਿਪਕਿਨਜ਼ ਵਿਰੋਧੀ ਧਿਰ ਦੇ ਨੇਤਾ ਬਣ ਗਏ ਹਨ, ਇਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸ ਲਕਸਨ ਨੂੰ ਵਧਾਈ ਦਿਤੀ ਹੈ।ਬੀਤੇ ਕੱਲ੍ਹ ਨੈਸ਼ਨਲ ਪਾਰਟੀ ਦੇ ਪੋਰਟ ਵਾਇਕਾਟੋ ਤੋਂ ਉਮੀਦਵਾਰ ਸ੍ਰੀ ਐਂਡਰੀਓ ਬੈਲੀ ਵੀ ਚੋਣ ਜਿੱਤ ਗਏ ਹਨ।

# ਧਾਰਮਿਕ ਵਿਚਾਰਾਂ ਨੂੰ ਲੈ ਕੇ ਰੇਡੀਓ ਹੋਸਟ ਹਰਨੇਕ ਸਿੰਘ ਨਿਊਜ਼ੀਲੈਂਡ ਨੂੰ ਮਾਰਨ ਦੀ ਸਾਜ਼ਿਸ਼ ਲਈ ਤਿੰਨਾਂ ਨੂੰ ਸਜ਼ਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਰੇਡੀਓ ਵਿਰਸਾ ਦੇ ਸੰਚਾਲਕ ਅਤੇ ਪੇਸ਼ਕਾਰ ਹਰਨੇਕ ਸਿੰਘ ਉਤੇ 23 ਦਸੰਬਰ 2020 ਨੂੰ ਉਸ ਵੇਲੇ ਹਮਲਾ ਕਰਕੇ, ਉਸਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਦੋਂ ਉਹ ਰੇਡੀਓ ਪ੍ਰੋਗਰਾਮ ਤੋਂ ਬਾਅਦ ਘਰ ਪਹੁੰਚ ਰਿਹਾ ਸੀ। ਘਰ ਅੰਦਰ ਵੜਨ ਤੋਂ ਪਹਿਲਾਂ ਹੀ ਉਸ ਉਤੇ ਹਮਲਾ ਕਰਕੇ 40 ਵਾਰ ਕੀਤੇ ਗਏ ਪਰ ਕ੍ਰਿਸ਼ਮਈ ਢੰਗ ਨਾਲ ਉਹ ਬਚ ਗਿਆ ਅਤੇ ਹਸਪਤਾਲ ਵਿਖੇ ਲੰਬਾ ਸਮਾਂ ਰਹਿ ਕੇ ਸਿਹਤਯਾਬ ਹੋਇਆ ਸੀ। ਇਸ ਸਬੰਧੀ ਕੇਸ ਅਦਾਲਚ ਵਿਚ ਪਿਛਲੇ 3 ਸਾਲ ਤੋਂ ਚੱਲ ਰਿਹਾ ਸੀ। ਅੱਜ 6 ਹਫ਼ਤਿਆਂ ਦੀ ਸੁਣਵਾਈ ਤੋਂ ਬਾਅਦ ਇਕ ਵਿਅਕਤੀ ਨੂੰ ਹਰਨੇਕ ਦੇ ਕਤਲ ਦੀ ਕੋਸ਼ਿਸ਼ ਦਾ ਮੁੱਖ ਦੋਸ਼ੀ ਪਾਇਆ ਗਿਆ, ਪਰ ਇਸਦਾ ਨਾਂਅ ਅਜੇ ਵੀ ਗੁਪਤ ਰੱਖਿਆ ਗਿਆ ਹੈ। ਇਸ ਵਿਅਕਤੀ ਨੇ ਭਾਵੇਂ ਹਮਲੇ ਵਿਚ ਸ਼ਮੂਲੀਅਤ ਨਹੀਂ ਕੀਤੀ ਸੀ, ਪਰ ਇਸ ਹਮਲੇ ਪਿੱਛੇ ਉਸਦੇ ਦਿਸ਼ਾ ਨਿਰਦੇਸ਼ ਮੰਨੇ ਗਏ ਹਨ। ਅੱਜ ਜਸਟਿਸ ਮਾਰਕ ਵੂਲਫੋਰਡ ਨੇ ਕਿਹਾ ਕਿ ‘‘ਇਹ ਹੱਤਿਆ ਦੀ ਕੋਸ਼ਿਸ਼ ਦਾ ਸਭ ਤੋਂ ਗੰਭੀਰ ਮਾਮਲਾ ਹੈ।’’ ਦੋਸ਼ੀ ਵਿਅਕਤੀ ਨੂੰ 13 ਸਾਲ ਅਤੇ 6 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਘੱਟੋ-ਘੱਟ 9 ਸਾਲ ਸਲਾਖਾਂ ਪਿੱਛੇ ਬਿਤਾਉਣੇ ਪੈਣਗੇ। ਜਸਟਿਸ ਵੂਲਫੋਰਡ ਨੇ ਉਸ ਵਿਅਕਤੀ ਪ੍ਰਤੀ ਕਿਹਾ ਕਿ ‘‘ਇਹ ਸਪੱਸ਼ਟ ਹੈ ਕਿ ਤੁਸੀਂ ਹਮਲੇ ਵਿੱਚ ਸਰੀਰਕ ਤੌਰ ’ਤੇ ਹਿੱਸਾ ਨਹੀਂ ਲਿਆ ਸੀ, ਪਰ ਤੁਸੀਂ ਵੱਡੇ ਹਿੱਸੇ ਦੀ ਜ਼ਿੰਮੇਵਾਰੀ ਲੈਂਦੇ ਰਹੇ ਹੋ।

# ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਬਾਰੇ ਭੰਬਲਭੂਸਾ

ਸ. ਹਰਜਿੰਦਰ ਸਿੰਘ ਧਾਮੀ ਜੀ,
ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

ਸ. ਹਰਜਿੰਦਰ ਸਿੰਘ ਧਾਮੀ ਜੀ, ਜਿਵੇ ਆਪ ਜੀ ਜਾਣਦੇ ਹੀ ਹੋ ਕਿ ਪਿਛਲੇ ਡੇਢ ਦਹਾਕੇ ਤੋਂ ਕੌਮ ਵਿੱਚ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਸਬੰਧੀ ਭੱਬਲਭੂਸਾ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਮਿਲਗੋਭਾ ਕੈਲੰਡਰ ਦੀ ਪੜਤਾਲ ਕਰਨ ਤੇ ਇਹ ਜਾਣਕਾਰੀ ਮਿਲਦੀ ਹੈ ਕਿ, ਇਹ ਕੈਲੰਡਰ ਸੂਰਜੀ ਬਿਕ੍ਰਮੀ, ਦ੍ਰਿਕਗਿਣਤ ਸਿਧਾਂਤ ਮੁਤਾਬਕ ਛਾਪਿਆ ਜਾਂਦਾ ਹੈ। ਵਿਦਵਾਨਾਂ ਵੱਲੋਂ ਇਸ ਕੈਲੰਡਰ ਦੇ ਸਾਲ ਦੀ ਲੰਬਾਈ 365।2563 ਦਿਨ ਮੰਨੀ ਗਈ ਹੈ। ਇਸ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਰੱਖਿਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ ਹੈ। ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਤ ਕੀਤੇ ਜਾਂਦੇ ਹਨ। ਜਿਸ ਦੇ ਆਮ ਸਾਲ ਦੀ ਲੰਬਾਈ 354.37 ਦਿਨ ਮੰਨੀ ਅਤੇ ਮਾੜਾ ਮਹੀਨਾ (ਮਲਮਾਸ) ਆਉਣ ਕਾਰਨ ਤੀਜੇ-ਚੌਥੇ ਸਾਲ ਦੀ ਲੰਬਾਈ 384 ਦਿਨ ਹੋ ਜਾਂਦੀ ਹੈ। ਜਿਸ ਕਾਰਨ ਹਰ ਸਾਲ ਹਰ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਪ੍ਰਧਾਨ ਜੀ, ਕੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਸੈਕੜਿਆਂ ਦੀ ਗਿਣਤੀ ਵਿੱਚ ਪ੍ਰਚਾਰਕਾਂ ਅਤੇ ਸਿੱਖ ਇਤਿਹਾਸ ਖੋਜ ਬੋਰਡ ਦੇ ਖੋਜੀ ਵਿਦਵਾਨਾਂ ਨੂੰ ਇਸ ਮਸਲੇ ਬਾਰੇ ਜਾਣਕਾਰੀ ਨਹੀਂ ਹੈ ਜਾਂ ਉਨ੍ਹਾਂ ਤੋਂ ਸਲਾਹ ਹੀ ਨਹੀਂ ਲਈ ਜਾਂਦੀ? ਸਵਾਲ ਪੈਦਾ ਹੁੰਦਾ ਹੈ ਕਿ ਅਜੇਹੇ ਮਹੱਤਵ ਪੂਰਨ ਫੈਸਲੇ ਕੌਣ ਕਰਦਾ ਹੈ? ਇਹ ਹਾਸੋਂ ਹੀਣੀ ਸਥਿਤੀ ਪੈਦਾ ਕਰਨ ਲਈ ਸਿੱਧੇ ਤੌਰ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਿੰਮੇਵਾਰ ਹੈ। ਇਸ ਦੇ ਪ੍ਰਧਾਨ ਹੋਣ ਦੇ ਨਾਤੇ ਆਪ ਜੀ ਕੌਮ ਨੂੰ ਜਵਾਬ ਦੇਹ ਹੋ।

ਪ੍ਰਧਾਨ ਜੀ, ਇਥੇ ਇਹ ਨੁਕਤਾ ਵੀ ਧਿਆਨ ’ਚ ਰੱਖਣਾ ਬਹੁਤ ਜਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਸਾਲ ਦੀ ਜਿਸ ਲੰਬਾਈ ਮੁਤਾਬਕ (365.2563 ਦਿਨ) ਅੱਜ ਕੈਲੰਡਰ ਛਾਪਦੀ ਹੈ, ਇਹ ਲੰਬਾਈ ਨਵੰਬਰ 1964 ਈ: ਵਿੱਚ ਵਿਦਵਾਨਾਂ ਵੱਲੋਂ ਨਿਰਧਾਰਤ ਕੀਤੀ ਗਈ ਸੀ। ਇਸ ਤੋਂ ਪਹਿਲਾ ਗੁਰੂ ਕਾਲ ਤੋਂ ਚਲੇ ਆ ਰਹੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਮੰਨੀ ਜਾਂਦੀ ਸੀ।

| ਦਿਹਾੜਾ | ਸੰਮਤ 551 | ਸੰਮਤ 552 | ਸੰਮਤ 553 | ਸੰਮਤ 554 | ਸੰਮਤ 555 |
|---|---|---|---|---|---|
| ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ | 18 ਹਾੜ | 18 ਹਾੜ | 18 ਹਾੜ | 18 ਹਾੜ | 25 ਜੇਠ |
| ਮੀਰੀ -ਪੀਰੀ ਦਿਹਾੜਾ | 27 ਹਾੜ | 17 ਹਾੜ | 4 ਸਾਵਣ | 25 ਹਾੜ | 14 ਹਾੜ |
| ਫ਼ਰਕ | 9 ਦਿਨ | -1 ਦਿਨ | 17 ਦਿਨ | 7 ਦਿਨ | 20 ਦਿਨ |

ਹੁਣ ਜਦੋਂ ਸਾਰੀ ਦੁਨੀਆਂ ਮੰਨਦੀ ਹੈ ਕਿ ਕੁਦਰਤ ਦੇ ਨਿਯਮ ਦੇ ਨਿਯਮ ਮੁਤਾਬਕ ਧਰਤੀ, 365.2422 ਦਿਨਾਂ ਵਿੱਚ ਸੂਰਜ ਦੀ ਪ੍ਰਕਰਮਾ ਪੂਰੀ ਕਰ ਲੈਂਦੀ ਹੈ ਤਾਂ ਸ਼੍ਰੋਮਣੀ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਆਪਣੇ ਕੈਲੰਡਰ ਦੇ ਸਾਲ ਦੀ ਲੰਬਾਈ ਕੁਦਰਤ ਦੇ ਨਿਯਮ ਮੁਤਾਬਕ ਨਿਰਧਾਰਤ ਨਹੀਂ ਕਰਨਾ ਚਾਹੁੰਦੀ? ਸਾਲ ਦੀ ਇਸੇ ਲੰਬਾਈ (365.2422 ਦਿਨ) ਮੁਤਾਬਕ ਹੀ, ਇਸ ਧਰਤੀ ਉੱਪਰ ਰੁੱਤਾਂ ਆਉਂਦੀਆਂ-ਜਾਂਦੀਆਂ ਹਨ। ਇਸ ਧਰਤੀ ਉੱਪਰ ਦਿਨ-ਰਾਤ ਦਾ ਬਰਾਬਰ ਹੋਣਾ ਆਦਿ, ਸਭ ਇਸੇ ਲੰਬਾਈ ਮੁਤਾਬਕ ਹੀ ਹੋ ਰਿਹਾ ਹੈ। ਇਕ ਅਕਾਲ ਪੁਰਖ ਨੂੰ ਮੰਨਣ ਵਾਲੀ ਕੌਮ ਦੇ ਮੌਜੂਦਾ ਮੁਖੀ, ਅਕਾਲ ਪੁਰਖ ਦੇ ਨਿਯਮਾਂ ਤੋਂ ਆਕੀ ਕਿਉ ਹਨ?

ਪ੍ਰਧਾਨ ਜੀ, ਪਿਛਲੇ ਲੰਮੇ ਸਮੇ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਅਪਣਾਏ ਗਏ ਗੈਰ ਜਿੰਮੇਵਾਰ ਵਤੀਰੇ ਨੂੰ ਸਮਝਣ ਲਈ ਇਕ ਉਦਾਹਰਣ ਦੇਣੀ ਜਰੂਰੀ ਸਮਝਦਾ ਹਾਂ। ਸਿੱਖ ਕੌਮ ਦੇ ਕੇਂਦਰੀ ਧੁਰੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ ਅਤੇ ਮੀਰੀ-ਪੀਰੀ ਦਿਵਸ ਦੇ ਇਤਿਹਾਸਕ ਦਿਹਾੜਿਆਂ ਦੇ ਦਰਜ ਪ੍ਰਵਿਸ਼ਟਿਆਂ ਦੀ ਪੜਤਾਲ ਕਰਨ ਤੇ ਬੜੀ ਹੀ ਅਨੋਖੀ ਤਸਵੀਰ ਸਾਹਮਣੇ ਆਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ ਸੰਮਤ 551 ਦੇ ਕੈਲੰਡਰ ਮੁਤਾਬਕ ਤਾਂ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ ਤੋਂ 9 ਦਿਨ ਪਿਛੋਂ ਮੀਰੀ-ਪੀਰੀ ਦਿਹਾੜਾ ਆਇਆ ਸੀ। ਸੰਮਤ 552 ਦੇ ਕੈਲੰਡਰ ਵਿੱਚ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਤੋਂ ਇਕ ਦਿਨ ਪਹਿਲਾ ਕਿਵੇਂ ਆ ਗਿਆ? ਮੀਰੀ ਪੀਰੀ ਦੀਆਂ ਦੋ ਤਲਵਾਰਾਂ, ਥੜਾ ਬਣਨ ਤੋਂ ਇਕ ਦਿਨ ਪਹਿਲਾ ਪਹਿਨੀਆਂ ਗਈਆਂ ਸਨ? ਸੰਮਤ 553 ਵਿੱਚ 17 ਦਿਨ ਪਿਛੋਂ, ਸੰਮਤ 554 ਵਿੱਚ 7 ਦਿਨ ਪਿਛੋਂ ਅਤੇ ਸੰਮਤ 555 ਵਿੱਚ 20 ਦਿਨ ਪਿਛੋਂ ਮੀਰੀ-ਪੀਰੀ ਦਾ ਦਿਹਾੜਾ ਮਨਾਇਆ ਗਿਆ ਸੀ। ਦੋਵਾਂ ਦਿਹਾੜਿਆਂ ਵਿਚ ਫ਼ਰਕ ਹਰ ਸਾਲ ਬਦਲ ਕਿਉ ਜਾਂਦਾ ਹੈ? ਜਦੋਂ ਕਿ ਸ਼੍ਰੋਮਣੀ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੀ ਛਪਦੀ ਹੈ। ਇਥੇ ਇਹ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਇਸ ਸਾਲ, ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ ਪਿਛਲੇ ਸਾਲ (ਸੰਮਤ 554) ਤੋਂ 24 ਦਿਨ ਪਹਿਲਾ ਕਿਵੇਂ ਆ ਗਿਆ? 18 ਹਾੜ ਤੋਂ ਬਦਲ ਕੇ ਅਚਾਨਕ 25 ਜੇਠ ਕਿਵੇਂ ਹੋ ਗਿਆ? ਇਹ ਪ੍ਰਵਿਸ਼ਟਾ ਕਿਸ ਦੇ ਕਹਿਣ ਤੇ ਬਦਲਿਆ ਗਿਆ ਹੈ? ਜੇ ਅਜੇ ਵੀ ਨਾ ਸੰਭਲੇ ਤਾਂ, ਮੇਰੇ ਹਿਸਾਬ ਨਾਲ ਅਗਲੇ ਸਾਲ (ਸੰਮਤ 556) ਇਹ ਦਿਹਾੜਾ 13 ਹਾੜ ਨੂੰ, ਭਾਵ 383 ਦਿਨਾਂ ਪਿਛੋਂ ਆਵੇਗਾ, ਜਦੋਂ ਕਿ ਕੁਦਰਤ ਦੇ ਨਿਯਮ ਮੁਤਾਬਕ ਧਰਤੀ ਸੂਰਜ ਦੁਵਾਲੇ ਇਕ ਚੱਕਰ 365 ਦਿਨਾਂ ਵਿੱਚ ਪੂਰਾ ਕਰ ਲਵੇਗੀ। ਅਕਾਲ ਪੁਰਖ ਦੇ ਬਣਾਏ ਨਿਯਮ ਮੁਤਾਬਕ ਸਾਲ ਦੀ ਲੰਬਾਈ ਨੂੰ ਪ੍ਰਵਾਨ ਕਰਨ ਵਿੱਚ ਸ਼੍ਰੋਮਣੀ ਕਮੇਟੀ ਨੂੰ ਕੀ ਦਿੱਕਤ ਹੈ?

ਪ੍ਰਧਾਨ ਜੀ, ਜਦੋਂ ਸ਼੍ਰੋਮਣੀ ਕਮੇਟੀ ਆਪਣਾ ਕੈਲੰਡਰ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਛਾਪਦੀ ਹੈ ਤਾਂ ਇਤਿਹਾਸਿਕ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਕਿਉ ਨਹੀਂ ਦਰਜ ਕੀਤੇ ਜਾਂਦੇ? ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਨਿਰਧਾਰਤ ਕਰਨ ਨਾਲ ਗੁਰਮਤਿ ਜਾਂ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਜੇ ਦਿਹਾੜੇ ਵਦੀ-ਸੁਦੀ ਮੁਤਾਬਕ ਮਨਾਉਣੇ ਹਨ ਤਾਂ ਕੈਲੰਡਰ ਵੀ ਉਹੀ ਛਾਪੋ, ਜਿਹੜਾ ਪਿਛਲੀ ਸਦੀ ’ਚ ਛਾਪਦੇ ਸੀ। ਮਿਲਗੋਭਾ ਕੈਲੰਡਰ ਛਾਪ ਕੇ ਕੌਮ ਨੂੰ ਗੁੰਮਰਾਹ ਤਾਂ ਨਾ ਕਰੋ। ਦੋ ਬੇੜੀਆਂ ’ਚ ਸਵਾਰੀ ਕਰਕੇ ਕਿਵੇਂ ਪਾਰ ਲੱਗੋਗੇ?



**ਸਰਵਜੀਤ ਸਿੰਘ ਸੈਕਰਾਮੈਂਟੋ**
sarbjits@gmail.com>

ਸ। ਹਰਜਿੰਦਰ ਸਿੰਘ ਧਾਮੀ ਜੀ, ਅੱਜ ਸਿੱਖ ਕੌਮ ਪੂਰੀ ਦੁਨੀਆਂ ਵਿੱਚ ਫੈਲ ਚੁੱਕੀ ਹੈ। ਸਾਨੂੰ ਵੀ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ। ਇਸ ਲਈ ਸਾਡੇ ਕੇਂਦਰੀ ਅਸਥਾਨ ਤੋਂ ਕੁਝ ਠੋਸ ਫੈਸਲੇ ਲੈਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਦੁਨੀਆਂ ਭਰ ਵਿੱਚ ਸਿੱਖ ਕੌਮ ਦੇ ਮਾਣ-ਸਤਿਕਾਰ ਵਿੱਚ ਵਾਧਾ ਹੋ ਸਕੇ ਅਤੇ ਕੌਮੀ ਅਨੁਸ਼ਾਸਨ ਨੂੰ ਕਾਇਮ ਰੱਖਿਆ ਜਾ ਸਕੇ।

ਨਿਮਰਤਾ ਸਹਿਤ ਬੇਨਤੀ ਹੈ ਕਿ ਨਵੇਂ ਸਾਲ (ਸੰਮਤ 556) ਦਾ ਕੈਲੰਡਰ ਤਿਆਰ ਕਰਨ ਵਿੱਚ ਅਜੇ ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਹੈ। ਜੇ ਇੱਛਾ ਸ਼ਕਤੀ ਹੋਵੇ ਤਾਂ ਇਸ ਸਮੇਂ ਦੌਰਾਨ ਕੌਮੀ ਹਿੱਤਾਂ ਨੂੰ ਮੁੱਖ ਰੱਖ ਕੇ ਕੁਝ ਠੋਸ ਫੈਸਲੇ ਲਏ ਜਾ ਸਕਦੇ ਹਨ।

ਆਸ ਕਰਦੇ ਹਾਂ ਕਿ ਆਪ ਜੀ, ਆਪਣੇ ਰੁਝੇਵਿਆਂ ’ਚ ਕੁਝ ਸਮਾਂ ਕੱਢ ਕੇ, ਇਸ ਬਹੁਤ ਹੀ ਅਹਿਮ ਮੁੱਦੇ ਵੱਲ ਧਿਆਨ ਜਰੂਰ ਦਿਓਗੇ।

**ਧੰਨਵਾਦ**
**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**13 ਮੱਘਰ ਸੰਮਤ 555 ਨਾਨਕਸ਼ਾਹੀ**

# ਗਾਇਕ ਸੁਰਿੰਦਰ ਲਾਡੀ ਦੇ ਟਰੈਕ "ਲਾਡੀ ਦੀ ਗੱਡੀ" ਦਾ ਪੋਸਟਰ ਰਿਲੀਜ਼

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਇੰਟਰਨੈਸ਼ਨਲ ਪੰਜਾਬੀ ਗਾਇਕ ਸੁਰਿੰਦਰ ਲਾਡੀ ਦੇ ਨਵੇਂ ਟਰੈਕ, "ਲਾਡੀ ਦੀ ਗੱਡੀ" ਦਾ ਪੋਸਟਰ ਸੋਸ਼ਲ ਸਾਈਟਾਂ ਤੇ ਧੂਮਧਾਮ ਨਾਲ ਰਿਲੀਜ਼ ਕੀਤਾ ਗਿਆ। ਗਾਇਕ ਸੁਰਿੰਦਰ ਲਾਡੀ ਆਪਣੀਆਂ ਕਲਚਰਲ




ਗਤੀਵਿਧੀਆਂ ਨੂੰ ਸਰੋਤਿਆਂ ਤੱਕ ਜਾਰੀ ਰੱਖਣ ਲਈ ਹਮੇਸ਼ਾ ਕੋਈ ਨਾ ਕੋਈ ਪ੍ਰੋਜੈਕਟ ਲਾਂਚ ਕਰਦੇ ਰਹਿੰਦੇ ਹਨ ਅਤੇ ਇਸ ਗਤੀਵਿਧੀ ਨੂੰ ਅੱਗੇ ਤੋਰਦਿਆਂ ਉਹਨਾਂ ਵੱਲੋਂ "ਲਾਡੀ ਦੀ ਗੱਡੀ" ਦਾ ਟਰੈਕ ਰਿਲੀਜ ਕੀਤਾ ਜਾ ਰਿਹਾ ਹੈ । ਜਿਸਦੀ ਮੁਕੰਮਲ ਤਿਆਰੀ ਹੋ ਚੁੱਕੀ ਹੈ। ਇਸ ਟਰੈਕ ਦਾ ਮਿਊਜਿਕ ਮਿਕੂ ਸਿੰਘ ਵਲੋਂ ਦਿੱਤਾ ਗਿਆ ਹੈ, ਜਦਕਿ ਇਸ ਨੂੰ ਜੱਗਾ ਬਰਾੜ ਗੋਲੇਵਾਲੀਆਂ ਨੇ ਕਲਮਬੱਧ ਕੀਤਾ ਹੈ। ਇਸ ਟਰੈਕ ਦਾ ਵੀਡੀਓ ਸਾਬੀ ਰਾਮਗੜੀਆ ਤੇ ਅਸ਼ੋਕ ਖੁਰਾਨਾ ਵਲੋਂ ਤਿਆਰ ਕੀਤਾ ਗਿਆ । ਐਸ ਆਰ ਰਿਕਾਰਡਸ ਵਲੋਂ ਇਸ ਟਰੈਕ ਨੂੰ ਰਿਲੀਜ਼ ਕੀਤਾ ਜਾਵੇਗਾ । ਗਾਇਕ ਸੁਰਿੰਦਰ ਲਾਡੀ ਆਪਣੇ ਗੀਤਾਂ ਨਾਲ ਹਮੇਸ਼ਾ ਸਰੋਤਿਆਂ ਦੇ ਵਿੱਚ ਚਰਚਿਤ ਰਿਹਾ। ਇਹ ਟਰੈਕ "ਲਾਡੀ ਦੀ ਗੱਡੀ" ਸਰੋਤਿਆਂ ਵਿੱਚ ਪ੍ਰਵਾਨ ਚੜ੍ਹੇਗਾ। ਇਹੀ ਦਿਲੀ ਦੁਆ ਨਾਲ ਉਸਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

# ਉੱਤਰਕਾਸ਼ੀ: ਸੁਰੰਗ ’ਚੋਂ ਸਾਰੇ ਮਜ਼ਦੂਰ ਸੁਰੱਖਿਅਤ ਬਾਹਰ ਕੱਢੇ

**ਉੱਤਰਕਾਸ਼ੀ–** ਬਚਾਅ ਟੀਮਾਂ ਦੇ ਕਰੀਬ 17 ਦਿਨਾਂ ਦੇ ਅਣਥੱਕ ਯਤਨਾਂ ਤੋਂ ਬਾਅਦ ਅਖ਼ੀਰ ਉੱਤਰਾਖੰਡ ਦੀ ਸਿਲਕਿਆਰਾ ਸੁਰੰਗ ਵਿਚ ਫਸੇ 41 ਵਰਕਰਾਂ ਨੂੰ ਸਫ਼ਲਤਾ ਨਾਲ ਬਾਹਰ ਕੱਢ ਲਿਆ ਗਿਆ। ਬਚਾਏ ਗਏ ਵਰਕਰਾਂ ਨਾਲ ਮੌਕੇ ’ਤੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਕੇਂਦਰੀ ਮੰਤਰੀ ਵੀਕੇ ਸਿੰਘ ਨੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਟਵੀਟ ਕਰ ਕੇ ਦੱਸਿਆ ਕਿ ਸਾਰੇ ਵਰਕਰਾਂ ਦੀ ਮੁੱਢਲੀ ਸਿਹਤ ਜਾਂਚ ਕਰ ਲਈ ਗਈ ਹੈ। ਇਸ ਲਈ ਸੁਰੰਗ ਵਿਚ ਹੀ ਮੈਡੀਕਲ ਕੈਂਪ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਜ਼ਮੀਨ ਖਿਸਕਣ ਕਾਰਨ ਉਸਾਰੀ ਅਧੀਨ ਸੁਰੰਗ ਦਾ ਇਕ ਹਿੱਸਾ 12 ਨਵੰਬਰ ਨੂੰ ਢਹਿ ਗਿਆ ਸੀ। ਸੁਰੰਗ ਦਾ ਇਕ ਹਿੱਸਾ ਢਹਿਣ ਕਾਰਨ ਬਾਹਰ ਨਿਕਲਣ ਦਾ ਰਸਤਾ ਬੰਦ ਹੋ ਗਿਆ ਸੀ ਤੇ ਵਰਕਰ ਅੰਦਰ ਫਸ ਗਏ ਸਨ। ਉਦੋਂ ਤੋਂ ਹੀ ਵਰਕਰਾਂ ਨੂੰ ਛੇ ਇੰਚ ਦੀ ਪਾਈਪ ਰਾਹੀਂ ਭੋਜਨ, ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਭੇਜੀਆਂ ਜਾ ਰਹੀਆਂ ਸਨ। ਇਹ ਪਾਈਪ ਢਹਿ ਗਏ ਹਿੱਸੇ ਦੇ ਮਲਬੇ ਵਿਚੋਂ ਪਾਈ ਗਈ ਸੀ। ਕਰੀਬ 17 ਦਿਨ ਚੱਲੇ ਇਸ ਬਚਾਅ ਅਪਰੇਸ਼ਨ ਦੌਰਾਨ ਕਈ ਵਾਰ ਉਮੀਦ ਦੀ ਕਿਰਨ ਜਾਗੀ ਤੇ ਕਈ ਵਾਰ ਨਿਰਾਸ਼ਾ ਵੀ ਹੱਥ ਲੱਗੀ। ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ (ਐੱਨਡੀਆਰਐੱਫ) ਦੇ ਕਰਮੀਆਂ ਨੇ ਅੱਜ ਦੇਰ ਸ਼ਾਮ ਫਸੇ ਵਰਕਰਾਂ ਨੂੰ ਸਟੀਲ ਦੇ ਪਾਈਪ ਰਾਹੀਂ ਬਾਹਰ ਕੱਢਿਆ ਜੋ ਕਿ 60 ਮੀਟਰ ਦੇ ‘ਐਸਕੇਪ ਪੈਸੇਜ’ (ਬਚਾਅ ਦਾ ਰਾਹ) ਵਿਚ ਪਾਇਆ ਗਿਆ ਸੀ। ਸੁਰੰਗ ’ਚ ਫਸੇ 41 ਵਰਕਰਾਂ ਵਿਚੋਂ ਪਹਿਲੇ ਵਰਕਰ ਨੂੰ ਲੈ ਕੇ ਐਂਬੂਲੈਂਸ ਰਾਤ ਕਰੀਬ 8 ਵਜੇ ਬਾਹਰ ਨਿਕਲੀ। ਇਸ ਤੋਂ ਪਹਿਲਾਂ ਕਰੀਬ ਇਕ ਘੰਟਾ ‘ਰੈਟ-ਹੋਲ’ ਮਾਈਨਿੰਗ ਮਾਹਿਰ ਮਲਬੇ ਦੇ ਆਖ਼ਰੀ ਹਿੱਸੇ ਨੂੰ ਪੁੱਟਣ ’ਚ ਲੱਗੇ ਰਹੇ। ਕਈ ਦਿਨਾਂ ਤੋਂ ਬਣੇ ਇਸ ਸੰਕਟ ਦੇ ਹੱਲ ਹੋਣ ਦੇ ਨਾਲ ਹੀ ਮੌਕੇ ’ਤੇ ਮੌਜੂਦ ਲੋਕਾਂ ਨੇ ਇਕ-ਦੂਜੇ ਨੂੰ ਜੱਫੀਆਂ ਪਾ ਲਈਆਂ ਤੇ ਖ਼ੁਸ਼ੀ ਵਿਚ ‘ਹਰ ਹਰ ਮਹਾਦੇਵ’ ਤੇ ‘ਭਾਰਤ ਮਾਤਾ ਕੀ ਜੈ’ ਦੇ ਨਾਅਰੇ ਲਾਏ। ਮੌਕੇ ਉਤੇ ਮੌਜੂਦ ਐਂਬੂਲੈਂਸਾਂ ਵਰਕਰਾਂ ਨੂੰ ਸਥਾਨਕ ਕਮਿਊਨਿਟੀ ਸਿਹਤ ਕੇਂਦਰ ਲੈ ਕੇ ਗਈਆਂ ਜਿੱਥੇ ਵਿਸ਼ੇਸ਼ ਤੌਰ ’ਤੇ 41 ਬਿਸਤਰਿਆਂ ਦਾ ਵਾਰਡ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਸਟੀਲ ਪਾਈਪ ਰਾਹੀਂ ਬਾਹਰ ਨਿਕਲੇ ਵਰਕਰਾਂ ਦੀ ਤੁਰੰਤ ਸਿਹਤ ਜਾਂਚ ਕੀਤੀ ਗਈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਅੱਜ ਕਿਹਾ ਕਿ ਵਰਕਰਾਂ ਦੇ ਸੁਰੱਖਿਅਤ ਬਾਹਰ ਨਿਕਲਣ ’ਤੇ ਉਹ ਰਾਹਤ ਮਹਿਸੂਸ ਕਰ ਰਹੇ ਹਨ ਤੇ ਖੁਸ਼ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਏਜੰਸੀਆਂ ਨੇ ਪੂਰੇ ਤਾਲਮੇਲ ਨਾਲ ਬਹੁਤ ਮਹੱਤਵਪੂਰਨ ਬਚਾਅ ਅਪਰੇਸ਼ਨ ਨੂੰ ਸਿਰੇ ਚੜ੍ਹਾਇਆ ਹੈ। ਗਡਕਰੀ ਨੇ ਕੌਮਾਂਤਰੀ ਬਚਾਅ ਮਾਹਿਰਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਪੂਰੇ ਅਪਰੇਸ਼ਨ ਦੀ ਲਗਾਤਾਰ ਨਿਗਰਾਨੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਕੇਂਦਰੀ ਮੰਤਰੀ ਵੀਕੇ ਸਿੰਘ ਦਾ ਵੀ ਸ਼ੁਕਰੀਆ ਅਦਾ ਕੀਤਾ। ਮੁੱਖ ਮੰਤਰੀ ਧਾਮੀ ਨੇ ਵਰਕਰਾਂ ਤੇ ਬਚਾਅ ਕਰਮੀਆਂ ਦੀ ਹਿੰਮਤ ਦੀ ਸਿਫ਼ਤ ਕੀਤੀ।



‘ਰੈਟ ਹੋਲ ਮਾਈਨਿੰਗ’ ਤਕਨੀਕ ਦੇ ਮਾਹਿਰ ਫਿਰੋਜ਼ ਕੁਰੈਸ਼ੀ ਅਤੇ ਮੋਨੂੰ ਕੁਮਾਰ ਮਲਬੇ ਦੇ ਆਖਰੀ ਹਿੱਸੇ ਨੂੰ ਸਾਫ਼ ਕਰਨ ਤੋਂ ਬਾਅਦ ਉਤਰਾਖੰਡ ਵਿੱਚ ਸਿਲਕਿਆਰਾ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਨੂੰ ਮਿਲਣ ਵਾਲੇ ਪਹਿਲੇ ਵਿਅਕਤੀ ਸਨ। ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਸ਼ੁਰੂ ਕੀਤੇ ਗਏ 17 ਦਿਨਾਂ ਦੇ ਵੱਡੇ ਅਪਰੇਸ਼ਨ ਤੋਂ ਬਾਅਦ ਮੰਗਲਵਾਰ ਸ਼ਾਮ ਨੂੰ ਸਾਰੇ 41 ਮਜ਼ਦੂਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ। ਦਿੱਲੀ ਨਿਵਾਸੀ ਕੁਰੈਸ਼ੀ ਅਤੇ ਉੱਤਰ ਪ੍ਰਦੇਸ਼ ਦੇ ਕੁਮਾਰ ‘ਰੈਟ-ਹੋਲ ਮਾਈਨਿੰਗ’ ਤਕਨਾਲੋਜੀ ਮਾਹਿਰਾਂ ਦੀ 12 ਮੈਂਬਰੀ ਟੀਮ ਦਾ ਹਿੱਸਾ ਸਨ, ਜਿਨ੍ਹਾਂ ਨੂੰ ਐਤਵਾਰ ਨੂੰ ਖੁਦਾਈ ਲਈ ਬੁਲਾਇਆ ਗਿਆ ਸੀ। ਦਿੱਲੀ ਦੇ ਖਜੂਰੀ ਖਾਸ ਦੇ ਨਿਵਾਸੀ ਕੁਰੈਸ਼ੀ ਨੇ ਦੱਸਿਆ, ‘ਜਦੋਂ ਅਸੀਂ ਮਲਬੇ ਦੇ ਆਖਰੀ ਹਿੱਸੇ ‘ਤੇ ਪਹੁੰਚੇ ਤਾਂ ਉਹ (ਮਜ਼ਦੂਰ) ਸਾਨੂੰ ਸੁਣ ਸਕਦੇ ਸਨ। ਮਲਬਾ ਹਟਾਉਣ ਤੋਂ ਤੁਰੰਤ ਬਾਅਦ ਅਸੀਂ ਦੂਜੇ ਪਾਸੇ ਉਤਰ ਗਏ। ਮਜ਼ਦੂਰਾਂ ਨੇ ਮੇਰਾ ਧੰ-ਨਵਾਦ ਕੀਤਾ, ਮੈਨੂੰ ਜੱਫੀ ਪਾ ਲਈ ਤੇ ਮੈਨੂੰ ਮੋਢਿਆਂ ‘ਤੇ ਚੁੱਕ ਲਿਆ।’ ਕੁਰੈਸ਼ੀ ਨੇ ਕਿਹਾ ਕਿ ਉਹ ਵਰਕਰਾਂ ਨਾਲੋਂ ਜ਼ਿਆਦਾ ਖੁਸ਼ ਸਨ। ਕੁਰੈਸ਼ੀ ਦਿੱਲੀ ਸਥਿਤ ਰੌਕਵੈੱਲ ਐਂਟਰਪ੍ਰਾਈਜ਼ ਦਾ ਕਰਮਚਾਰੀ ਹੈ ਅਤੇ ਸੁਰੰਗ ਬਣਾਉਣ ਦੇ ਕੰਮ ਵਿੱਚ ਮਾਹਿਰ ਹੈ। ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਦੇ ਰਹਿਣ ਵਾਲੇ ਕੁਮਾਰ ਨੇ ਕਿਹਾ, ‘ਉਨ੍ਹਾਂ (ਮਜ਼ਦੂਰਾਂ) ਨੇ ਮੈਨੂੰ ਬਦਾਮ ਦਿੱਤੇ ਅਤੇ ਮੇਰਾ ਨਾਮ ਪੁੱਛਿਆ। ਇਸ ਤੋਂ ਬਾਅਦ ਹੋਰ ਸਹਿਕਰਮੀ ਵੀ ਅੰਦਰ ਆ ਗਏ ਤੇ ਅਸੀਂ ਕਰੀਬ ਘੱਧੇ ਘੰਟੇ ਤੱਕ ਉਥੇ ਰਹੇ। ਇਸ ਦੌਰਾਨ ਐੱਨਡੀਆਰਐੱਫ ਦੀ ਟੀਮ ਆ ਗਈ।’

ਉੱਤਰਾਖੰਡ ਦੇ ਉੱਤਰਕਾਸ਼ੀ ਜ਼ਿਲ੍ਹੇ ’ਚ ਸਿਲਕਿਆਰਾ ਸੁਰੰਗ ‘ਚੋਂ ਮੰਗਲਵਾਰ ਰਾਤ ਸੁਰੱਖਿਅਤ ਬਚਾਏ 41 ਮਜ਼ਦੂਰਾਂ ‘ਚੋਂ ਇਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੱਸਿਆ ਕਿ ਉਹ ਆਪਣਾ ਹੌਸਲਾ ਬਰਕਰਾਰ ਰੱਖਣ ਲਈ ਯੋਗਾ ਕਰਦੇ ਸਨ ਅਤੇ ਸੁਰੰਗ ‘ਚ ਸੈਰ ਕਰਦੇ ਸਨ। ਵਰਕਰਾਂ ਨੇ ਬਚਾਅ ਕਾਰਜ ਲਈ ਪ੍ਰਧਾਨ ਮੰਤਰੀ ਮੋਦੀ, ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਬਚਾਅ ਟੀਮਾਂ ਦੀ ਸ਼ਲਾਘਾ ਕੀਤੀ। ਇਨ੍ਹਾਂ ਮਜ਼ਦੂਰਾਂ ਵਿੱਚੋਂ ਇੱਕ ਨੇ ਕਿਹਾ ਕਿ ਜਦੋਂ ਸਰਕਾਰ ਵਿਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਬਚਾਅ ਸਕਦੀ ਹੈ ਤਾਂ ਉਹ ਦੇਸ਼ ਦੇ ਅੰਦਰ ਸਨ ਅਤੇ ਇਸ ਲਈ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਪ੍ਰਧਾਨ ਮੰਤਰੀ ਨੇ ਮੰਗਲਵਾਰ ਦੇਰ ਰਾਤ ਟੈਲੀਫੋਨ ‘ਤੇ ਵਰਕਰਾਂ ਨਾਲ ਗੱਲ ਕੀਤੀ ਅਤੇ ਕਿਹਾ, ‘ਇੰਨੇ ਦਿਨਾਂ ਤੱਕ ਖ਼ਤਰੇ ਵਿੱਚ ਰਹਿਣ ਤੋਂ ਬਾਅਦ ਸੁਰੱਖਿਅਤ ਬਾਹਰ ਆਉਣ ਲਈ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ।’

# ਸ੍ਰੀ ਗੁਰੂ ਨਾਨਕ ਦੇਵ ਜੀ- ਮਹਾਂਕਵੀ ਤੇ ਮਸੀਹਾ



ਉਹ ਸਭ ਲੋਕ ਜੋ ਪਿਛਲੀਆਂ ਪੰਜ ਸਦੀਆਂ ਦੇ ਸਮੇਂ 'ਚ ਪੰਜ ਦਰਿਆਵਾਂ ਦੀ ਪਵਿੱਤਰ ਤੇ ਪੁਰਾਤਨ ਮਿੱਟੀ 'ਚ ਪੈਦਾ ਹੋ ਕੇ, ਇਸ ਵਿਚ ਸਮਾਅ ਚੁੱਕੇ ਹਨ- ਭਾਵ ਉਸ ਭੂਮੀ ਦੀ ਸੰਤਾਨ ਜੋ ਭਾਰਤ ਦੇ ਉੱਤਰ-ਪੱਛਮੀ ਭਾਗ 'ਚ ਦੂਰ ਤੱਕ ਪੱਸਰੀ ਹੋਈ ਹੈ- ਨਿਸਚੇ ਹੀ ਬਾਬਾ ਗੁਰੂ ਨਾਨਕ ਦੇਵ ਜੀ (ਅਪ੍ਰੈਲ 15, 1469- ਸਤੰਬਰ 22, 1539 ਈਸਵੀ) ਦੀ ਪ੍ਰਕਾਸ਼ਮਈ ਰੂਹਾਨੀ ਉਪਸਥਿਤੀ ਤੋਂ ਆਤਮਿਕ ਧਰਵਾਸ ਤੇ ਪ੍ਰੇਰਣਾਤਮਕ ਸ਼ਕਤੀ ਪ੍ਰਾਪਤ ਕਰਦੇ ਆ ਰਹੇ ਹਨ। ਇਸ ਸਾਰੇ ਸਮੇਂ 'ਚ ਆਮ ਲੋਕਾਂ ਤੇ ਜੋ ਵੀ ਅੱਤਿਆਚਾਰ ਤੇ ਵਧੀਕੀਆਂ ਹੋਈਆਂ- ਭਾਵੇਂ, ਉਹ ਉਨ੍ਹਾਂ ਦੇ ਆਪਣੇ ਸਮੂਹਿਕ ਚਰਿੱਤਰ ਦੀਆਂ ਕਮਜ਼ੋਰੀਆਂ ਕਾਰਨ ਵਾਪਰੀਆਂ; ਨਿਰਦਈ ਸਥਾਨਕ ਸ਼ਾਸਕਾਂ ਦੁਆਰਾ ਜਾਂ ਫਿਰ ਜ਼ੁਲਮੀ ਵਿਦੇਸ਼ੀ ਹਮਲਾਵਰਾਂ ਨੇ ਕੀਤੀਆਂ- ਗੁਰੂ ਜੀ ਵਲੋਂ ਬਖਸ਼ੀ 'ਧੁਰ ਕੀ ਬਾਣੀ'- ਸਿੱਧੇ ਸੱਤ ਕਥਨ, ਜੋ ਰੂਹ ਨੂੰ ਝੰਜੋੜ ਦੇਣ ਵਾਲੀ ਕਾਵਿ ਸ਼ੈਲੀ, ਲੋਕਾਂ ਦੀ ਆਪਣੀ ਸਟੀਕ ਬੋਲੀ 'ਚ ਰਚਿਤ ਹਨ- ਸਦਾ ਹੀ ਸਹੀ ਤੇ ਸਾਂਝੀਵਾਲਤਾ ਦੇ ਮਾਰਗ 'ਤੇ ਤੁਰਨ ਵਾਲਿਆਂ ਦੀਆਂ ਰੂਹਾਂ ਨੂੰ ਰੁਸ਼ਨਾਉਂਦੀ ਰਹੀ ਹੈ। ਜਦੋਂ ਚਾਰ ਸੌ ਵਰ੍ਹਿਆਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਦੀ ਤਿੱਖੀ ਤੇ ਫ਼ਰੇਬੀ ਤਲਵਾਰ ਨਾਲ ਦੋ ਟੋਟਿਆਂ 'ਚ ਵੱਢ ਦਿੱਤਾ ਗਿਆ ਸੀ, ਮੇਰੇ 'ਬਾਲ' ਮਨ ਦੇ ਕੰਨਾਂ ਦੇ ਧੁਰ ਅੰਦਰ ਇਕ ਦਰਦ ਭਰਿਆ ਗੀਤ ਗੂੰਜਿਆ ਸੀ, ਉਨਨਕਾਣੇ ਵੱਲ ਨੂੰ ਜਾਂਦਿਆ ਰਾਹੀਆ ਵੇ, ਮੇਰੇ ਪ੍ਰੀਤਮ ਨੂੰ ਸੰਦੇਸ਼ਾ ਦੇਵੀਂ ਜਾ..."

ਆਦਰਯੋਗ ਵਿਦਵਾਨ ਸਰੋਤੇ ਮਿਤਰੋ ਮੈਂ ਆਪਣੇ ਅੱਜ ਦੇ ਇਸ ਗੰਭੀਰ ਵਿਸ਼ੇ ਦੇ ਵਿਸਤਾਰ 'ਚ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਕੁਝ ਤੱਥ ਤੇ ਹਵਾਲੇ ਸਪੱਸ਼ਟ ਕਰ ਦੇਣੇ ਜ਼ਰੂਰੀ ਸਮਝਦਾ ਹਾਂ। ਸਭ ਤੋਂ ਪਹਿਲਾਂ ਸਾਨੂੰ ਇਹ ਸੱਚਾਈ ਸਵੀਕਾਰ ਕਰਕੇ ਅੱਗੇ ਤੁਰਨਾ ਹੈ ਕਿ 'ਗੁਰੂ ਨਾਨਕ ਜੀ ਦੇ ਆਪਣੇ ਹਸਤ ਲਿਖਤ ਦਾ ਕੋਈ ਹਵਾਲਾ-ਦਸਤਾਵੇਜ਼ ਸਮੇਂ ਦੀਆਂ ਪ੍ਰਕ੍ਰਿਆ 'ਚ ਸਾਡੇ ਪਾਸ ਨਹੀਂ ਬਚ ਸਕਿਆ।' ਪੁਰਾਤਨ ਹਸਤਲਿਖਤ ਖਰੜਿਆਂ ਦੇ ਅਤਿ ਪ੍ਰੀਸ਼ਰਮੀ ਤੇ ਇਮਾਨਦਾਰ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਜੀ ਨੇ ਸਮਝਾਇਆ ਹੈ ਕਿ ਗੁਰਮੁਖੀ ਤੇ ਦੇਵਨਾਗਰੀ ਲਿਪੀਆਂ 'ਚ ਸ਼ਬਦ ਸਮੂਹਾਂ ਨੂੰ ਲੋੜ ਅਨੁਸਾਰ ਜੁਦਾ ਕਰਕੇ ਨਾ ਲਿਖਣ ਦੀ ਪ੍ਰਚਲਤ ਪ੍ਰੰਪਰਾ ਨੇ ਇਕ ਵੱਡੀ ਔਕੜ ਪੈਦਾ ਕਰ ਰੱਖੀ ਸੀ ਤੇ ਪਾਠ ਕਰਨ ਵਾਲਿਆਂ ਨੂੰ ਐਸੀ ਟੈਕਸਟ- ਅਸਲ ਇਬਾਰਤ- ਨੂੰ ਠੀਕ ਪੜ੍ਹਨ ਲਈ ਲੰਬੇ ਅਭਿਆਸ ਤੇ ਯੋਗ ਸਿੱਖਿਆ ਦੀ ਅਵੱਸ਼ਕਤਾ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਭ ਸਮੱਸਿਆਵਾਂ ਦੀਆਂ ਗੁੰਝਲਾਂ ਨੂੰ ਪਹਿਚਾਣਦੇ ਹੋਏ, ਆਪਣੇ ਪੂਰੀ ਤਰ੍ਹਾਂ ਪਰਖੇ ਤੇ ਵਿਸ਼ਵਾਸਯੋਗ ਉੱਤਰਾਧਿਕਾਰੀ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੀ ਪਦਵੀ ਪ੍ਰਦਾਨ ਕਰਦੇ ਹੋਏ, ਆਪਣੀਆਂ ਸਭ ਰਚਨਾਵਾਂ ਤੇ ਹੋਰ ਸੋਚ-ਵਿਚਾਰ ਦੀ ਸਾਂਝ ਵਾਲੇ ਸੰਤ-ਕਵੀਆਂ ਦੀਆਂ ਚੋਣਵੀਆਂ ਲਿਖਤਾਂ- ਜੋ ਉਨ੍ਹਾਂ ਨੇ ਆਪਣੀਆਂ ਲੰਬੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਮਹਾਂਪੁਰਸ਼ਾਂ ਨਾਲ ਗਹਿਰੇ ਪ੍ਰਵਚਨ ਕਰਦੇ ਹੋਏ ਇਕੱਤ੍ਰਿਤ ਕੀਤੀਆਂ ਸਨ- ਸੌਂਪ ਦਿੱਤੀਆਂ। ਇਸ ਤਰ੍ਹਾਂ ਕੁਲ 974 ਭਜਨ, ਸ਼ਬਦ, ਗੀਤ- ਜੋ ਭਾਰਤੀ ਕਲਾਸੀਕਲ ਸੰਗੀਤ ਦੇ 19 ਪ੍ਰਮੁੱਖ ਰਾਗਾਂ 'ਚ ਰਚੇ ਗਏ ਹਨ- ਤੇ ਗੁਰੂ ਨਾਨਕ ਦੇਵ ਜੀ ਦੀ ਪ੍ਰਵਾਨਿਤ ਬਾਣੀ ਦੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਜਵੇਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਨ ਕਰਕੇ ਸ਼ਾਮਿਲ ਕੀਤੇ ਗਏ ਹਨ। ਗੁਰੂ ਨਾਨਕ ਜੀ ਦੀ ਬਾਣੀ ਦਾ ਪ੍ਰਮੁੱਖ ਹਿੱਸਾ ਚੌਪਾਈਆਂ ਤੇ ਹੋਰ ਪ੍ਰਚਲਤ ਕਾਵਿਕ ਰੂਪਾਂ 'ਚ ਰਚਿਤ ਹੈ ਜਿਸ ਵਿਚ 'ਸਦਾਚਾਰ, ਦਰਸ਼ਨ ਤੇ ਬ੍ਰਹਮੰਡ ਦੇ ਸੰਪੂਰਣ ਸੰਕਲਪ' ਨਾਲ ਸੰਬੰਧਤ ਵਿਸ਼ੇ ਹਨ।



ਸਵਰਗੀ ਬਾਲ ਆਨੰਦ ਜੀ ਦੀ ਯਾਦ ਵਿਚ ਉਹਨਾਂ ਦਾ ਭੇਜਿਆ ਇਕ ਪੁਰਾਣਾ ਆਰਟੀਕਲ

**ਗੁਰੂ ਜੀ ਨੇ ਸਮਕਾਲੀ ਸਮਾਜ ਦੀਆਂ ਧਾਰਮਿਕ ਤੇ ਸਦਾਚਾਰਕ ਸਮੱਸਿਆਵਾਂ ਦਾ ਨਿਰਪੱਖ ਤੇ ਸਮੁੱਚਾ ਨਿਰੀਖਣ ਕੀਤਾ। ਹਿੰਦੂ ਲੋਕ ਹੌਸਲਾ ਖੋ ਕੇ, ਨਿਰਾਸ਼ਾ 'ਚ ਵਿਰੋਧਾਭਾਸ ਦਾ ਜੀਵਨ ਗੁਜ਼ਾਰ ਰਹੇ ਸਨ। ਗੁਰੂ ਨਾਨਕ ਜੀ ਨੇ ਬੜੇ ਹੀ ਸੰਵੇਦਨਸ਼ੀਲ ਸ਼ਬਦਾਂ 'ਚ ਉਨ੍ਹਾਂ ਨੂੰ ਬੋਲੇੜੇ ਰੀਤੀ-ਰਿਵਾਜਾਂ ਤੇ ਸਮਾਜਿਕ ਕੁਰੀਤੀਆਂ ਵਲੋਂ ਵਰਜਿਆ- 'ਦਇਆ ਕਪਾਹ, ਸੰਤੋਖੁ ਸੂਤ, ਜਤ ਗੰਢੀ ਸਤੁ ਵਟੁ॥ ਏਹ ਜਨੇਊ ਜੀਅ ਕਾ ਹਈ, ਤਾ ਪਾਡੇ ਘਤੁ॥' ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਸਹੀ ਰਸਤੇ 'ਤੇ ਚੱਲਦੇ ਹੋਏ ਨੇਕ ਜੀਵਨ ਬਿਤਾਉਣ ਲਈ ਪ੍ਰੇਰਿਆ, 'ਮੁਸਲਮਾਨ ਕਹਾਣੂ ਮੁਸਕਲ ਹੋਏ ਤਾ ਮੁਸਲਮਾਨ ਕਹਾਵੈ; ਅੱਵਲ ਆਉਲੀ ਦਿਨ ਕਰ ਮਿੱਠਾ ਮੁਸਕਲਮਨ ਮਾਲ ਮੁਸਾਵੇ।'**

ਗੁਰੂ ਨਾਨਕ ਜੀ ਦੀ ਰਚਨਾ, 'ਜਪੁਜੀ- ਪਵਿੱਤਰ ਬੋਲ- 38 ਪਉੜੀਆਂ ਭਾਵ ਸੀੜੀਆਂ' ਜਾਂ 'ਕਾਵਿਕ ਪਦ' ਦਾ ਅਲੰਕਾਰ- ਸਿੱਖ ਪ੍ਰੰਪਰਾ 'ਚ ਸੁਬਹਸਵੇਰੇ ਅੰਮ੍ਰਿਤ ਵੇਲੇ ਸਿਮਰਨ ਕਰਨ ਵਾਲੀ ਪ੍ਰਾਰਥਨਾ ਦੇ ਤੌਰ 'ਤੇ ਸਥਾਪਿਤ ਹੋ ਗਈ ਹੈ। ਜਪੁਜੀ ਪ੍ਰਮਾਤਮਾ ਨੂੰ ਸੰਬੋਧਨ ਨਾਲ ਆਰੰਭ ਹੋ ਕੇ, 'ਉੱਚਤਮ ਸ਼ਕਤੀ- ਸੁਪਰੀਮ ਬੀਇੰਗ' ਦੇ ਸਿਧਾਂਤ ਦਾ ਵਿਸਤਾਰ 'ਚ ਵਰਨਣ ਹੈ ਕਿ ਕਿਵੇਂ 'ਉਹ ਅਦੁੱਤੀ, ਸਰਵਸ਼ਕਤੀਮਾਨ ਤੇ ਅਮਰ ਹੈ; ਸਦਾ ਸਤਯ ਤੇ ਵਾਸਤਵਿਕਤਾ' 'ਤੇ ਆਧਾਰਿਤ ਹੈ। ਪਰਮਾਤਮਾ ਸੰਬੰਧੀ ਗਿਆਨ-ਪ੍ਰਕਾਸ਼ ਗੁਰੂ ਦੀ ਮਿਹਰ ਨਾਲ ਹੀ ਹਾਸਲ ਹੋ ਸਕਦਾ ਹੈ। ਜਪੁਜੀ ਦੀ ਬਾਣੀ ਦਾ ਵਿਸ਼ੇਸ਼ ਆਤਮਿਕ ਮਹੱਤਵ ਸਮਝਦੇ ਹੋਏ, ਪੰਜਵੇਂ ਗੁਰੂ ਅਰਜਨ ਜੀ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਰੰਭਕ ਬਾਣੀ ਦੀ ਪ੍ਰਾਥਮਿਕਤਾ ਦਿੱਤੀ। 'ਇਕ ਓਅੰਕਾਰ' ਈਸ਼ਵਰ ਦੀ 'ਇਕਾਤਮਕ ਏਕਤਾ'- ਮੋਨੋਥੀਇਸਟਿਕ' ਪਰਿਕਲਪਨਾ ਨੂੰ 'ਆਸਾ ਦੀ ਵਾਰ' ਰਾਹੀਂ ਹੋਰ ਵਿਆਖਿਆ ਕੀਤੀ ਗਈ ਹੈ। 'ਵਾਰ ਮਾਝ', 'ਸੋਹਿਲੇ' ਤੇ 'ਸਿੱਧ ਗੋਸਟ' ਦੀਆਂ ਬਾਣੀਆਂ 'ਚ ਵੀ ਲੋਕ ਮਾਨਸਿਕਤਾ ਨੂੰ ਭਰਮ-ਭੁਲੇਖੇ ਤੇ ਸਮਾਜਿਕ ਕੁਰੀਤੀਆਂ ਤੋਂ ਮੁਕਤ ਹੋਣ ਦਾ ਸਪੱਸ਼ਟ ਕਾਵਿ ਸੁਨੇਹਾ ਹੈ।

ਜਦੋਂ ਅਸੀਂ ਉਨ੍ਹਾਂ ਚਾਰ ਕਾਵਿ ਰਚਨਾਵਾਂ, ਜੋ ਰਾਗ ਆਸਾ ਅਤੇ ਤਿਲੰਗ 'ਚ ਉਚਾਰੀਆਂ ਗਈਆਂ ਹਨ ਅਤੇ ਗੁਰੂ ਜੀ ਦੇ ਗਹਿਰੇ ਗੁੱਸੇ ਤੇ ਵਿਦਰੋਹ ਦੇ ਭਾਵ ਪ੍ਰਗਟਾਉਂਦੀਆਂ ਹਨ, ਜਦੋਂ ਬਾਬਰ ਦੀਆਂ ਬੇ-ਰਹਿਮ ਫੌਜਾਂ ਨੇ ਪੰਜਾਬ ਦੇ ਲੋਕਾਂ ਤੇ ਜ਼ੁਲਮ ਢਾਹੇ ਸਨ ਅਤੇ ਇਸਤਰੀਆਂ ਦੇ ਅਪਮਾਨ ਕੀਤੇ ਸਨ। ਇਥੇ ਅਸੀਂ ਇਕ ਐਸੀ ਅਦੁੱਤੀ ਉਦਾਹਰਣ ਦੇ ਰੂਬਰੂ ਹੁੰਦੇ ਹਾਂ ਜਦੋਂ ਕਿ ਇਕ ਭਗਤੀਭਾਵਨਾ ਤੇ ਅਰਚਨਾ ਦੇ ਮਾਰਗ ਤੇ ਚੱਲਣ ਵਾਲੀ ਨੇਕ ਸ਼ਖਸੀਅਤ ਨੇ 'ਪਾਪ ਕੀ ਜੰਞ ਲੈ ਕਾਬਲੋਂ ਧਾਇਆ' ਵਾਲੇ ਜ਼ਾਲਮ ਨੂੰ ਵੰਗਾਰਿਆ ਹੈ। ਜਨਵਰੀ 1524 'ਚ ਲਾਹੌਰ 'ਚ ਕੀਤੇ ਕਤਲੇ-ਆਮ ਤੇ ਤਬਾਹੀ ਦਾ ਫਖ਼ਰ ਨਾਲ ਜ਼ਿਕਰ ਕੀਤਾ ਹੈ, ਅਕਬਰ ਮਹਾਨ ਦੇ ਦਾਦੇ ਨੇ ਆਪਣੇ 'ਬਾਬਰਨਾਮੇ' 'ਚ। ਗੁਰੂ ਨਾਨਕ ਜੀ ਨੇ 'ਬਾਬਰ ਬਾਣੀ ਫਿਰ ਗਈ...' ਦੀਆਂ ਰਚਨਾਵਾਂ ਰਾਹੀ, ਜ਼ੁਲਮੋ-ਤਸ਼ੱਦਦ ਦੀਆਂ ਤਸਵੀਰਾਂ ਪੇਸ਼ ਕਰਦੇ ਹੋਏ 'ਤੈਂ ਕੀ ਦਰਦ ਨਾ ਆਇਆ...?' ਸਿਰਜਨਹਾਰ ਨੂੰ ਵੀ ਉਲ੍ਹਾਂਭਾ ਦਿੱਤਾ ਹੈ ਕਿ ਇਤਨਾ ਕੁਝ ਦੇਖਦੇ ਹੋਏ ਵੀ, ਉਸਨੇ ਇਹ ਸਭ ਕੁਝ ਕਿਉਂ ਵਾਪਰਨ ਦਿੱਤਾ? ਗੁਰੂ ਜੀ ਸਦਾ ਹੀ ਸੱਚੀ ਮੁਕਤੀ ਤੇ ਨੇਕ ਜੀਵਨ ਦੀ ਭਾਲ 'ਚ ਕਦੀ ਵੀ ਨਾ ਥੱਕਣ ਵਾਲੇ ਖੋਜੀ-ਮੁਸਾਫਿਰ ਬਣੇ ਰਹੇ। ਸਮਾਜਿਕ ਨਿਆਇ, ਸਮਾਨਤਾ ਤੇ ਭਾਈਚਾਰੇ ਦੇ ਮਹਾਨ ਅਸੂਲਾਂ ਨੂੰ ਅਮਲ 'ਚ ਲਿਆਉਣ ਵਾਲੇ ਕਾਰਜ ਉਨ੍ਹਾਂ ਦੇ ਆਦਰਸ਼ ਰਹੇ। ਉਹ ਗਰੀਬ ਕਾਰੀਗਰ ਭਾਈ ਲਾਲੋ ਜੀ ਤੇ ਇਸਲਾਮ ਵਰਗੇ ਬਰਾਬਰੀ ਦੇ ਢੋਲ ਪਿੱਟਣ ਵਾਲੇ ਮਜ਼ਹਬ 'ਚ ਵੀ ਨੀਵੇਂ ਗਿਣੇ ਗਏ ਭਾਈ ਮਰਦਾਨਾ ਜੀ ਦੀਆਂ ਸ਼੍ਰੇਣੀਆਂ ਨਾਲ ਮਜ਼ਬੂਤੀ ਨਾਲ ਜੁੜਕੇ ਖੜ੍ਹੇ ਰਹੇ। ਇਸ ਤਰ੍ਹਾਂ ਗੁਰੂ ਜੀ ਨੇ ਭਗਤੀ ਪ੍ਰੰਪਰਾ ਦੀਆਂ ਸੀਮਾਵਾਂ ਤੇ 'ਨਿਰਗੁਣ-ਸਰਗੁਣ' ਸਿਧਾਂਤਾਂ ਦੇ ਵਿਵਾਦਾਂ ਤੋਂ ਉਪਰ ਉਠਕੇ ਉਸ ਸਮੇਂ ਦੇ ਸਮਾਜ ਦੇ ਪਖੰਡਾਂ ਦਾ ਜ਼ਬਰਦਸਤ ਖੰਡਨ ਕੀਤਾ। ਉਨ੍ਹਾਂ ਨੇ ਜਾਤ-ਪਾਤ ਦੇ ਕੋਹੜ-ਗ੍ਰਸਤ ਪੁਰਾਤਨ ਹਿੰਦੂ ਮੱਤ ਤੇ ਨਵੇਂ ਆਏ ਕੱਟੜਪੰਥੀ ਤੇ ਹਿੰਸਾਤਮਕ ਇਸਲਾਮ ਦੇ ਮਾਨਵਤਾ ਤੇ ਮੁਹੱਬਤ ਦੇ ਮਾਰਗ ਤੋਂ ਭਟਕ ਜਾਣ ਨੂੰ ਖੁੱਲ੍ਹ ਕੇ ਉਜਾਗਰ ਕੀਤਾ। 'ਜਿਹੋ ਡਿੱਠਾ, ਤਿਹੋ ਕਿਹਾ'। ਗੁਰੂ ਅਰਜਨ ਦੇਵ ਜੀ ਲਈ ਅਖੌਤੀ ਨਿਮਨ ਵਰਗ ਦੇ ਮਹਾਂ-ਪੁਰਸ਼ਾਂ- ਜਿਨ੍ਹਾਂ 'ਚ ਕਬੀਰ, ਰਵੀਦਾਸ, ਨਾਮਾ, ਸਦਨਾ, ਸੈਨ ਆਦਿ ਪ੍ਰਮੁੱਖ ਹਨ- ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ਼ਾਮਲ ਕਰਕੇ ਮਾਣ ਬਖਸ਼ਣ ਦਾ ਮੁੱਢਲਾ ਹੌਸਲਾ ਤੇ ਪ੍ਰੇਰਣਾ ਗੁਰੂ ਨਾਨਕ ਜੀ ਦੀਆਂ ਪ੍ਰਕਾਸ਼ਮਈ ਸਿੱਖਿਆਵਾਂ ਤੋਂ ਹੀ ਮਿਲਿਆ ਸੀ। ਵਾਸਤਵ 'ਚ ਗ੍ਰੰਥ ਸਾਹਿਬ ਜੀ ਦੀ ਸਾਂਝੀਵਾਲਤਾ ਤੇ ਮਾਨ-ਵਤਾ ਦਾ ਆਤਮਿਕ ਪਿਛੋਕੜ ਤੇ ਦ੍ਰਿੜ੍ਹਤਾ ਨਾਲ ਭਰਪੂਰ ਵਿਸ਼ਵਾਸ ਦਾ ਵਿਰਸਾ ਗੁਰੂ ਨਾਨਕ ਜੀ ਵਲੋਂ ਹੀ ਸਥਾਪਿਤ ਕੀਤਾ ਗਿਆ ਸੀ।

ਗੁਰੂ ਜੀ ਨੇ ਸਮਕਾਲੀ ਸਮਾਜ ਦੀਆਂ ਧਾਰਮਿਕ ਤੇ ਸਦਾਚਾਰਕ ਸਮੱਸਿਆਵਾਂ ਦਾ ਨਿਰਪੱਖ ਤੇ ਸਮੁੱਚਾ ਨਿਰੀਖਣ ਕੀਤਾ। ਹਿੰਦੂ ਲੋਕ ਹੌਸਲਾ ਖੋ ਕੇ, ਨਿਰਾਸ਼ਾ 'ਚ ਵਿਰੋਧਾਭਾਸ ਦਾ ਜੀਵਨ ਗੁਜ਼ਾਰ ਰਹੇ ਸਨ। ਗੁਰੂ ਨਾਨਕ ਜੀ ਨੇ ਬੜੇ ਹੀ ਸੰਵੇਦਨਸ਼ੀਲ ਸ਼ਬਦਾਂ 'ਚ ਉਨ੍ਹਾਂ ਨੂੰ ਬੋਲੇੜੇ ਰੀਤੀ-ਰਿਵਾਜਾਂ ਤੇ ਸਮਾਜਿਕ ਕੁਰੀਤੀਆਂ ਵਲੋਂ ਵਰਜਿਆ- 'ਦਇਆ ਕਪਾਹ, ਸੰਤੋਖੁ ਸੂਤ, ਜਤ ਗੰਢੀ ਸਤੁ ਵਟੁ॥ ਏਹ ਜਨੇਊ ਜੀਅ ਕਾ ਹਈ, ਤਾ ਪਾਡੇ ਘਤੁ॥' ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਸਹੀ ਰਸਤੇ 'ਤੇ ਚੱਲਦੇ ਹੋਏ ਨੇਕ ਜੀਵਨ ਬਿਤਾਉਣ ਲਈ ਪ੍ਰੇਰਿਆ, 'ਮੁਸਲਮਾਨ ਕਹਾਣੂ ਮੁਸਕਲ ਹੋਏ ਤਾ ਮੁਸਲਮਾਨ ਕਹਾਵੈ; ਅੱਵਲ ਆਉਲੀ ਦਿਨ ਕਰ ਮਿੱਠਾ ਮੁਸਕਲਮਨ ਮਾਲ ਮੁਸਾਵੇ।'

ਗੁਰੂ ਜੀ ਨੇ ਉਸ ਸਮੇਂ ਦੇ ਸਮਾਜ ਨੂੰ ਇਸਤਰੀ ਦੇ ਸਮਾਜਕ ਜੀਵਨ 'ਚ ਤੇ ਮਹਾਨ ਕਰਤਾਰੀ ਕਿਰਦਾਰ ਤੋਂ ਜਾਣੂ ਕਰਾਉਂਦੇ ਹੋਏ ਕੁਦਰਤ ਦੇ ਨਿਯਮਾਂ ਅਨੁਸਾਰ ਪੂਰੀ ਜੁਮੇਵਾਰੀ ਵਾਲੇ ਗ੍ਰਹਿਸਥ ਜੀਵਨ ਦੇ ਮਾਰਗ ਨੂੰ ਹੀ ਉੱਚਤਮ ਤੇ ਨੇਕੀ ਭਰਪੂਰ ਕਰਾਰ ਦਿੱਤਾ। ਉਨ੍ਹਾਂ ਨੇ ਵਿਗਾੜੇ ਗਏ ਤੇ ਉਸ ਇਸਲਾਮੀ-ਦ੍ਰਿਸ਼ਟੀਕੋਣ ਦੀ ਕੜੀ ਆਲੋਚਨਾ ਕੀਤੀ ਜਿਸ ਅਨੁਸਾਰ ਔਰਤ ਨੂੰ ਗੁਲਾਮ ਜਾਂ ਪਸ਼ੂ ਬਿਰਤੀ ਦੀ ਕੇਵਲ ਕਾਮੁਕ ਭੁੱਖ ਦੀ ਵਸਤੂ ਹੀ ਸਮਝ ਲਿਆ ਗਿਆ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਤੀ ਤੇ ਪਤਨੀ ਕੁਦਰਤ ਨੇ ਸਮਾਨਤਾ ਦੇ ਸਬੰਧਾਂ 'ਚ ਸਿਰਜੇ ਹਨ ਅਤੇ ਵਫਾਦਾਰੀ ਦੋਵਾਂ ਲਈ ਸਦਾਚਾਰਕ ਨਿਯਮ ਤੇ ਧਰਮ-ਕਰਮ ਹੈ। ਗ੍ਰਹਿਸਥ ਆਸ਼ਰਮ 'ਚ ਆਨੰਦ ਤੇ ਸ਼ਾਦੀ ਦਾ ਰੂਪਕ ਅਲੰਕਾਰ ਦੈਵੀ ਪ੍ਰਕ੍ਰਿਆ ਦੀ ਸੰਪੂਰਣਤਾ ਹੈ। ਉਨ੍ਹਾਂ ਨੇ 'ਸੂਤਕ' ਸਮੇਂ ਨਾਲ ਅਪਵਿੱਤਰਤਾ ਨੂੰ ਭਰਮ-ਜਾਲ ਕਹਿਕੇ ਨਕਾਰਿਆ ਤੇ ਸਮਝਾਇਆ, 'ਮਨ ਦੀ ਮੈਲ. ਲਾਲਸਾ ਹੈ ਤੇ ਜੁਬਾਨ ਦੀ ਬੁਰਾਈ, ਝੂਠ ਹੈ; ਦੂਸਰਿਆਂ ਦੀ ਬੁਰਾਈ ਸੁਣਨਾ ਨਿੰਦਣਯੋਗ ਹੈ; ਕਿਸੇ ਦੀ ਪਤਨੀ ਦੀ ਸੁੰਦਰਤਾ ਤੇ ਦੌਲਤ ਤੇ ਬੁਰੀ ਨਜ਼ਰ ਰੱਖਣਾ ਚਿੱਤ ਦੀ ਖੋਟ ਹੈ।' ਇਸਤਰੀ ਦੇ ਸ੍ਰਿਸ਼ਟੀ 'ਚ ਆਧਾਰ-ਭੂਤ ਕਿਰਦਾਰ ਦੀ ਗੱਲ ਕਰਦੇ ਹੋਏ, ਗੁਰੂ ਜੀ ਕਹਿੰਦੇ ਹਨ, 'ਇਨਸਾਨ ਇਸਤਰੀ ਦੇ ਗਰਭ ਰਾਹੀਂ ਹੀ ਹੋਂਦ 'ਚ ਆਉਂਦਾ ਹੈ; ਉਸਦੇ ਨਾਲ ਸੰਬੰਧਾਂ ਰਾਹੀਂ ਸ਼ਾਦੀ ਕਰਦਾ ਹੈ ਤੇ ਨਸਲ ਨੂੰ ਅੱਗੇ ਤੋਰਦਾ ਹੈ- 'ਸੋ ਕਿਉ ਮੰਦਾ ਆਖੀਐ, ਜਿਤ ਜੰਮੇ ਰਾਜਾਨ।' ਗੁਰੂ ਜੀ ਸਤੀਪ੍ਰਥਾ ਨੂੰ ਨਕਾਰਦੇ ਹੋਏ ਕਹਿੰਦੇ ਹਨ, 'ਵਿਛੜੇ ਪ੍ਰੀਤਮ ਦੀ ਯਾਦ 'ਚ ਨੇਕੀ ਦਾ ਜੀਵਨ ਜਿਉਣਾ ਗੈਰ-ਕੁਦਰਤੀ, ਫੌਰੀ ਮ੍ਰਿਤੂ ਨਾਲੋਂ ਜੀਵਨ ਦੇ ਅੰਤ ਕਰਨ ਤੋਂ ਕਿਤੇ ਚੰਗਾ ਮਾਰਗ ਹੈ।'

ਪਿਆਰੇ ਸਰੋਤੇ ਮਿੱਤਰੋ, ਭਾਰਤ ਦੇ ਸਮੁੱਚੇ ਪ੍ਰਸੰਗ 'ਚ ਸਭ ਸਮਾਜ-ਸੁਧਾਰਕ ਤੇ ਰੂਹਾਨੀ ਅੰਦੋਲਨਾ ਦਾ ਅੰਤਿਮ ਮੁਲਾਂਕਣ ਅਤੇ ਸਭ ਮਹਾਨ ਸ਼ਖਸੀਅਤਾਂ ਦੀ ਵਾਸਤਵਿਕ ਪਰਖ ਉਨ੍ਹਾਂ ਦੇ ਮਾਨਵਤਾ ਦੇ ਭਾਈਚਾਰੇ ਤੇ ਸਮਾਨਤਾ ਦੀ ਕਸਵੱਟੀ ਤੇ ਹੀ ਹੋ ਸਕਦੇ ਹਨ। ਭਾਰਤ ਦੇ ਅਨੇਕ ਅਖੌਤੀ ਦੈਵੀ ਗ੍ਰੰਥਾਂ ਤੇ ਝੂਠੇ ਪੁਰਾਤਨ ਹਵਾਲਿਆਂ ਤੇ ਆਧਾਰਿਤ ਪ੍ਰੰਪਰਾਵਾਂ ਨੇ ਲੋਕਾਂ ਨੂੰ ਊਚ-ਨੀਚਤਾ ਦੇ ਘ੍ਰਿਣਾਤਮਕ ਵਖਰੇਵਿਆਂ 'ਚ ਵੰਡਕੇ ਜਿਵੇਂ ਦੇਸ ਦੇ ਮਹਾਨ ਵਿਰਸੇ ਦੀਆਂ ਹੋਰ ਸਭ ਨੇਕ ਪ੍ਰਾਪਤੀਆਂ ਨੂੰ ਸ਼ੂਨਯ-ਜ਼ੀਰੋ ਨਾਲ ਗੁਣਾ ਕਰਕੇ ਸ਼ੂਨਯ-ਜ਼ੀਰੋ ਹੀ ਬਣਾ ਰੱਖਿਆ ਹੋਇਆ ਹੈ। ਗੁਰੂ ਨਾਨਕ ਜੀ ਵਲੋਂ ਦੂਰ-ਨੇੜੇ ਦੀਆਂ ਅਨੇਕ ਯਾਤਰਾਵਾਂ ਕਰਕੇ ਤੇ ਸਭ ਵਿਚਾਰ-ਧਾਰਾਵਾਂ ਦੇ ਚਿੰਤਕਾਂ-ਵਿਦਵਾਨਾਂ ਤੇ ਸਰਵ-ਸਾਧਾਰਣ ਨੇਕ ਰੂਹਾਂ ਨਾਲ ਗਹਿਰੇ ਸੰਵਾਦਾਂ ਰਾਹੀਂ ਸਹੀ ਮਾਰਗ ਦੀ ਤਲਾਸ਼ ਕਰਨਾ, ਸ਼ਾਇਦ, ਸੰਸਾਰ 'ਚ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ 'ਜਾਤੀ-ਪ੍ਰਥਾ-ਵਰਣ-ਆਸ਼ਰਮ' ਤੇ ਇਸ ਨਾਲ ਜੁੜੇ ਸਭ ਹਿੰਦੂ ਸੰਸਕਾਰਾਂ ਦੀ ਜਬਰਦਸਤ ਨਿਖੇਧੀ ਕੀਤੀ ਅਤੇ ਕੋਝੀ ਮਤਲਬ-ਪ੍ਰਸਤੀ ਦੇ ਸਭ ਸਮਾਜਿਕ ਭੇਦਭਾਵਾਂ ਨੂੰ ਸਖਤ ਸ਼ਬਦਾਂ 'ਚ ਨਕਾਰਿਆ। ਸ੍ਰੀ ਗੁਰੂ ਨਾਨਕ ਜੀ ਦੇ ਰੁਸ਼ਨਾਏ ਰਸਤੇ ਤੇ ਤੁਰਦੇ ਹੋਏ, ਪੰਜਵੇਂ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਿਤ ਗ੍ਰੰਥ ਸਾਹਿਬ ਨਿਸ਼ਚੇ ਹੀ ਸੰਸਾਰ ਦੀਆਂ ਆਤਮਿਕ ਪ੍ਰੰਪਰਾਵਾਂ ਦੇ ਇਤਿਹਾਸ ਦਾ ਇਕ ਅਦੁੱਤੀ ਤੇ ਮਹਾਨ ਮੀਲ ਪੱਥਰ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਜੀ ਨੂੰ ਅਸਲ ਅਰਥਾਂ 'ਚ ਸੱਚੀ ਸ਼ਰਧਾਂਜਲੀ ਆਪਣੇ ਦਿਲ ਦਿਮਾਗ ਤੇ ਰੂਹ 'ਚੋਂ 'ਜਾਤੀ ਅਭਿਮਾਨ' ਦੇ ਸਭ ਸਰੂਪਾਂ ਨੂੰ ਮੁਕੰਮਲ ਤੌਰ 'ਤੇ ਖਾਰਜ ਕਰਨਾ ਹੈ। ਵਾਸਤਵ 'ਚ, ਸਿੱਖ ਮੱਤ ਦਾ ਉਦੈ ਹੋਇਆਂ ਹੀ 'ਸੰਗਤ ਤੇ ਪੰਗਤ' ਦੇ ਸਮਾਨਤਾ ਦੇ ਆਧਾਰ ਤੋਂ ਹੋਇਆ ਹੈ। ਗੁਰੂ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੇ ਸਾਨੂੰ ਸਭਨਾਂ ਨੂੰ ਉਨ੍ਹਾਂ ਦੇ ਪ੍ਰਿਥਵੀ ਤੇ ਸੱਤਰ ਸਾਲ ਪੰਜ ਮਹੀਨੇ ਤੇ ਸੱਤ ਦਿਨਾਂ ਦੇ ਜੀਵਨ ਦੇ ਹਰ ਪਲ ਤੋਂ ਅਤੇ 974 ਕਾਵਿ-ਭਜਨਾਂ ਤੋਂ ਆਪਣੇ ਜੀਵਨ ਨੂੰ ਪ੍ਰਕਾਸ਼ਮਈ ਬਣਾਉਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਗੁਰੂ ਜੀ ਆਪਣੀਆਂ ਰਚਨਾਵਾਂ 'ਚ ਅਕਸਰ 'ਨਾਨਕ ਸਾਇਰ ਇਵ ਕਹਿਆ...' ਦਾ ਪ੍ਰਯੋਗ ਕਰਦੇ ਹੋਏ ਆਪਣੇ ਆਪ ਨੂੰ 'ਮਹਾਨ ਮਹਾਸ਼ਕਤੀ' ਦਾ ਗਵੱਈਆ ਕਹਿੰਦੇ ਹਨ। ਗੁਰੂ ਜੀ 'ਮੇਲ-ਮਿਲਾਪ' ਦੇ ਮਸੀਹਾ ਸਨ ਤੇ ਅੱਜ ਦੇ ਭਾਰਤ ਲਈ ਬਹੁ-ਵਿਸ਼ਵਾਸਮੁਖੀ ਤੇ ਵਿਭਿੰਨਤਾਵਾਂ ਦੀ ਵਡਿਆਈ ਵਾਲੇ ਸਮਾਜਿਕ ਨਿਆਏ ਆਧਾਰਿਤ ਰਾਜ ਦੇ ਸੰਕਲਪ ਦੇ ਰਾਹ ਦਸੇਰੇ ਵੀ। ਇਹ ਸ਼ੁਭ ਸੰਜੋਗ ਹੀ ਸੀ ਕਿ ਡਾ. ਭੀਮ ਰਾਓ ਅੰਬੇਦਕਰ ਜੀ ਸਿੱਖ ਮੱਤ ਦੇ ਦਰਸ਼ਨ ਤੇ ਜੀਵਨ ਵਿਵਹਾਰ ਦੇ ਵੱਡੇ ਪ੍ਰਸ਼ੰਸਕ ਸਨ ਅਤੇ ਇਸ ਵਿਚ ਦੱਬੇ-ਕੁਚਲੇ ਲੋਕਾਂ ਲਈ ਬਰਾਬਰੀ ਤੇ ਨਿਆਏ ਦੇ ਸਿਧਾਂਤਾਂ ਦਾ ਪ੍ਰੇਰਣਾਸਰੋਤ ਲੱਭਦੇ ਸਨ। ਗੁਰੂ ਨਾਨਕ ਜੀ ਦੀ ਨਾਮ ਲੇਵਾ ਸਭ ਸੰਗਤ ਨੂੰ ਅੱਜ 'ਆਤਮ-ਮੰਥਨ' ਦੀ ਅਵਸ਼ੱਕਤਾ ਹੈ ਕਿ ਕਿਵੇਂ ਪ੍ਰੀਸ਼ਰਮ, ਸ਼ਰਧਾਭਾਵ, ਨਿਰਮਲ ਜੀਵਨ-ਜਾਚ ਤੇ ਦੂਜਿਆਂ ਲਈ ਆਪਾ-ਵਾਰਨ ਦੇ ਗੁਣਾਂ ਨੂੰ ਅਮਲੀ ਜੀਵਨ 'ਚ ਅੰਗ-ਸੰਗ ਬਣਾਇਆ ਜਾ ਸਕੇ।

ਇਸ ਭਾਸ਼ਣ ਪ੍ਰਸਤੁਤੀ ਨੂੰ, ਮੁਆਫ਼ ਕਰਨਾ, ਮੈਂ ਕੁਝ ਨਿੱਜੀ ਹਵਾਲਿਆਂ ਨਾਲ ਪੂਰਾ ਕਰਨਾ ਚਾਹਾਂਗਾ। ਯਾਦ ਆਉਂਦਾ ਹੈ ਕਿ ਕਿਵੇਂ ਹੋਸ਼ ਸੰਭਾਲਦਿਆਂ ਹੀ ਪਵਿੱਤਰ ਗੁਰਪੁਰਬ 'ਕੱਤਕ ਦੀ ਪੂਰਨਮਾਸ਼ੀ, ਮੇਲਾ ਨਨਕਾਣੇ ਦਾ' ਚੇਤਨਤਾ 'ਚ ਇਕ ਮਧੁਰ ਉਤਸਵ ਦੇ ਤੌਰ 'ਤੇ ਦਰਜ ਹੋ ਗਿਆ ਸੀ। ਇਹ ਉਤਸਵ ਜੋ ਦੀਵਾਲੀ ਦੀ ਮੱਸਿਆ ਦੀ ਰਾਤ ਤੋਂ ਠੀਕ ਦੋ ਸਪਤਾਹ ਬਾਅਦ, ਪੂਰੇ ਖਿੜੇ ਚੰਦਰਮਾ ਦੀ ਚੌਦਵੀਂ ਰਾਤ ਨੂੰ, ਮਨਾਇਆ ਜਾਂਦਾ ਹੈ। ਇਹ ਕੋਈ ਦੂਰ ਭੂਤਕਾਲ ਦੀ ਮਿਥਿਹਾਸਕ ਘਟਨਾ ਬਾਰੇ ਨਹੀਂ ਸੀ, ਬਲਕਿ ਇਕ ਮਹਾਨ ਨੇਕ ਰੂਹ, ਮਹਾਂਪੁਰਸ਼ ਦੇ ਆਗਮਨ ਦਾ ਸੰਦੇਸ਼ ਲੈ ਕੇ ਆਉਂਦਾ ਸੀ ਜੋ ਕਿਸੇ ਵੱਡੇ ਅਮੀਰ ਖਾਨਦਾਨ; ਉੱਚੀ ਕੁੱਲ ਜਾਂ ਰਾਜ-ਘਰਾਣੇ ਦੀ ਪ੍ਰਤਿਨਿਧਤਾ ਨਹੀਂ ਸੀ ਕਰਦਾ। ਮੇਰੇ ਪਰਮ ਸਤਿਕਾਰਯੋਗ ਦਾਦੀ ਜੀ ਨੇ, ਜੋ ਹਮੇਸ਼ਾ ਹੀ ਭਜਨ ਬੰਦਗੀ ਦੇ ਬੋਲਾਂ ਨਾਲ ਜੁੜੇ ਰਹਿੰਦੇ ਸੀ, ਮੇਰੇ ਹੱਥਾਂ 'ਚ ਬੜੇ ਪਿਆਰ ਨਾਲ ਗੁਟਕਾ ਪਕੜਾ ਦਿੱਤਾ ਸੀ- ਜਿਉਂ ਹੀ ਮੈਂ ਗੁਰਮੁਖੀ ਦੇ ਅੱਖਰ 'ਉਠਾਉਣ'-ਪੜ੍ਹਨ ਦੇ ਯੋਗ ਹੋਇਆ ਸੀ। ਇਸ ਤਰ੍ਹਾਂ 'ਜਪੁਜੀ', 'ਰਹਿਰਾਸ', 'ਕੀਰਤਨ ਸੋਹਿਲਾ', 'ਆਨੰਦ' ਆਦਿ ਮੇਰੀ ਸੋਝੀ ਦਾ ਜਿਵੇਂ ਵਾਸਤਵਿਕ ਸੋਝੀ ਤੋਂ ਪਹਿਲਾਂ ਹੀ ਪਵਿੱਤਰ ਅੰਗ ਬਣ ਗਏ ਸਨ। ਮਈ 1951 'ਚ ਜਦੋਂ ਮੇਰੇ ਪਰਿਵਾਰ ਨੇ ਪਿੰਡ ਤੋਂ ਨੇੜੇ ਦੇ ਨਵੇਂ ਵਸੇ ਨਗਰ ਅਹਿਮਦਗੜ੍ਹ 'ਚ ਨਿਵਾਸ ਸਥਾਪਤ ਕੀਤਾ ਤਾਂ ਪਹਿਲੀ ਗੱਲ ਜਿਸਨੇ ਮੇਰੇ ਮਨ ਤੇ ਅਸਰ ਕੀਤਾ ਸੀ, ਉਹ ਸੀ ਰੇਲਵੇ ਰੋਡ ਤੇ ਬਣੇ ਨਵੇਂ ਗੁਰਦਵਾਰਾ ਸਾਹਿਬ ਦੀ ਸਾਹਮਣੇ ਵਾਲੀ ਬਾਹਰੀ ਸੜਕ ਵੱਲ ਪਸ਼ੂਆਂ ਦੇ ਪਾਣੀ ਲਈ ਬਣੀ ਵੱਡੀ ਖੇਲ਼ ਦੀ ਛੋਟੀ-ਲੰਬੀ ਦੀਵਾਰ ਦੇ ਵਿਚਕਾਰ ਸੰਗੇ-ਮਰਮਰ ਦਾ ਪੱਥਰ ਜਿਸ ਤੇ ਲਿਖਿਆ ਸੀ, ਉਪੰਜ ਸੌ ਰੁਪਏ ਸੇਵਾ ਕਰਾਈ, ਨਵਾਬ ਇਫ਼ਤਖਾਰ ਅਲੀ ਖਾਨ ਸਾਹਿਬ ਆਫ ਮਾਲੇਰਕੋਟਲਾ"। ਮੈਂ ਉਦੋਂ ਹੀ ਸਮਝ ਗਿਆ ਕਿ ਬਾਬਾ ਗੁਰੂ ਨਾਨਕ ਵਾਸਤਵ 'ਚ ਸਰਵ-ਸਾਂਝਾ ਹੈ ਤੇ ਬੱਚਿਆਂ ਦੀਆਂ ਖੇਡਾਂ ਦਾ ਵੀ ਉਨ੍ਹਾਂ ਦੇ ਨਾਂ ਨਾਲ ਸਬੰਧ ਹੈ, ਉਅੰਬਾਂ ਵਾਲੀ ਕੋਠਰੀ, ਅਨਾਰਾਂ ਵਾਲਾ ਵਿਹੜਾ; ਬਾਬੇ ਨਾਨਕ ਦਾ ਘਰ ਕਿਹੜਾ?" ਮੇਰੀ ਉਮਰ ਵਾਲਿਆਂ ਦੀ ਗਹਿਰੀ ਸੰਵੇਦਨਾ ਗੁਰੂ ਜੀ ਦੇ 500ਵੇਂ ਪ੍ਰਕਾਸ਼ ਉਤਸਵ ਨਾਲ ਜੁੜੀ ਹੋਈ ਹੈ। ਵੈਸੇ ਫਿਲਮ 'ਨਾਨਕ ਨਾਮ ਜਹਾਜ਼' ਦੀ ਭਰਪੂਰ ਕਾਮਯਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਵੀ ਫੌਰਨ ਮੇਰੇ ਮਨ 'ਚ ਆਉਂਦੀਆਂ ਹਨ।

ਸਤਿਕਾਰਯੋਗ ਮਿੱਤਰੋ, ਗੁਰੂ ਨਾਨਕ ਜੀ ਦੇ ਜਨਮ ਦੇ ਅਰਧ-ਸਹਿੰਸਰਸਦੀ ਤੇ ਅਰਧ-ਸ਼ਤਾਬਦੀ ਦੇ ਕਾਲ ਖੰਡ ਬਾਅਦ, ਜਦੋਂ ਆਪਾਂ ਆਪਣੇ ਦੇਸ ਤੇ ਸੰਸਾਰ ਵੱਲ ਇਕ ਉਕਾਬੀ ਝਾਤ ਮਾਰਦੇ ਹਾਂ, ਤਾਂ ਅਸੀਂ ਅਸਲੋਂ ਹੀ ਹੈਰਾਨ ਕਰ ਦੇਣ ਵਾਲੀਆਂ ਟੈਕਨੋਲੌਜੀਕਲ, ਸਮਾਜਕ ਤੇ ਮਨੋਵਿਗਿਆਨਕ ਤਬਦੀਲੀਆਂ ਦੇ ਸਨਮੁੱਖ ਹੋ ਕੇ ਜਿਵੇਂ ਸਾਡੀ ਸੁੱਧ-ਬੁੱਧ ਹੀ ਚਕਰਾ ਜਾਂਦੀ ਹੈ। ਮਾਨਵਤਾ ਨਿੱਤ ਨਵੀਆਂ ਚੁਨੌਤੀਆਂ ਤੇ ਗੌਰਵਪੂਰਣ ਪ੍ਰਾਪਤੀ ਵੱਲ ਲਗਾਤਾਰ ਵਧ ਰਹੀ ਹੈ ਅਨੇਕ ਐਸੇ ਮੁਕਾਮ ਵੀ ਨਜ਼ਰ ਆਉਣ ਲੱਗੇ ਹਨ ਜਿਨ੍ਹਾਂ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਮੇਰੀ ਤਕਦੀਰ 'ਚ ਦੇਸ ਦੀ ਸੇਵਾ ਕਰਦੇ ਹੋਏ ਦੁਨੀਆ ਦਾ ਭ੍ਰਮਣ ਕਰਨਾ ਹੋਵੇਗਾ। ਇਸ ਵਿਚ 777 ਦਿਨ ਦੀ ਉਸ ਸਰ-ਜ਼ਮੀਨ ਤੇ ਸੇਵਾ-ਤਪੱਸਿਆ ਵੀ ਹੋਵੇਗੀ, ਜਿਸਨੂੰ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ; ਜਿੱਥੇ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ 26 ਹੋਰ ਗੁਰੂ ਨਾਨਕ ਧਾਮ ਸਥਿਤ ਹਨ ਤੇ ਇਨ੍ਹਾਂ ਤੋਂ ਇਲਾਵਾ ਗੁਰੂ ਰਾਮ ਦਾਸ ਜੀ ਦਾ ਜਨਮ ਸਥਾਨ; ਅੱਠ ਅਸਥਾਨ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਅਤੇ 12 ਗੁਰੂ ਹਰਗੋਬਿੰਦ ਜੀ ਨਾਲ ਜੁੜੇ ਪਵਿੱਤਰ ਧਾਮਾਂ ਦਾ ਜ਼ਿਕਰ ਵੀ ਪਾਕਿਸਤਾਨ ਸਰਕਾਰ ਵਲੋਂ 1962 'ਚ ਪ੍ਰਕਾਸ਼ਿਤ ਦਸਤਾਵੇਜ਼ 'ਚ ਦਰਜ ਹੈ।

ਮੈਂ ਤੇ ਮੇਰੀ ਪਤਨੀ ਆਰਾਧਨਾ 12 ਮਾਰਚ 2012 ਨੂੰ ਡੇਰਾ ਬਾਬਾ ਨਾਨਕ ਦੇ ਨਗਰ 'ਚ ਘੁੰਮ-ਫਿਰ ਕੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕੇ। ਗੁਰੂ ਜੀ ਦੀ ਮਿਹਰ ਨਾਲ ਅਸੀਂ ਉਹ ਘਰ ਲੱਭਣ 'ਚ ਵੀ ਸਫਲ ਹੋਏ ਜਿਥੇ ਮੇਰੀ ਪਤਨੀ ਪੈਦਾ ਹੋਈ ਸੀ- ਸੱਤਰ ਵਰ੍ਹੇ ਪਹਿਲਾਂ! ਜਦੋਂ ਅਸੀਂ 'ਦੂਰਬੀਨ' ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰ ਰਹੇ ਸੀ ਤਾਂ ਅਸੀਂ ਇਹ ਬਿਲਕੁਲ ਨਹੀਂ ਸੀ ਸੋਚ ਸਕੇ ਕਿ ਸਿੱਖ ਪੰਥ ਦਾ ਚਿਰੋਕਾ ਇਤਿਹਾਸਕ ਸੁਪਨਾ 'ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ' ਏਨੀ ਛੇਤੀ ਸਾਕਾਰ ਹੋ ਜਾਣ ਵਾਲਾ ਹੈ!

# ਮਲਿਕ ਭਾਗੋਆਂ ਅਤੇ ਪੁਜਾਰੀਆਂ ਵੱਲੋਂ ਹਥਿਆਇਆ ਕਿਰਤੀਆਂ ਅਤੇ ਨੀਵਿਆਂ ਦਾ 'ਬਾਬਾ ਨਾਨਕ'



ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ
ਕੈਸੀ ਆਰਤੀ ਹੋਇ
ਭਵ ਖੰਡਨਾ ਤੇਰੀ ਆਰਤੀ
ਅਨਹਤਾ ਸ਼ਬਦ ਵਾਜੰਤ ਭੇਰੀ।

ਬਾਬਾ ਨਾਨਕ ਜਿਸਨੇ ਪੁਜਾਰੀਵਾਦੀ ਪ੍ਰੰਪਰਾ ਦੀ ਅੰਧ ਵਿਸ਼ਵਾਸੀ ਬਿਸਾਤ 'ਤੇ ਤਰਕ ਦਰ ਤਰਕ ਚੋਟ ਕਰਕੇ ਭਾਰਤੀ ਉਪਮਹਾਂਦੀਪ ਵਿੱਚ ਪਸਰੇ ਕਰਮਕਾਂਡੀ ਦੰਭ ਨੂੰ ਤਾਰ ਤਾਰ ਕਰ ਦਿੱਤਾ ਸੀ।

ਆਪਣੀ ਭਰ ਜਵਾਨੀ ਤੋਂ ਅੱਧਖੜ੍ਹ ਉਮਰ ਤੱਕ ਦੇ 24 ਵਰ੍ਹੇ ਪੂਰਬ ਤੋਂ ਸ਼ੁਰੂ ਕਰਕੇ ਦੱਖਣ, ਉੱਤਰ ਅਤੇ ਫਿਰ ਪੱਛਮ ਵੱਲ ਕੀਤੀਆਂ ਚਾਰ ਉਦਾਸੀਆਂ ਦੇ ਲੇਖੇ ਲਗਾਏ ਅਤੇ 28 ਹਜ਼ਾਰ ਮੀਲ ਦਾ ਸਫ਼ਰ ਕੀਤਾ। ਮਲਿਕ ਭਾਗੋ ਨੂੰ ਨਕਾਰ ਕੇ ਭਾਈ ਲਾਲੋ ਨੂੰ ਗਲ਼ ਨਾਲ ਲਾਇਆ। ਹਰਿਦੁਆਰ ਵਿਖੇ ਸਦੀਆਂ ਪੁਰਾਣੀ ਪ੍ਰੰਪਰਾ ਤੋਂ ਉਲਟ ਪੱਛਮ ਵੱਲ ਪਾਣੀ ਝੱਟ ਕੇ ਤਰਕ ਨੂੰ ਸੱਚ ਦਾ ਅਧਾਰ ਬਣਾਇਆ। ਕਦੇ ਸਿੱਧਾਂ ਨਾਲ ਗੋਸ਼ਟਿ ਰਚਾਈ ਅਤੇ ਕਦੇ ਮੱਧ ਪ੍ਰਦੇਸ਼ ਦੇ ਪੁਜਾਰੀਆਂ ਨਾਲ।

ਪੱਛਮ ਵੱਲ ਚੌਥੀ ਉਦਾਸੀ ਵੇਲੇ ਮੱਕੇ ਪਹੁੰਚ ਕੇ ਕਾਅਬੇ ਵੱਲ ਪੈਰ ਕਰਕੇ ਅੱਲ੍ਹਾ ਦੇ ਚਾਰੇ ਦਿਸ਼ਾਵਾਂ ਵਿੱਚ ਪਸਾਰੇ ਨੂੰ ਸਹਿਜਤਾ ਨਾਲ ਸਮਝਾਇਆ। ਫਿਰ 1519 ਵਿੱਚ ਮੱਕੇ/ਮਦੀਨੇ ਤੋਂ ਬਗ਼ਦਾਦ, ਕਰਬਲਾ, ਤਹਿਰਾਨ, ਬੁਖਾਰਾ, ਤੁਰਕੀ, ਅਜ਼ਰਬਾਈ-ਜਾਨ ਅਤੇ ਅਫਰੀਕਾ ਹੁੰਦੇ ਹੋਏ ਬਾਬਾ ਨਾਨਕ ਅਤੇ ਮਰਦਾਨਾ ਮਾਰਚ/ਅਪ੍ਰੈਲ 1520 ਵਿੱਚ ਰੋਮ ਦੇ ਵੈਟੀਕਨ ਸਿਟੀ ਵਿੱਚ ਪਹੁੰਚੇ ਜਿੱਥੇ ਉਹਨਾ ਨੇ ਪੋਪ (ਏ-ਣ) ਅਤੇ ਓਟੋਮਨ ਸਲਤਨਤ ਦੇ ਸੁਲਤਾਨ ਚਾਰਲਸ ਪੰਜਵੇਂ ਨਾਲ ਮੁਲਾਕਾਤ ਕੀਤੀ, ਜਿਸ ਬਾਰੇ ਆਲੇ ਦੁਆਲੇ ਖ਼ੂਬ ਚਰਚਾ ਹੋਈ। ਇਸ ਉਪਰੰਤ 1520 ਵਿੱਚ ਹੀ ਮਿਸਰ ਅਤੇ ਏਥਨਜ਼ ਤੋਂ ਵਾਪਸ ਆ ਰਿਹਾ ਮਹਾਨ ਤਾਰਾ ਵਿਗਿਆਨੀ ਨਿਕੋਲਸ ਕਾਪਰਨਿਕਸ ਦੀ ਬਾਬੇ ਨਾਨਕ ਨਾਲ ਰੋਮ ਵਿਖੇ ਮੁਲਾਕਾਤ ਹੋਈ, ਜਿਸ ਵਿੱਚ ਉਹਨਾ ਨੇ ਸੂਰਜ, ਚੰਨ, ਬ੍ਰਹਿਮੰਡ ਅਤੇ ਅਕਾਸ਼ੀ ਪਿੰਡਾਂ ਬਾਰੇ ਚਰਚਾ ਕੀਤੀ। ਇੱਥੇ ਹੀ 16ਵੀਂ ਸਦੀ ਦਾ ਮਹਾਨ ਲੇਖਕ ਮਾਰਟਿਨ ਲੂਥਰ ਵੀ ਬਾਬੇ ਨਾਨਕ ਨੂੰ ਮਿਲਿਆ, ਜਿਸ ਦੀਆਂ ਲਿਖਤਾਂ ਨੂੰ ਬਾਅਦ ਵਿੱਚ 1521 ਵਿੱਚ ਇਸਾਈ ਵਿਰੋਧੀ ਗ਼ਰਦਾਨ ਦਿੱਤਾ ਗਿਆ ਸੀ।

1526 ਵਿੱਚ ਬਾਬਰ ਵੱਲੋਂ ਭਾਰਤ 'ਤੇ ਕੀਤੇ ਗਏ ਹਮਲੇ ਦੌਰਾਨ ਉਸ ਦੀਆਂ ਫੌਜਾਂ ਵੱਲੋਂ ਆਮ ਲੋਕਾਂ ਦੇ ਕੀਤੇ ਗਏ ਕਤਲੇਆਮ ਅਤੇ ਘਿਨਾਉਣੇ ਜ਼ੁਲਮਾਂ ਬਾਰੇ ਬਾਬੇ ਨਾਨਕ ਨੇ ਤਿੱਖਾ ਪ੍ਰਤੀਕਰਮ ਦਿੱਤਾ, ਬਾਬਰ ਨੂੰ ਜਾਬਰ ਕਿਹਾ ਅਤੇ "ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗ-ਾਇਨ ਬੈਠੇ ਸੁਤੇ" ਕਹਿ ਕੇ ਵੰਗਾਰਿਆ। "ਜੇ ਸਕਤਾ ਸਕਤੇ ਕੋ ਮਾਰੈ, ਤਾਂ ਮਨ ਰੋਸੁ ਨਾ ਹੋਈ", ਕਹਿ ਕੇ ਬਾਬਰ ਦੇ ਜ਼ੁਲਮਾਂ ਨੂੰ ਲੋਕਾਂ ਸਾਹਮਣੇ ਰੱਖਿਆ ਅਤੇ "ਏਤੀ ਮਾਰਿ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ", ਕਹਿ ਕੇ ਰੱਬ ਦੀ ਰਜ਼ਾ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ।

### ਜਰਮਨਜੀਤ ਸਿੰਘ

ਬਾਬੇ ਨਾਨਕ ਦੀ ਹਰੇਕ ਰਚਨਾ ਤਰਕ ਭਰਪੂਰ ਹੈ ਅਤੇ ਕੁਦਰਤ ਦੀ ਵਿਸ਼ਾਲਤਾ ਨੂੰ ਨਿਹਾਰਦੀ ਹੈ।

"ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨਾ ਜਾਈ ਲਖਿਆ।"

ਬਾਬੇ ਨਾਨਕ ਨੇ ਕਿਰਤੀਆਂ ਅਤੇ ਨੀਵਿਆਂ ਨੂੰ ਗਲ਼ ਨਾਲ ਲਗਾਇਆ ਅਤੇ ਲਕੀਰ ਖਿੱਚ ਕੇ ਸਦਾ ਉਹਨਾ ਨਾਲ ਖੜਾ ਹੋਇਆ।

"ਨੀਚਾਂ ਅੰਦਰਿ ਨੀਚੁ ਜਾਤਿ
ਨੀਚੀਂ ਹੂ ਅਤਿ ਨੀਚੁ
ਨਾਨਕ ਤਿਨ ਕੈ ਸੰਗਿ ਸਾਥਿ
ਵੱਡਿਆਂ ਸਿਉਂ ਕਿਆ ਰੀਸ।"

ਬਾਬੇ ਨਾਨਕ ਨੇ ਕਥਾ ਅਤੇ ਉਪਦੇਸ਼ ਦੀ ਪੁਜਾਰੀਵਾਦੀ ਪ੍ਰੰਪਰਾ ਦਾ ਖ਼ਾਤਮਾ ਕੀਤਾ ਅਤੇ ਸੰਵਾਦ ਤੇ ਗੋਸ਼ਟ ਦੀ ਪ੍ਰੰਪਰਾ ਚਲਾਈ।

"ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਏ।"

ਅੱਜ 500 ਸਾਲ ਬਾਅਦ ਮਲਿਕ ਭਾਗੋਆਂ ਅਤੇ ਪੁਜਾਰੀਆਂ ਨੇ ਕਿਰਤੀਆਂ ਅਤੇ ਲਾਲੋਆਂ ਤੋਂ "ਬਾਬਾ ਨਾਨਕ" ਹਥਿਆ ਲਿਆ ਹੈ। ਸ਼ਰਧਾ ਦੇ ਚੋਲੇ ਵਿੱਚ ਭਿਉਂ ਕੇ ਬਾਬੇ ਦੇ ਨਾਂ 'ਤੇ ਅੰਧ ਵਿਸ਼ਵਾਸਾਂ ਦੇ ਅੰਬਾਰ ਚਾੜ੍ਹ ਦਿੱਤੇ ਹਨ।

ਸਰਬੱਤ ਦੇ ਭਲੇ ਦੇ ਮਖ਼ਮਲੀ ਸ਼ਬਦਾਂ ਹੇਠ ਮਲਿਕ ਭਾਗੋਆਂ ਅਤੇ ਭਾਈ ਲਾਲੋਆਂ ਨੂੰ ਰ਼ਲਗੱਡ ਕਰ ਦਿੱਤਾ ਹੈ ਅਤੇ ਬਾਬੇ ਦੀ ਵਿਚਾਰਧਾਰਾ 'ਚੋਂ ਤਰਕ ਨੂੰ ਮਨਫੀ ਕਰਕੇ ਭੇਖੀਆਂ ਅਤੇ ਪਾਖੰਡੀਆਂ ਵਾਸਤੇ ਐਸ਼ੋ ਇਸ਼ਰਤਾਂ ਅਤੇ ਮੌਜਾਂ ਲਵਾ ਦਿੱਤੀਆਂ ਹਨ। ਬਾਬੇ ਨਾਨਕ ਦੇ ਵਾਰਸ ਕਿਰਤੀਆਂ ਨੂੰ ਮਿਲ ਬੈਠ ਕੇ ਇਸ 'ਤੇ ਵਿਚਾਰ ਕਰਨ ਦੀ ਲੋੜ ਹੈ।

(the history of the ancient and medievial world volume.2)

# ਮਹਾਨ ਆਵਾਜ਼ ਸ੍ਰੀ ਸਤਪਾਲ ਜੱਸੀ ਫਾਨੀ ਸੰਸਾਰ ਤੋਂ ਅਲਵਿਦਾ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਰਵਿਦਾਸੀਆ ਕੌਮ ਦੀ ਮਹਾਨ ਆਵਾਜ਼, ਮਹਾਨ ਚਿੰਤਕ, ਸਮਾਜ ਸੁਧਾਰਕ, ਮਿਸ਼ਨਰੀ ਆਗੂ, ਹਰ ਸਮੇਂ ਕੌਮ ਦੀ ਪਹਿਰੇਦਾਰੀ ਕਰਨ ਵਾਲੀ ਉੱਚੀ ਸੁੱਚੀ ਸੋਚ ਦੇ ਮਾਲਕ, ਕੌਮੀ ਸ਼ਖਸ਼ੀਅਤ, ਮਿਸ਼ਨਰੀ ਲੇਖਕ, ਬੁਲਾਰੇ, ਗੋਲਡ ਮੈਡਲਿਸਟ ਕਵੀ, ਰਿਟਾਇਰਡ ਪ੍ਰਿੰਸੀਪਲ ਸ੍ਰੀ ਸਤਪਾਲ ਜੱਸੀ ਇਸ ਫਾਨੀ ਸੰਸਾਰ ਤੋਂ ਆਪਣੇ ਸਵਾਸਾਂ ਦੀ ਪੂੰਜੀ ਭੋਗਦਿਆਂ ਕੂਚ ਕਰ ਗਏ ਹਨ। ਉਹਨਾਂ ਦੇ ਇਸ ਸੰਸਾਰ ਤੋਂ ਹਮੇਸ਼ਾ ਲਈ ਤੁਰ ਜਾਣ ਦਾ ਘਾਟਾ ਜਿੱਥੇ ਸਮਾਜ ਨੂੰ ਵੱਡੇ ਪੱਧਰ ਤੇ ਪਿਆ ਹੈ ਉਥੇ ਹੀ ਉਹਨਾਂ ਦੀ ਘਾਟ ਸਮੁੱਚੇ ਪਰਿਵਾਰ ਨੂੰ ਪਈ ਹੈ ਜੋ ਕਦੇ ਵੀ ਪੂਰੀ ਨਹੀਂ ਹੋ ਸਕਦੀ। ਡੇਰਾ ਸੱਚਖੰਡ ਬੱਲਾਂ ਤੋਂ ਗੋਲਡ ਮੈਡਲਿਸਟ ਕੌਮ ਦੀ ਇਸ ਮਹਾਨ ਆਵਾਜ਼ ਨੇ ਹਮੇਸ਼ਾ ਕੌਮੀ ਕੰਮਾਂ ਵਿੱਚ ਪਹਿਰੇਦਾਰੀ ਕੀਤੀ ਅਤੇ ਸਮਾਜ ਦੇ ਹਰ ਮਸਲੇ ਵਿੱਚ ਸਮਾਜ ਨਾਲ ਡੱਟ ਕੇ ਖੜ੍ਹੇ ਹੋਏ। ਇਹ ਸ਼ਖਸ਼ੀਅਤ ਜਿੱਥੇ ਅਨੇਕਾਂ ਲਿਖਤਾਂ ਨਾਲ ਲੋਕ ਪ੍ਰਵਾਨਗੀ ਪ੍ਰਾਪਤ ਕਰ ਚੁੱਕੀ ਸੀ, ਉੱਥੇ ਹੀ ਇਸ ਸ਼ਖਸ਼ੀਅਤ ਦੀ ਵਿਲੱਖਣ ਭੂਮਿਕਾ ਰਵਿਦਾਸੀਆ ਟੀ ਵੀ ਦੇ ਐਮ ਡੀ ਵਜੋਂ ਵੀ ਸਭ ਕੌਮੀ ਪਰਵਾ-ਨਆਂ ਨੂੰ ਦੇਖਣ ਸੁਣਨ ਨੂੰ ਮਿਲਦੀ ਰਹਿੰਦੀ ਸੀ। ਇਹਨਾਂ ਸਤਰਾਂ ਦੇ ਲੇਖਕ ਕੁਲਦੀਪ ਚੁੰਬਰ ਦਾ ਉਕਤ ਸ਼ਖਸ਼ੀਅਤ ਪ੍ਰਿੰਸੀਪਲ ਜੱਸੀ ਨਾਲ ਬਹੁਤ ਸਾਰੇ ਪ੍ਰੋਗਰਾਮ ਵਿੱਚ ਮੇਲ ਮਿਲਾਪ ਹੁੰਦਾ ਰਹਿੰਦਾ, ਅਨੇਕਾਂ ਵਾਰ ਕਈ ਕਵੀ ਸੰਮੇਲਨਾਂ ਜਾਂ ਰਵਿਦਾਸੀਆ ਕੌਮ ਦੇ ਮਹਾਨ ਸੰਤ ਮਹਾਂਪੁਰਸ਼ਾਂ ਦੇ ਸਮਾਗਮਾਂ ਜਾਂ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੇ ਪ੍ਰੋਗਰਾਮਾਂ ਵਿੱਚ ਅਕਸਰ ਹੀ ਇਸ ਮਹਾਨ ਸ਼ਖ਼ਸ਼ੀਅਤ ਦੇ ਦਰਸ਼ਨ ਮੇਲੇ ਕਰਨ ਦਾ ਸੁਭਾਗ ਮਿਲਦਾ ਰਹਿੰਦਾ ਸੀ। ਜਿੱਥੋਂ ਉਹਨਾਂ ਵੱਲੋਂ ਦਿੱਤੀ ਗਈ ਪ੍ਰੇਰਨਾ ਅਤੇ ਸੂਝ ਬੂਝ ਨੂੰ ਵੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਉਹਨਾਂ ਨੇ ਅਨੇਕਾਂ ਸਟੇਜਾਂ ਤੇ ਆਪਣੀ ਕੜਕਦੀ ਤੇ ਗਰਜ਼ਵੀਂ ਆਵਾਜ਼ ਵਿੱਚ ਬੋਲਦਿਆਂ ਕੌਮ ਨੂੰ ਇੱਕਜੁੱਟ ਹੋ ਕੇ ਆਪਣੀ ਰਹਿਬਰਾਂ ਦੇ ਪਾਏ ਪੂਰਨਿਆਂ ਤੇ ਚੱਲਦਿਆਂ ਆਪਣੇ ਮਿਸ਼ਨ ਨੂੰ ਸਾਕਾਰ ਕਰਨ ਦਾ ਸੰਦੇਸ਼ ਦਿੱਤਾ। ਉਹਨਾਂ ਦੀਆਂ ਅਨੇਕਾਂ ਪੁਸਤਕਾਂ ਜੋ ਕੌਮ ਲਈ ਇੱਕ ਖਜ਼ਾਨਾ ਸਾਬਤ ਹੋਣਗੀਆਂ ਅਤੇ ਉਹਨਾਂ ਦੀਆਂ ਲਿਖਤਾਂ ਪੀੜ੍ਹੀ ਦਰ ਪੀੜ੍ਹੀ ਸਮਾਜ ਨੂੰ ਅਸਲ ਮਾਰਗ ਦਰਸ਼ਨ ਕਰਾਉਂਦੀਆਂ ਰਹਿਣਗੀਆਂ। ਸਮੁੱਚੇ ਸਮਾਜ ਵਲੋਂ ਉਨਾਂ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਪ੍ਰਿੰਸੀਪਲ ਸਤਪਾਲ ਜੱਸੀ ਜੀ ਦੇ ਤੁਰ ਜਾਣ ਤੇ ਡੂੰਘੇ ਅਤੇ ਗਹਿਰੇ ਦੁੱਖ ਦਾ ਅਫਸੋਸ ਪ੍ਰਗਟ ਕੀਤਾ ਜਾਂਦਾ ਹੈ ਅਤੇ ਗੁਰੂ ਮਹਾਰਾਜ ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ , ਸਤਿਗੁਰੂ ਹਰੀ ਦਾਸ ਮਹਾਰਾਜ ਜੀ, ਸਤਿਗੁਰੂ ਗਰੀਬ ਦਾਸ ਮਹਾਰਾਜ ਜੀ, ਸਤਿਗੁਰੂ ਨਿਰੰਜਨ ਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਭਾਣਾ ਮੰਨਣ ਦਾ ਬੱਲ ਬਖਸ਼ੇ। ਉਹਨਾਂ ਦੇ ਲਖਤੇ ਜਿਗਰ ਸੀ ਕੇ ਜੱਸੀ ਯੂ ਕੇ ਨਾਲ ਵੀ ਸਮੁੱਚੇ ਰਵਿਦਾਸੀਆ ਭਾਈਚਾਰੇ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।




*(ਅਦਾਰਾ ਦੇਸ਼ ਦੁਆਬਾ ਵੱਲੋਂ ਵਿਛੜੇ ਸਾਥੀ ਨੂੰ ਨਿਮਰਤਾ ਪੂਰਵਕ ਸ਼ਰਧਾਂਜਲੀ)*

# 'ਜਾਤੀ ਸਰਟੀਫਿਕੇਟ 'ਜਾਤੀ ਸਿਸਟਮ' ਨੂੰ ਪੱਕਾ ਕਰ ਰਹੇ ਹਨ'



ਮੇਜਰ ਸਿੰਘ 'ਬੁਢਲਾਡਾ'
91-94176-42327

ਭਾਰਤ ਦੇਸ਼ ਅੰਦਰ 'ਹਿੰਦੂ ਧਰਮ' ਦੇ 'ਜ਼ਾਤੀ ਸਿਸਟਮ' ਦੇ ਤਹਿਤ ਮਨੁੱਖਤਾ ਦੀ ਚਾਰ ਵਰਣਾਂ ਦੀ ਵੰਡ ਅੰਦਰ ਬਹੁਤ ਸਾਰੀਆਂ ਜਾਤਾਂ ਨੂੰ ਧੱਕੇ ਨਾਲ ਨੀਵੀਂਆਂ ਅਤਿ ਨੀਵੀਂਆਂ ਬਣਾਇਆ ਗਿਆ ਹੈ। ਇਹਨਾਂ ਨੀਵੀਂਆਂ ਜ਼ਾਤਾਂ ਅੰਦਰ ਪੈਦਾ ਹੋਏ ਬਹੁਗਿਣਤੀ ਲੋਕਾਂ ਨੂੰ ਨੀਵੀਂ 'ਜਾਤ' ਕਰਕੇ ਸਦੀਆਂ ਤੋਂ ਇਨਸਾਨ ਹੀ ਨਹੀਂ ਮੰਨਿਆ ਜਾ ਰਿਹਾ। ਦੇਸ਼ ਦੀਆਂ ਬਹੁਤ ਸਾਰੀਆਂ ਥਾਵਾਂ ਤੇ ਇਹਨਾਂ ਜ਼ਾਤਾਂ ਦੇ ਲੋਕਾਂ ਦਾ ਕੁੱਤਿਆਂ ਬਿੱਲਿਆਂ, ਪਸ਼ੂਆਂ ਤੋਂ ਵੀ ਭੈੜਾ ਹਾਲ ਕੀਤਾ ਹੋਇਆ ਹੈ। ਦੇਸ਼ ਦੀਆਂ ਕ ਈ ਥਾਵਾਂ ਤੇ ਅਖੌਤੀ ਉੱਚ ਜਾਤੀ ਦੇ ਲੋਕਾਂ ਅੱਗੋਂ ਲੰਘਣ ਲਈ ਇਹਨਾਂ ਨੂੰ ਪੈਰਾਂ ਵਿੱਚੋਂ ਜੁੱਤੀਆਂ ਲਾਹਕੇ ਲੰਘਣਾ ਪੈਂਦਾ ਹੈ, ਕਿਤੇ ਸਾਇਕਲ ਤੋਂ ਹੇਠਾਂ ਉਤਰ ਕੇ ਜਾਣਾ ਪੈਂਦਾ, ਕਿਤੇ ਸੋਹਣੇ ਕੱਪੜੇ ਪਾਕੇ ਨਹੀਂ ਲੰਘਿਆ ਜਾ ਸਕਦਾ, ਕਿਤੇ ਵਿਆਹ ਵਿੱਚ ਬੈਂਡ ਵਾਜੇ ਨਹੀਂ ਵੱਜਣ ਦਿੱਤੇ ਜਾਂਦੇ, ਕਿਤੇ ਵਿਆਹ ਵਾਲੇ ਲਾੜੇ ਨੂੰ ਘੋੜੀ ਤੇ ਚੜਨ ਤੋਂ ਰੋਕਿਆ ਜਾਂਦਾ ਹੈ ਅਤੇ ਹੋਰ ਬਹੁਤ ਸਾਰਾ ਘਟੀਆ ਵਰਤਾਉ ਇਹਨਾਂ ਨੀਵੀਂਆਂ ਜ਼ਾਤਾਂ ਨਾਲ ਕੀਤਾ ਜਾ ਰਿਹਾ ਹੈ।

ਜਿਸ ਕਰਕੇ ਇਹ ਲੋਕ ਅਜ਼ਾਦ ਦੇਸ਼ ਵਿੱਚ ਗੁਲਾਮਾਂ ਤੋਂ ਵੀ ਭੈੜੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਇਹ ਮਜ਼ਬੂਰ ਹਨ। ਇਹਨਾਂ ਨਾਲ ਧੱਕੇਸ਼ਾਹੀ ਦੀ ਕ ਈ ਥਾਵਾਂ ਤੇ ਸੁਣਵਾਈ ਹੁੰਦੀ ਹੀ ਨਹੀਂ, ਕਿਤੇ ਸਮੇਂ ਸਿਰ ਨਹੀਂ ਹੁੰਦੀ, ਕਿਸੇ ਨੂੰ ਕਿਸੇ ਕੇਸ ਵਿੱਚ ਪੂਰਾ ਨਿਆਂ ਨਹੀਂ ਮਿਲਦਾ।

ਇਹਨਾਂ ਜਾਤੀਆਂ ਅੰਦਰ ਸਦੀਆਂ ਪਹਿਲਾਂ ਪੈਦਾ ਹੋਏ ਉੱਚ ਕੋਟੀ ਦੇ ਮਹਾਂਪੁਰਸ਼ 'ਨਾਮਦੇਵ' ਜੀ, 'ਰਵਿਦਾਸ' ਜੀ, 'ਕਬੀਰ' ਜੀ ਆਦਿ ਨੇ ਆਪਣੀ ਅਕਲ, ਸਿਆਣਪ ਦਾ ਲੋਹਾ ਮਨਵਾਇਆ ਅਤੇ ਵੱਡੇ ਖੱਬੀ ਖਾਨਾਂ ਨੂੰ ਡੰਡਾਉਤਾਂ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ। ਇਸ 'ਜ਼ਾਤੀ ਸਿਸਟਮ' ਖ਼ਿਲਾਫ਼ ਸੰਘਰਸ਼ 'ਤੇ ਚੈਲੰਜ ਕੀਤਾ, ਜਦ ਸਾਰੇ ਇਨਸਾਨਾਂ ਦਾ ਪੈਦਾ ਹੋਣ ਦਾ ਢੰਗ ਇਕੋ ਹੈ, ਫਿਰ ਇਨਸਾਨ ਦੇ ਉਚੇ ਨੀਵੇਂ ਹੋਣ ਦਾ ਸਵਾਲ ਹੀ ਨਹੀਂ ਹੈ। ਪਰ ਇਹ ਸੱਚ ਨੂੰ ਮੰਨਦਿਆਂ ਹੋਇਆਂ ਵੀ ਇਹਨਾਂ ਲੋਕਾਂ ਨਾਲ ਬੇਇਨਸਾਫ਼ੀ ਜਾਰੀ ਹੈ।

ਇਹਨਾਂ ਮਹਾਂਪੁਰਸ਼ਾਂ ਤੋਂ ਬਾਅਦ ਇਹ 'ਜ਼ਾਤੀ ਸਿਸਟਮ' ਨੂੰ ਖ਼ਤਮ ਕਰਨ ਲਈ ਗੁਰੂ ਨਾਨਕ ਸਾਹਿਬ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਨੇ ਅਤੇ ਹੋਰ ਬਹੁਤ ਸਾਰੇ ਸੰਤ ਮਹਾਂਪੁਰਸ਼ਾਂ ਅਤੇ ਹੋਰ ਸਮਾਜ ਸੁਧਾਰਕਾਂ ਨੇ ਅੱਡੀ ਚੋਟੀ ਜ਼ੋਰ ਲਾਇਆ ਫਿਰ ਵੀ ਇਹ ਸੱਮਸਿਆ ਖ਼ਤਮ ਨਹੀਂ ਹੋਈ।

ਸਿੱਖ ਗੁਰੂ ਸਾਹਿਬਾਨਾਂ ਨੇ ਤਾਂ ਉੱਚੇ ਨੀਵੇਂ ਲੋਕ ਇੱਕ ਲੰਗਰ ਵਿਚ ਇਕੱਠੇ ਇਕੋ ਪੰਗਤ ਵਿੱਚ ਬਿਠਾ ਦਿੱਤੇ, ਸਾਰਿਆਂ ਨੂੰ ਸਾਂਝੇ ਸਰੋਵਰਾਂ ਵਿੱਚ ਵੀ ਇਸ਼ਨਾਨ ਇਕੱਠਾ ਕਰਵਾ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੱਦੋਂ ਵਧਕੇ ਕਮਾਲ ਹੀ ਕਰ ਦਿੱਤੀ, ਮੰਨੇ ਜਾ ਰਹੇ ਉਚੇ ਨੀਵਿਆਂ ਨੂੰ 'ਅੰਮ੍ਰਿਤ' ਵੀ ਇੱਕ ਬਾਟੇ ਵਿੱਚ ਪਿਲਾ ਦਿੱਤਾ, ਜਿਸ ਦਾ ਵਕਤੀ ਤੌਰ ਤੇ ਥੋੜ੍ਹੇ ਲੋਕਾਂ ਤੇ ਅਸਰ ਹੋਇਆ ਜੋ ਸਦੀਵੀ ਨਾ ਰਿਹਾ। ਇਸ ਤੋਂ ਇਲਾਵਾ ਹਰ ਵਸਤੂ ਨੂੰ ਸ਼ੁੱਧ ਪਵਿੱਤਰ ਕਰਨ ਵਾਲੀ 'ਗੰਗਾ' ਮਈਆ ਵੀ ਇਹਨਾਂ 'ਜਾਤੀਆਂ' ਨੂੰ ਪਵਿੱਤਰ ਨਹੀਂ ਕਰ ਸਕੀ।

ਉਲਟਾ ਪਵਿੱਤਰ 'ਸਿੱਖ ਧਰਮ' ਦੇ ਕੁਝ ਕੁ ਲੋਕਾਂ ਨੂੰ ਛੱਡਕੇ 'ਜਾਤੀ ਵਿਵਸਥਾ' ਨੇ ਇਹਨਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਵੀ ਨਿਗ਼ਲ ਲਿਆ, ਹੁਣ ਇਹ 'ਸਿੱਖ ਧਰਮ' ਵੀ ਜਾਤੀ ਰਹਿਤ ਨਹੀਂ ਰਹਿਣ ਦਿੱਤਾ ਗਿਆ।

ਵੀਹਵੀਂ ਸਦੀ ਦੇ ਆਪਣੇ ਟਾਇਮ ਦਾ ਦੇਸ਼ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਉੱਚ ਕੋਟੀ ਦਾ ਵਿਦਵਾਨ ਢੇਰ ਡਿਗਰੀਆਂ ਦਾ ਮਾਲਕ, ਦੇਸ਼ ਦਾ ਪਹਿਲਾ ਕਾਨੂੰਨ ਮੰਤਰੀ, ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਆਪਣੇ ਹੋਰਾਂ ਲੋਕਾਂ ਦੇ ਨਾਲ ਬੇਹੱਦ ਅਪਮਾਨ ਸਹਿਣਾ ਪਿਆ, ਜਿਸ ਨੂੰ ਕੋਈ ਤਰਸ ਖ਼ਾਕੇ ਪਾਣੀ ਪਿਲਾ ਕਿਦਿੰਦਾ ਤਾਂ ਪਿਆਸ ਬੁਝਾ ਲੈਂਦਾ, ਵਰਨਾ ਤਿਹਾਇਆ ਮਰ ਜਾਂਦਾ, ਕੋਈ ਤਾਂਗੇ ਤੇ ਨਹੀਂ ਬਿਠਾਉਂਦਾ ਸੀ। ਵੱਡਾ ਅਫ਼ਸਰ ਲੱਗਣ ਦੇ ਬਾਵਜੂਦ ਕੋਈ ਮਕਾਨ ਕਿਰਾਏ ਤੇ ਨਹੀਂ ਦਿੰਦਾ ਸੀ। ਇਹਦੇ ਥੱਲੇ ਕੰਮ ਕਰਦਾ ਅਖੌਤੀ ਉੱਚ ਜਾਤੀ ਦਾ ਚਪੜਾਸੀ ਵੀ ਫਾਇਲਾਂ ਹੱਥ ਵਿੱਚ ਨਹੀਂ ਫੜਾਉਂਦਾ ਸੀ, ਸਗੋਂ ਦੂਰੋਂ ਸੁੱਟ ਦਿੰਦਾ ਸੀ। ਅਨੇਕਾਂ ਥਾਵਾਂ ਤੇ 'ਜ਼ਾਤ' ਕਰਕੇ ਜ਼ਲੀਲ ਕੀਤਾ ਗਿਆ ਅਤੇ ਹੋਣਾ ਪਿਆ।

ਜੇ ਅੱਜ ਦੀ ਗੱਲ ਕਰੀਏ ਤਾਂ ਦੇਸ਼ ਦੇ ਸਰਬਉੱਚ ਆਹੁਦੇ ਤੇ ਬਿਰਾਜਮਾਨ ਅਖੌਤੀ ਨੀਵੀਂ ਜਾਤ ਦੇ ਰਾਸ਼ਟਰਪਤੀਆਂ ਨੂੰ ਵੀ ਅਪਮਾਨ ਸਹਿਣਾ ਪਿਆ ਹੈ। ਮੌਜੂਦਾ ਰਾਸ਼ਟਰਪਤੀ ਸ੍ਰੀ ਮਤੀ ਦ੍ਰੋਪਤੀ ਮੁਰਮੂ ਨੂੰ ਤਾਂ ਕੁੱਝ ਮਹੀਨੇ ਪਹਿਲਾਂ 28 ਮਈ 2023 ਵਿੱਚ ਨਵੀਂ ਪਾਰਲੀਮੈਂਟ (ਜੋ ਕਿ ਸ਼ੂਦਰਾਂ ਨੀਚ ਜਾਤਿ ਦੇ ਲੋਕਾਂ ਵੱਲੋਂ ਹੀ ਤਿਆਰ ਕੀਤੀ ਗਈ ਸੀ) ਦੇ ਉਦਘਾਟਨ ਸਮੇਂ (ਇੱਕ ਅਖੌਤੀ ਸ਼ੂਦਰ ਦੂਜੀ ਔਰਤ) ਨੀਵੀਂ 'ਜ਼ਾਤ' ਦੇ ਕਾਰਨ ਸਦਾ ਪੱਤਰ ਨਾ ਦੇਕੇ ਇਕੱਲਾ 'ਜ਼ਾਤ' ਦਾ ਹੀ ਨਹੀਂ ਬਲਕਿ ਦੇਸ਼ ਦੇ ਸਰਬਉੱਚ ਆਹੁਦੇ ਦਾ ਵੀ ਅਪਮਾਨ ਕੀਤਾ ਗਿਆ।

ਇਸ ਦਾ ਭਾਵੇਂ ਸਾਰੇ ਵਿਰੋਧੀ ਦਲਾਂ ਨੇ ਵੱਡਾ ਇਤਰਾਜ਼ ਉਠਾਇਆ ਪਰ ਖੁਦ੍ਹ ਰਾਸ਼ਟਰਪਤੀ ਵੱਲੋਂ (ਸ਼ਾਇਦ ਕਿਸੇ ਖ਼ਤਰੇ ਕਰਕੇ) ਕਿਸੇ ਕਿਸਮ ਦਾ ਕੋਈ ਪ੍ਰਤੀਕਰਮ ਨਹੀਂ ਆਇਆ। ਨਾ ਕਿਸੇ ਦਲਿਤ ਜਥੇਬੰਦੀ ਦਾ ਕੋਈ ਸਖ਼ਤ ਐਕਸ਼ਨ ਵੇਖਣ ਨੂੰ ਮਿਲਿਆ। ਨਾ ਕੋਈ ਕੋਰਟ ਗਿਆ, ਨਾ ਆਪਣੇ ਆਪ ਕਿਸੇ ਕੋਰਟ ਨੇ ਨੋਟਿਸ ਲਿਆ।

ਇਸ ਤੋਂ ਹੇਠਲੇ ਪੱਧਰ ਦੇ ਉਚੇ ਅਹੁਦਿਆਂ ਤੇ ਬਿਰਾਜਮਾਨ ਅਤੇ ਹੋਰ ਵੱਡੇ ਛੋਟੇ ਅਫ਼ਸਰਾਂ ਦਾ ਕੀ ਹਾਲ ਹੋਵੇਗਾ,ਇਹ ਵੀ ਦੇਸ਼ ਦੇ ਪੀੜਤ ਲੋਕ ਅਤੇ ਹੋਰ ਜਾਣਕਾਰ ਚੰਗੀ ਤਰਾਂ ਜਾਣਦੇ ਹਨ। ਨੀਵੀਂ 'ਜਾਤ' ਕਰਕੇ ਬਹੁਤ ਸਾਰੇ ਅਫ਼ਸਰ ਲੋਕ ਦੂਰ ਦੁਰਾਡੇ ਜਾਕੇ ਆਪਣੀ ਜ਼ਾਤ ਛੁਪਾਉਣ ਲਈ ਮਜ਼ਬੂਰ ਵੇਖੇ ਜਾ ਰਹੇ ਨੇ। ਇਹਨਾਂ ਜਾਤੀਆਂ ਦੇ ਬਹੁਤ ਸਾਰੇ ਲੀਡਰ ਆਪਣੀਆਂ ਜ਼ਾਤਾਂ ਲਈ ਪਾਰਲੀਮੈਂਟ ਅਤੇ ਵਿਧਾਨ ਸਭਾ ਵਿੱਚ ਖੁੱਲ੍ਹਕੇ ਬੋਲਣ ਲਈ ਕੰਨੀ ਕਤਰਾਉਂਦੇ ਹਨ।

ਇਸ ਤੋਂ ਹੇਠਲੇ ਆਮ ਲੋਕਾਂ ਦੇ ਹਾਲ ਦਾ ਤੁਸੀਂ ਆਪ ਹੀ ਅੰਦਾਜ਼ਾ ਲਓ, ਇਹਨਾਂ ਨਾਲ ਕੀ ਬੀਤਦੀ ਹੋਵੇਗੀ।

ਮੰਨਿਆ ਪਹਿਲਾਂ ਲੋਕ ਅਨਪੜ੍ਹ ਸੀ, ਜ਼ਾਤੀ ਸਿਸਟਮ ਕਰਕੇ ਲੋਕ ਆਪਸ ਵਿੱਚ ਵੰਡੇ ਹੋਏ ਸੀ।

ਦੇਸ਼ ਤੇ ਕਬਜ਼ਾ ਕਰਨ ਵਾਲਿਆਂ ਨੂੰ ਇਹ ਵੰਡੇ ਹੋਏ ਲੋਕ ਰਾਸ ਆ ਰਹੇ ਸੀ, ਜਿਸ ਕਰਕੇ ਦੇਸ਼ ਵਾਰ ਵਾਰ ਗ਼ੁਲਾਮ ਹੋਣ ਕਰਕੇ ਇਹ ਸਮੱਸਿਆ ਹੱਲ ਨਹੀਂ ਹੋ ਸਕੀ।

ਜੇ ਅੱਜ ਇੱਕੀਵੀਂ ਸਦੀ ਦੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਅਤੇ ਖ਼ਾਸ ਕਰਕੇ ਲੋਕਤੰਤਰ ਰਾਜ ਵਿੱਚ ਸੰਵਿਧਾਨ ਲਾਗੂ ਹੋਣ ਬਾਅਦ ਜਿਹੜਾ ਕੋਹੜ "ਜ਼ਾਤੀ ਸਿਸਟਮ" ਅੱਜ ਤੱਕ ਖ਼ਤਮ ਹੋ ਜਾਣਾ ਚਾਹੀਦਾ ਸੀ, ਉਹ ਅੱਜ ਵੀ ਉਵੇਂ ਹੀ ਕਾਇਮ ਰੱਖਿਆ ਹੋਇਆ ਹੈ ਤਾਂ ਜੋ ਜ਼ਾਤੀ ਸਿਸਟਮ ਦੇ ਹਮਾਇਤੀਆਂ ਵੱਲੋਂ ਇਸ ਦਾ ਸਦਾ ਲ ਈ ਫ਼ਾਇਦਾ ਉਠਾਇਆ ਜਾ ਸਕੇ।

ਹੁਣ ਤੱਕ ਜੋ ਹੋ ਗਿਆ ਸੋ ਹੋ ਗਿਆ, ਹੁਣ ਇਸ ਗਲਤ ਭਿਆਨਕ 'ਜ਼ਾਤੀ ਸਿਸਟਮ' ਨੂੰ ਖ਼ਤਮ ਕਰਨ ਲਈ ਇੱਕੋ ਇੱਕ ਹੱਲ ਹੈ ,ਉਹ ਹੈ ਸੰਵਿਧਾਨ ਵਿੱਚ ਸੋਧ ਕਰਵਾਕੇ ਸਾਰੇ ਲੋਕਾਂ ਦੇ 'ਨਾਮ' ਮਗਰ ਲੱਗੇ ਜ਼ਾਤ ਗੋਤ ਸਮੇਤ ਜਨਰਲ, ਬੀ।ਸੀ, ਐਸੀ।ਸੀ, ਐਸ।ਟੀ ਸ਼ਬਦ ਵਰਤਣ ਉਤੇ ਸਖ਼ਤ ਪਾਬੰਦੀ ਲਾਕੇ ਹਰ ਤਰਾਂ ਦੇ 'ਜਾਤੀ ਸਰਟੀਫਿਕੇਟ' ਬਣਾਉਣੇ ਬੰਦ ਕਰਵਾ ਦੇਣੇ ਚਾਹੀਦੇ ਹਨ, ਜੋ ਕਿ 'ਜਾਤੀ ਵਿਵਸਥਾ' ਨੂੰ ਪੱਕਾ ਰਹੇ ਹਨ।

ਐਸਾ ਕੋਈ ਵੀ ਸ਼ਬਦ ਕਿਸੇ ਨਾਮ ਨਾਲ, ਜਗਾ ਬਸਤੀ ਨਾਲ ਨਹੀਂ ਲੱਗਣਾ ਚਾਹੀਦਾ,ਜਿਸ ਨਾਲ ਕਿਸੇ ਦੀ ਜ਼ਾਤੀ ਵਿਸ਼ੇਸ਼ਤਾ ਦਰਸਾਉਂਦਾ ਹੋਵੇ। ਭਾਵੇਂ ਕਿ ਇਹਨਾਂ 'ਜ਼ਾਤੀ ਸਰਟੀਫਿਕੇਟਾਂ' ਨੇ ਕੁਝ ਕੁ ਲੋਕਾਂ ਨੂੰ ਉੱਚੇ ਅਹੁਦਿਆਂ ਤੇ ਬਿਠਾਇਆ ਹੈ, ਵਧੀਆ ਜ਼ਿੰਦਗੀ ਜਿਊਣ ਦੇ ਸਮਰੱਥ ਬਣ-ਾਇਆ ਹੈ ਪਰ ਇਹ ਅਖੌਤੀ ਨੀਵੀਂ ਜਾਤ ਦਾ ਦਾਗ਼ ਨਹੀਂ ਧੋ ਸਕਦੇ, ਸਗੋਂ ਇਹ 'ਜ਼ਾਤੀ' ਸਿਸਟਮ ਨੂੰ ਪੱਕਾ ਕਰ ਰਹੇ ਹਨ, ਅੱਗੇ ਵੀ ਇਹ 'ਜ਼ਾਤੀ ਸਰਟੀਫਿਕੇਟ' ਕੁਝ ਲੋਕਾਂ ਨੂੰ ਆਹੁਦੇ ਦੇ ਸਕਦੇ ਹਨ, ਵਧੀਆ ਜੀਵਨ ਜਿਊਣ ਵਿੱਚ ਸਮਰੱਥ ਬਣਾ ਸਕਦੇ ਹਨ, ਪਰ ਸਾਰਿਆਂ ਲੋਕਾਂ ਨੂੰ ਨਾ ਨੌਕਰੀਆਂ ਨਹੀਂ ਦਿਵਾ ਸਕਦੇ, ਨਾ ਸਾਰਿਆਂ ਦੀ ਜ਼ਿੰਦਗੀ ਬਦਲ ਸਕਦੇ ਹਨ। ਅੱਜ ਲੱਖਾਂ ਕਰੋੜਾਂ ਲੋਕਾਂ ਦੇ ਜਾਤੀ ਸਰਟੀਫਿਕੇਟ ਇਕ ਕਿਸਮ ਦੀ ਰੱਦੀ ਬਣਕੇ ਰਹਿ ਗਏ ਹਨ। ਅਜ਼ਾਦੀ ਦੇ 73 ਸਾਲਾਂ ਤੇ ਡੂੰਘੀ ਝਾਤ ਮਾਰੋ ਸਭ ਪਤਾ ਲੱਗ ਜਾਵੇਗਾ।

ਭਾਵੇਂ ਕਿ 'ਜ਼ਾਤੀ ਸਰਟੀਫਿਕੇਟ' ਬੰਦ ਕਰਨ ਨਾਲ ਸਾਰੇ ਲੋਕ ਵਧੀਆ ਜੀਵਨ ਨਾ ਬਣਾ ਸਕਣ ਪਰ ਜ਼ਾਤੀ ਦੇ ਆਧਾਰ ਉੱਤੇ ਕੀਤਾ ਜਾਂਦਾ ਵਿਤਕਰਾ ਤਾਂ ਇਕ ਨਾ ਇਕ ਦਿਨ ਪੂਰਨ ਤੌਰ ਤੇ ਬੰਦ ਹੋ ਸਕਦਾ ਹੈ।

ਇਸ ਲਈ ਮਾਨਵਤਾ ਦੇ ਭਲੇ ਲਈ ਕੰਮ ਰਹੇ ਲੋਕਾਂ ਤੇ ਜਥੇਬੰਦੀਆਂ ਅਤੇ ਇਮਾਨਦਾਰ ਲੀਡਰਾ ਵੱਲੋਂ ਸੰਵਿਧਾਨ ਵਿੱਚ ਸੋਧ ਕਰਵਾਕੇ 'ਜ਼ਾਤੀ ਸਿਸਟਮ' ਨੂੰ ਸਦਾ ਲਈ ਖ਼ਤਮ ਕਰਨ ਲਈ ਪੂਰਾ ਜ਼ੋਰ ਲਾ ਦੇਣਾ ਚਾਹੀਦਾ ਹੈ। ਤਾਂ ਜੋ ਸਾਰੇ ਲੋਕਾਂ ਨੂੰ 'ਜ਼ਾਤੀ' ਰਹਿਤ ਬਣਾਕੇ ਦੇਸ਼ ਨੂੰ ਦੁਨੀਆਂ ਤੇ ਇੱਕ ਨੰਬਰ ਦਾ ਵਿਲੱਖਣ ਦੇਸ਼ ਬਣਾਇਆ ਜਾ ਸਕੇ।

ਯਾਦ ਰੱਖੋ, ਜਿੰਨ੍ਹਾਂ ਚਿਰ 'ਜ਼ਾਤੀ ਸਰਟੀਫਿਕੇਟ' ਬੰਦ ਨਹੀਂ ਕੀਤੇ ਜਾਂਦੇ, ਉਨ੍ਹਾਂ ਚਿਰ ਕਦੇ 'ਜ਼ਾਤ' ਖ਼ਤਮ ਨਹੀਂ ਹੋਵੇਗੀ, ਜਿੰਨ੍ਹਾਂ ਚਿਰ 'ਜ਼ਾਤ' ਖ਼ਤਮ ਨਹੀਂ ਹੋਵੇਗੀ, ਉਨ੍ਹਾਂ ਚਿਰ ਛੂਆ ਛਾਤ, ਭੇਦ ਭਾਵ ਖ਼ਤਮ ਨਹੀਂ ਹੋਵੇਗਾ।

****

## 22 ਨਵੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ

# "ਇੱਕ ਸਨ ਚਾਚਾ ਜੀ- ਪ੍ਰੇਮ ਅਵਤਾਰ ਰੈਣਾ"



ਡਾ. ਲਾਭ ਸਿੰਘ ਖੀਵਾ
91-94171-78487

ਪ੍ਰਸਿੱਧ ਲੇਖਕ ਤੇ ਕਾਮਿਲ ਉਲੱਥਾਕਾਰ ਪ੍ਰੇਮ ਅਵਤਾਰ ਰੈਣਾ ਅੰਮ੍ਰਿਤਸਰ ਛੱਡ ਕੇ ਇੱਕ ਦਹਾਕੇ ਤੋਂ ਫਉ ਲੁਧਿਆਣਾ ਵਿਖੇ ਆਪਣੇ ਸਪੁੱਤਰ ਡਾ। ਨਵਪ੍ਰੇਮ ਰੈਣਾ ਕੋਲ ਰਹਿੰਦੇ ਸਨ। ਉਹ 87 ਸਾਲ ਦੇ ਸਨ। ਸਾਲ ਕੁ ਹੋਇਆ, ਮੈਂ ਉਨ੍ਹਾਂ ਨੂੰ ਮਿਲਣ ਵੀ ਗਿਆ ਸੀ। ਸ਼ਾਇਦ ਉਹ ਸੁੱਤੇ ਪਏ ਸਨ। ਡਾ. ਨਵਪ੍ਰੇਮ ਨੇ ਆਵਾਜ਼ ਦੇ ਕੇ ਜਗਾਇਆ ਤੇ ਆਖਿਆ, "ਪਾਪਾ ਜੀ ਵੇਖੋ! ਕੌਣ ਆਇਆ ਏ?" ਉਨ੍ਹਾਂ ਅੱਖਾਂ ਖੋਲ੍ਹੀਆਂ ਪਰ ਮੈਨੂੰ ਪਛਾਣਿਆ ਨਹੀਂ। ਨਵਪ੍ਰੇਮ ਨੇ ਮੇਰਾ ਨਾਂ ਵੀ ਦੱਸਿਆ, ਅੱਧ-ਪਚੱਧੀ ਹਾਂ ਕਹਿਕੇ, ਸਾਡੇ ਵੱਲ ਪਿੱਠ ਫੇਰਕੇ ਫਿਰ ਅੱਖਾਂ ਮੀਚ ਲਈਆਂ। ਭਰੇ ਮਨ ਨਾਲ ਦਰਸ਼ਨ ਕਰਕੇ ਇਸ ਸਕੂਨ ਨਾਲ ਮੁੜ ਆਇਆ ਕਿ ਬੇਟਾ ਤੇ ਪਰਿਵਾਰ ਸਭ ਸਹੂਲਤਾਂ ਸਮੇਤ ਉਨ੍ਹਾਂ ਦੀ ਟਹਿਲ-ਸੇਵਾ ਵਿਚ ਦਿਨ ਰਾਤ ਹਾਜ਼ਰ ਹਨ।

ਅੰਮ੍ਰਿਤਸਰ ਯੂਨੀਵਰਸਿਟੀ 'ਚ ਐਮ।ਫਿੱਲ।ਕਰਨ ਸਮੇਂ ਉਹ ਅਕਸਰ ਹੋਸਟਲ ਮੇਰੇ ਕਮਰੇ ਵਿੱਚ ਜ਼ਰੂਰ ਗੇੜੀ ਲਾਉਂਦੇ। ਸਾਹਿਤ ਤੇ ਸਿਆਸਤ ਬਾਰੇ ਖ਼ੂਬ ਗੱਲਾਂ ਮਾਰਦੇ। ਬੜੀ ਕਾਹਲੀ ਕਾਹਲੀ ਬੋਲਦੇ। ਮੈਂ ਕਹਿਣਾ ਕਿ ਅਨੁਵਾਦ ਦੇ ਨਾਲ ਤੁਸੀਂ ਖ਼ੁਦ ਕਵਿਤਾ, ਕਹਾਣੀ, ਨਾਵਲ ਕਿਉਂ ਨਹੀਂ ਲਿਖਦੇ, ਤੁਹਾਡੀ ਸਾਹਿਤ ਸਬੰਧੀ ਇੰਨੀ ਸਮਝ ਹੈ। ਉਹ ਹੱਸਕੇ ਕਹਿੰਦੇ, "ਦੋ ਹੀ ਵੈਲ ਬਹੁਤ ਨੇ, ਇੱਕ ਅਨੁਵਾਦ ਤੇ ਦੂਜਾ ਆਵਾਰਗੀ।" ਮੈਂ ਕਹਿਣਾ, "ਤੁਸੀਂ ਇੰਨੀਆਂ ਰੂਸੀ ਕਿਤਾਬਾਂ ਅਨੁਵਾਦ ਕੀਤੀਆਂ ਨੇ, ਸੀ.ਪੀ.ਆਈ. ਲੀਡਰਾਂ ਨਾਲ ਚੰਗਾ ਬਹਿਣ-ਉੱਠਣ ਹੈ। ਤੁਸੀਂ ਸੋਵੀਅਤ ਸਫ਼ਾਰਤਖਾਨੇ ਦਿੱਲੀ ਨੌਕਰੀ ਕਰ ਸਕਦੇ ਸੀ। ਤੁਸੀਂ ਕਦੇ ਸੋਵੀਅਤ ਯੂਨੀਅਨ ਕਿਸੇ ਡੈਲੀਗੇਸ਼ਨ 'ਚ ਨਹੀ ਗਏ?" ਉਹ ਹੱਸ ਕੇ ਚੁੱਪ ਹੋ ਗਏ। ਮੈਂ ਸਮਝ ਗਿਆ ਕਿ ਕੋਈ ਗੜਬੜ ਹੈ।



ਉਹ ਸਾਡੇ ਗਰੁੱਪ ਦੇ ਹਰ ਮੁੰਡੇ ਕੁੜੀ ਨੂੰ ਬੇਟਾ ਕਹਿਕੇ ਬੁਲਾਉਂਦੇ। ਉਹ ਸਾਡੇ ਸਾਰਿਆਂ ਦੇ ਚਾਚਾ ਜੀ ਸਨ। ਵਿਦਿਆਰਥੀ ਹੁੰਦਿਆਂ ਪੈਸੇ- ਧੇਲੇ ਪੱਖੋਂ ਜੇਬ ਅਕਸਰ ਖਾਲੀ ਹੀ ਹੁੰਦੀ ਹੈ। ਵਿਭਾਗ ਦੀ ਕੋਈ ਫੀਸ ਭਰਨੀ ਹੈ, ਮੈੱਸ ਦਾ ਬਕਾਇਆ ਖੜ੍ਹਾ ਹੈ ਜਾਂ ਜੁੰਡਲੀ ਨੇ ਕੋਈ ਆਰਟ ਮੂਵੀ ਵੇਖਣੀ ਹੈ। ਚਾਚਾ ਜੀ ਨੂੰ ਘੇਰ ਲੈਣਾ। ਉਨ੍ਹਾਂ ਇਸ ਸ਼ਰਤ 'ਤੇ ਪੈਸੇ ਦੇਣੇ ਕਿ ਇਨ੍ਹਾਂ ਪੈਸਿਆਂ ਦੀ ਦਾਰੂ ਨਹੀਂ ਪੀਣੀ। ਅਸੀਂ ਵੀ ਇਸ ਸ਼ਰਤ 'ਤੇ ਪੂਰਾ ਉੱਤਰਨਾ। ਹਲਕਾ ਬੈਗ, ਲੰਮੀਆਂ ਲੱਤਾਂ ਉੱਤੇ ਹਲਕੀ ਧੜ, ਸਾਧਾਰਨ ਪਹਿਰਾਵਾ, ਸਾਊ ਬੰਦੇ ਵਾਂਗ ਬਿਨ- ਉਚੇਚ ਬੰਨ੍ਹੀ ਪੱਗ, ਮੋਟੇ ਸ਼ੀਸ਼ਿਆਂ ਵਾਲੀ ਐਨਕ, ਕਿਸੇ ਅਕਾਲੀ ਜਥੇਦਾਰ ਵਰਗੀ ਲੰਮੀ ਖੁੱਲ੍ਹੀ ਚਿੱਟੀ ਦਾੜ੍ਹੀ, ਲੰਮੇ ਤੇ ਤੇਜ਼ ਕਦਮੀਂ ਤੁਰਦਿਆਂ ਸਾਡੇ ਚਾਚਾ ਜੀ ਯੂਨੀਵਰਸਿਟੀ ਦੇ ਵਿਸ਼ਾਲ ਕੈਂਪਸ ਵਿੱਚ ਕਾਰਤਿਕ ਵਾਂਗ ਸਾਰੇ ਘੁੰਮ ਆਉਂਦੇ। ਸਭ ਪ੍ਰੋਫੈਸਰ ਉਨ੍ਹਾਂ ਦਾ ਦਿਲੋਂ ਸਤਿਕਾਰ ਕਰਦੇ। ਕਿਸੇ ਵਿਦਿਆਰਥੀ ਜਾਂ ਖੋਜਾਰਥੀ ਨੂੰ ਕਿਸੇ ਵਿਭਾਗ 'ਚ ਸਮਸਿਆ ਆ ਗਈ, ਸਿਫ਼ਾਰਸ਼ ਲਾਉਣੀ ਹੈ, ਝੱਟ ਚਾਚਾ ਜੀ ਕੋਲ ਆ ਫਰਿਆਦ ਕਰਦੇ, ਜਿਵੇਂ ਚਾਚਾ ਜੀ ਉਨ੍ਹਾਂ ਦੀ ਬੀਮਾਰੀ ਦੇ ਮਸੀਹਾ ਹੋਣ। ਮਸੀਹਾ ਹਨ ਵੀ ਸਨ। ਸਿਰਫ਼ ਵਾਜਿਬ ਸਮਸਿਆ ਦੀ ਸਿਫਾਰਸ਼ ਕਰਦੇ। ਟੀਚਿੰਗ ਹੋਵੇ ਜਾਂ ਨਾਨ-ਟੀਚਿੰਗ ਦਾ ਸਟਾਫ਼। ਸਭ ਚਾਚਾ ਜੀ ਦੀ ਸਾਫ਼ਗੋਈ ਦੀ ਕਦਰ ਕਰਦੇ ਸਨ। ਆਖਿਰ ਉਨ੍ਹਾਂ ਦੇ ਵੀ ਉੱਚ-ਅਧਿਕਾਰੀਆਂ ਤੱਕ ਕੰਮ ਅੜੇ ਪਏ ਹੁੰਦੇ ਸਨ। ਕਿਉਂਕਿ ਵੀ.ਸੀ./ ਰਜਿਸਟਰਾਰ ਦੇ ਦਫ਼ਤਰ ਉਨ੍ਹਾਂ ਚਾਚਾ ਜੀ ਨੂੰ ਚਾਹ ਪੀਂਦਿਆਂ ਵੇਖਿਆ ਹੁੰਦਾ ਸੀ। ਡਾ. ਅਮਰ ਸਿੰਘ ਧਾਲੀਵਾਲ, ਕੰਟਰੋਲਰ (ਪ੍ਰੀਖਿਆਵਾਂ) ਦਾ ਦਫ਼ਤਰ ਉਨ੍ਹਾਂ ਦਾ ਪੱਕਾ ਅੱਡਾ ਹੁੰਦਾ ਸੀ।

ਕੋਈ ਸਕੂਟਰ ਵਾਲਾ ਆਪ ਰੋਕ ਕੇ ਚਾਚਾ ਜੀ ਨੂੰ ਲਿਫ਼ਟ ਦੇ ਦਿੰਦਾ ਤਾਂ ਠੀਕ ਹੈ। ਉਂਝ ਉਹ ਪੈਦਲ ਚੱਲਣ ਦੇ ਪੱਕੇ ਆਦੀ ਸਨ। ਸਵੇਰੇ ਝੋਲੇ 'ਚ ਅੰਗਰੇਜ਼ੀ ਅਖ਼ਬਾਰ ਤੇ ਇੱਕ ਅੱਧੀ ਕਿਤਾਬ ਪਾ ਘਰੋਂ ਨਿਕਲ ਜਾਂਦੇ, ਸਾਰਾ ਦਿਨ ਨਾ ਉਨ੍ਹਾਂ ਨੂੰ ਘਰ ਮੁੜਨ ਦੀ ਕਾਹਲੀ ਹੁੰਦੀ ਤੇ ਨਾ ਘਰਦਿਆਂ ਨੂੰ ਉਨ੍ਹਾਂ ਦੀ ਉਡੀਕ- ਪੜ੍ਹਿਆ -ਲਿਖਿਆ ਨਿਰਾ ਰਮਤਾ -ਜੋਗੀ । ਪੁਤਲੀ ਘਰ ਵਾਲੀ ਮੁੱਖ ਸੜਕ 'ਤੇ ਪੁਰਾਣੀ ਬਣੀ ਪ੍ਰੇਮ ਬਿਲਡਿੰਗ 'ਚ ਛੁੱਟੀ ਵਾਲੇ ਦਿਨ ਲਾਅ ਵਿਭਾਗ ਦੇ ਲਖਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਅਸੀਂ ਉਨ੍ਹਾਂ ਦੇ ਘਰ ਚਲੇ ਜਾਣਾ। ਉਪਰਲੀ ਮੰਜ਼ਿਲ 'ਤੇ ਚਾਚਾ ਜੀ ਬੈੱਡ 'ਤੇ ਸਿਰਹਾਣੇ ਦਾ ਢੋਅ ਲਾਈ ਅਖ਼ਬਾਰ ਪੜ੍ਹ ਰਹੇ ਹੁੰਦੇ। ਸਾਡੇ ਆਉਣ 'ਤੇ ਅਖ਼ਬਾਰਾਂ ਪਰੇ ਕਰ ਕੌਮੀ ਤੇ ਕੌਮਾਂਤਰੀ ਰਾਜਨੀਤਕ ਮਸਲਿਆਂ ਉੱਤੇ ਪ੍ਰਵਚਨ ਕਰਨੇ ਸ਼ੁਰੂ ਕਰ ਦਿੰਦੇ ਤੇ ਇੱਕ ਸਕੂਲ 'ਚ ਬਤੌਰ ਪ੍ਰਿੰਸੀਪਲ ਸੇਵਾ ਕਰਦੇ ਚਾਚੀ ਜੀ ਚਾਹ ਨਾਲ ਗੋਭੀ ਦੇ ਤਲੇ ਹੋਏ ਪਕੌੜੇ ਖਵਾ ਕੇ ਸਾਨੂੰ ਹੋਸਟਲਰਾਂ ਨੂੰ ਆਪਣੇ ਘਰਾਂ ਦੀ feeilng ਕਰਵਾਉਂਦੇ। ਸਥਾਨਕ ਦਐ ਸਚਹੋਲਅਰਸ ਲਖਵਿੰਦਰ ਰੰਧਾਵਾ, ਹਰਚੰਦ ਬਾਠ, ਬਲਦੇਵ ਬੱਲੀ ਸਮੇਤ ਅਸੀਂ ਹੋਸਟਲਰ ਕੁਲਵੰਤ ਸੰਧੂ, ਮਰਹੂਮ ਕੁਲਦੀਪ ਖਿਆਲਾ, ਪ੍ਰਦੀਪ ਰਤਨ 'ਗੁਰੀਲਾ' ਆਦਿ ਖ਼ੂਬ ਯੂਨੀਵਰਸਿਟੀ ਤੇ ਵਿਦਿਆਰਥੀ ਗਰੁਪਾਂ ਦੀ ਰਾਜਨੀਤੀ 'ਤੇ ਵਿਚਾਰ -ਚਰਚਾ ਕਰਦੇ।

ਰੈਣਾ ਜੀ ਕੁੱਝ ਅਰਸਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੇ ਅਧਿਆਪਕ ਵਜੋਂ ਕੰਮ ਕਰਦੇ ਰਹੇ ਪ੍ਰੰਤੂ ਆਜ਼ਾਦ ਤਬੀਅਤ ਤੇ ਖੱਬੀ ਸੋਚ ਨੂੰ ਕਾਲਜ ਦਾ ਮਾਹੌਲ ਰਾਸ ਨਾ ਆਇਆ ਤੇ ਸਦਾ ਲਈ ਨੌਕਰੀ-ਮੁਕਤ ਹੋ ਗਏ। ਉਹ free Lancer ਤੇ ਘੁਮੱਕੜ ਲੇਖਕ ਸਨ। ਉਨ੍ਹਾਂ ਢੇਰ ਕਿਤਾਬਾਂ ਦਾ ਉਲੱਥਾ ਕੀਤਾ। 'ਅੱਧੀ ਰਾਤ ਵੇਲੇ' (ਪਰਲ ਬੱਕ), 'ਆਧੁਨਿਕ ਸੌਂਦਰਯ-ਬੋਧ ਦੀਆਂ ਸਮਸਿਆਵਾਂ', (ਅਨਾਤੋਲੀ ਦਰੇਮੋਵ), 'ਚੜ੍ਹਦੇ ਸੂਰਜ ਨੂੰ ਸਲਾਮ', (ਐਤਨ ਚੈਖ਼ੋਵ) , 'ਹਵੇਲੀ ਵਾਲੀ ਰਾਣੀ ਸਾਹਿਬਾ', (ਐਤਨ ਚੈਖ਼ੋਵ), 'ਬਾਬਰ' (ਪਿਰਿਮਕੁਲ ਕਾਦਿਰੋਵ) 'ਮੇਰੀ ਕਹਾਣੀ' (ਫਲੇਵੀਆ) 'ਮੰਟੋ ਦੇ ਖ਼ਤ: ਅੰਕਲ ਸੈਮ ਦੇ ਨਾਂ', (ਸਆਦਤ ਹਸਨ ਮੰਟੋ) , 'ਮਹਾਰਾਜਾ ਰਣਜੀਤ ਸਿੰਘ: ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ', (ਡਾ. ਜੇ. ਐਸ. ਗਰੇਵਾਲ), ਆਦਿ ਕਿਤਾਬਾਂ ਅਨੁਵਾਦ ਕੀਤੀਆਂ। ਉਨ੍ਹਾਂ ਰੂਸੀ ਲੋਕ ਕਹਾਣੀਆਂ ਤੇ ਹੋਰ ਅੱਧੀ ਦਰਜਨ ਬਾਲ-ਪੁਸਤਕਾਂ ਨੂੰ ਪੰਜਾਬੀ 'ਚ ਉਲੱਥਾਇਆ।

ਰੈਣਾ ਜੀ ਨੇ ਪਰਵੀਨ ਸ਼ਾਕਿਰ ਦੀ ਚੋਣਵੀਂ ਕਵਿਤਾ ਨੂੰ ਵੀ ਬਾਕਮਾਲ ਲਿੱਪੀਅੰਤਰ ਕੀਤਾ ਹੈ।'ਆਧੁਨਿਕ ਸੌਂਦਰਯ-ਬੋਧ ਦੀਆਂ ਸਮਸਿਆਵਾਂ' ਕਿਤਾਬ ਤਾਂ ਤਤਕਾਲੀ ਖੋਜਾਰਥੀਆਂ ਨੇ ਪੜ੍ਹ ਪੜ੍ਹ ਕੇ ਘਸਾ ਦਿੱਤੀ ਸੀ। 'ਬਾਬਰ' ਨਾਵਲ ਅਕਾਦਮਿਕ ਹਲਕਿਆਂ ਵਿੱਚ ਬਹੁਤ ਮਕਬੂਲ ਰਿਹਾ ਹੈ। ਰੂਸੀ ਲਿਖਤਾਂ ਨੂੰ ਰੈਣਾ ਜੀ ਨੇ ਰੀਝ ਨਾਲ ਉਲੱਥਾਇਆ। ਰੈਣਾ ਜੀ ਵਰਗੇ ਸਾਫ਼ ਦਿਲ ਤੇ ਰੌਸ਼ਨ ਦਿਮਾਗ਼ ਸ਼ਖ਼ਸਾਂ ਦੀ ਸੰਗਤ ਕਦੇ ਨਹੀਂ ਭੁੱਲਣੀ, ਭਾਵੇਂ ਸ਼ਰਧਾਂਜਲੀਆਂ ਦੇ ਕੇ ਸੌ ਵਾਰੀਂ ਆਪਣੀਆਂ ਸਿਮ੍ਰਿਤੀਆਂ 'ਚੋਂ ਧੱਕੀਏ।

## ਤੇਰੀਆਂ ਚਾਰ ਉਦਾਸੀਆਂ

ਤੇਰੀ ਫੋਟੋ ਚੋਂ ਮਿਟਾ ਆਏ ਹਾਂ
ਮਖਮਲੀ ਬਾਣੇ ਵਾਲੀ
ਸੋਭਾ ਸਿੰਘ ਦੀ ਬਣਾਈ ਤਸਵੀਰ ਸਜਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਹਲ ਤਾਂ ਸਾਥੋਂ ਵਾਹ ਨਹੀ ਹੋਇਆ
ਜਮੀਨ ਠੇਕੇ ਤੇ ਝੜਾ ਆਏ ਹਾਂ
ਖੇਤੀ ਵਿੱਚੋ ਹੁਣ ਕੁੱਝ ਨਹੀ ਬਚਦਾ
ਪਰ ਠੇਕਾ ਹੋਰ ਵਧਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਕੜਿਆ ਵਾਲੀ ਕਾਰ ਲਈ ਸੀ
ਸੁਕਰਾਨੇ ਵਜੋਂ ਪੱਖਾ ਦਾਨ ਕਰਾ ਆਏ ਹਾਂ
ਲੋਕਾ ਨੂੰ ਵੀ ਥੋੜਾ ਪਤਾ ਤਾਂ ਲੱਗੇ
ਉਪਰ ਨਾਮ ਲਿਖਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਜਾਤਾਂ ਪਾਤਾਂ ਨੂੰ ਭਾਂਵੇ ਤੂੰ ਨਹੀ ਸੀ ਮੰਨਦਾ
ਪਰ ਅਸੀ ਤਾਂ ਵੰਡੀਆਂ ਪਾ ਆਏ ਹਾਂ
ਜੱਟਾਂ ਦਾ, ਰਾਮਗੜ੍ਹੀਆ ਦਾ, ਵਿਹੜੇ ਵਾਲਿਆ ਦਾ
ਵੱਖਰਾ ਗੁਰਦੁਆਰਾ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਸੱਚਾ ਸੌਦਾ ਤਾਂ ਨਹੀ ਸਾਥੋਂ ਹੋਇਆ
ਪਰ ਡੇਰਾ ਇੱਕ ਬਣਾ ਆਏ ਹਾਂ
ਨਾਨਕ ਸਵੀਟਸ, ਨਾਨਕ ਕਲਾਥ ਹਾਉਸ
ਤੇਰੇ ਨਾਂ ਤੇ ਬਿਜਨਸ ਚਲਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ


ਭਾਂਵੇ ਇਕ ਨ੍ਹੀ ਮੰਨੀ ਗੱਲ ਤੇਰੀ,
ਤੁਹਾਡੀ ਫੋਟੋ ਨੂੰ ਤਾਂ ਸਿਰ ਝੁਕਾਅ ਆਏ ਹਾਂ
ਠੱਗੀ ਦਾ ਭਾਵੇ ਚੋਰੀ ਦਾ,
ਅਸੀਂ ਆਪਣਾ ਦਸਵੰਧ ਕਢਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਜਿਹੜੇ ਅੰਧਵਿਸ਼ਵਾਸ ਵਿੱਚੋ ਤੂੰ ਸੀ ਕੱਢਿਆ,
ਅਸੀਂ ਓਸੇ ਵਿੱਚ ਲੋਕਾਂ ਨੂੰ ਪਾ ਆਏ ਹਾਂ
ਤੁਹਾਡੇ ਦਿੱਤੇ ਤਰਕਾ ਦੀ,
ਅਸੀ ਕਰਾਮਾਤ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਹੱਕ ਸੱਚ ਦੀ ਕਮਾਈ ਨਾਲ ਭਲਾਂ ਕੀ ਬਣਦਾ,
ਉੱਪਰਲੀ ਵਾਸਤੇ ਅਰਦਾਸ ਕਰਵਾ ਆਏ ਹਾਂ
ਹਾਂ ਦਸਵੰਧ ਓਹਦੇ ਵਿੱਚੋ ਵੀ ਕੱਢਾਗੇ,
ਇਹ ਵੀ ਗੱਲ ਮੁਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਚਾਹ ਪਕੌੜੇ ਬਰਫੀ ਅਤੇ
ਲੰਗਰ ਰੱਜ ਕੇ ਖਾ ਆਏ ਹਾਂ
ਲਾਲੋ ਦਾ ਸੀ ਜਾਂ ਭਾਗੋ ਦਾ
ਅਸੀਂ ਤਾਂ ਸਭ ਛਕ ਛਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

– ਸਰਵਾਨਾ



ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਦੁਰਲੱਭ ਤਸਵੀਰ 16ਵੀਂ ਸਦੀ ਦੀ ਇੱਕ ਪ੍ਰਸਿੱਧ ਫ਼ਾਰਸੀ ਲਘੂ ਕਲਾਕਾਰ ਕਮਾਲ ਉਦਦੀਨ ਬਹਿਜ਼ਾਦ ਦੁਆਰਾ ਬਣਾਈ ਗਈ ਪੇਂਟਿੰਗ ਹੈ। ਬਗਦਾਦ ਦੇ ਅਜਾਇਬ ਘਰ ਵਿਚ ਰੱਖੀ ਪੇਂਟਿੰਗ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਰੀਰਕ ਵਿਸ਼ੇਸ਼ਤਾਵਾਂ ਦਾ ਸਭ ਤੋਂ ਪ੍ਰਮਾਣਿਕ ਚਿੱਤਰਣ ਮੰਨਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਬੇਹਜ਼ਾਦ ਨੇ ਮੱਧ ਪੂਰਬ ਦੀ ਆਪਣੀ ਇੱਕ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਜੀ ਦਾ ਚਿੱਤਰ ਬਣਾਇਆ ਸੀ। ਇਸ ਪੇਂਟਿੰਗ ਦੀ ਵਿਸ਼ੇਸ਼ਤਾ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਅਤੇ ਸਰੂਪ ਦੇ ਸ਼ਾਨਦਾਰ ਵੇਰਵੇ ਅਤੇ ਯਥਾਰਥਵਾਦੀ ਚਿੱਤਰਣ ਦੁਆਰਾ ਕੀਤੀ ਗਈ ਹੈ। ਇਹ ਇੱਕ ਕੀਮਤੀ ਇਤਿਹਾਸਕ ਕਲਾਕ੍ਰਿਤੀ ਹੈ ਅਤੇ ਸਿੱਖ ਵਿਰਾਸਤ ਦਾ ਇੱਕ ਪਿਆਰਾ ਹਿੱਸਾ ਹੈ। ਇਹ ਪੇਂਟਿੰਗ 16ਵੀਂ ਸਦੀ ਦੀ ਹੈ, ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਪੁਰਾਣੇ ਜਾਣੇ ਜਾਂਦੇ ਚਿੱਤਰਾਂ ਵਿੱਚੋਂ ਇੱਕ ਬਣਾਉਂਦਾ ਹੈ। ਬੇਹਜ਼ਾਦ ਇੱਕ ਮਸ਼ਹੂਰ ਕਲਾਕਾਰ ਸੀ ਜੋ ਲੋਕਾਂ ਦੇ ਸਹੀ ਚਿੱਤਰਣ ਲਈ ਜਾਣਿਆ ਜਾਂਦਾ ਸੀ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਪ੍ਰੋਫ਼ੈਸਰ ਪ੍ਰੇਮ ਅਵਤਾਰ ਸਿੰਘ ਰੈਣਾ ਅਤੇ ਉਨ੍ਹਾਂ ਦੀ ਸਪਤਨੀ ਕੰਵਲਜੀਤ ਕੌਰ ਰੈਣਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਪ੍ਰੋਫ਼ੈਸਰ ਪ੍ਰੇਮ ਅਵਤਾਰ ਸਿੰਘ ਰੈਣਾ ਅਤੇ ਉਨ੍ਹਾਂ ਦੀ ਸਪਤਨੀ ਕੰਵਲਜੀਤ ਕੌਰ ਰੈਣਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ, ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਮਨਮੋਹਨ ਸਿੰਘ ਬਰਾੜ , ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ , ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈਂਬਰਾਨ ਨੇ ਪ੍ਰਸਿੱਧ ਲੇਖਕ ਤੇ ਸੂਝਵਾਨ ਉਲੱਥਾਕਾਰ ਪ੍ਰੋਫੈਸਰ ਅਵਤਾਰ ਸਿੰਘ ਰੈਣਾ ਜਿਨ੍ਹਾਂ ਕੁੱਝ ਅਰਸਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੇ ਅਧਿਆਪਕ ਵਜੋਂ ਕੰਮ ਕੀਤਾ। ਉਹ ਤੇ ਉਨ੍ਹਾਂ ਦੀ ਸਪਤਨੀ ਕੰਵਲਜੀਤ ਕੌਰ ਰੈਣਾ ਜਿਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1967 ਵਿਚ ਬੀ.ਐਸ ਸੀ (ਮੈਡੀਕਲ ਗਰੁਪ) ਵਿਚ ਪਾਸ ਕੀਤੀ ਤੇ ਬਾਦ ਵਿਚ ਕੈਮਿਸ਼ਟਰੀ ਦੀ ਐਮ.ਐਸਸੀ. ਕਰਕੇ ਪਹਿਲਾਂ ਲੰਮਾ ਸਮਾਂ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਅੰਮ੍ਰਿਤਸਰ ਵਿਖੇ ਬਤੌਰ ਕੈਮਿਸਟਰੀ ਲੈਕਚਰਾਰ ਕੰਮ ਕੀਤਾ ਤੇ ਬਾਦ ਵਿਚ ਪਦਉਨਤੀ ਹੋਣ 'ਤੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਭਕਨਾ ਖ਼ੁਰਦ ਜਿਲ੍ਹਾ ਅੰਮ੍ਰਿਤਸਰ ਵਿਚ ਬਤੌਰ ਪ੍ਰਿਸੀਪਲ ਸੇਵਾ ਕੀਤੀ ਤੇ ਉੱਥੋਂ 31 ਜਨਵਰੀ 2005 ਨੂੰ ਸੇਵਾ ਮੁਕਤ ਹੋਇ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਅੰਮ੍ਰਿਤਸਰ ਵਿਚ ਨਿਵਾਸ ਕਰਨ ਵਾਲੀ ਇਹ ਜੋੜੀ ਅੱਜਕਲ ਆਪਣੇ ਬੇਟੇ ਡਾ. ਨਵਪ੍ਰੇਮ ਸਿੰਘ ਰੈਣਾ ਜੋ ਪੰਜਾਬ ਖ਼ੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਫ਼ਲ ਵਿਭਾਗ ਵਿਚ ਪ੍ਰੋਫ਼ੈਸਰ ਹਨ ,ਪਾਸ ਲੁਧਿਆਣਾ ਰਹਿ ਰਹੀ ਸੀ। ਪ੍ਰੋ. ਅਵਤਾਰ ਰੈਣਾ 22 ਨਵੰਬਰ 2023 ਨੂੰ ਤੇ ਕੰਵਲਜੀਤ ਕੌਰ ਰੈਣਾ 26 ਨਵੰਬਰ 2023 ਨੂੰ ਸਵਰਗਵਾਸ ਹੋ ਗਏ। ਉਹ ਆਪਣੇ ਪਿੱਛੇ ਸਪੁਤਰ ਤੋਂ ਇਲਾਵਾ ਨੂੰ ਨੂੰਹ ਡਾ. ਮਨਪ੍ਰੀਤ ਕੌਰ ਜੋ ਕਿ ਪੰਜਾਬ ਖ਼ੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਕੈਮਿਸਟਰੀ ਵਿਭਾਗ ਵਿਚ ਪ੍ਰੋਫ਼ੈਸਰ ਹਨ ਤੋਂ ਇਲਾਵਾ ਬੇਟੀ ਪ੍ਰੇਮ ਅਰਚਨਾ ਤੇ ਜਵਾਈ ਹਰਵਿੰਦਰ ਸਿੰਘ ਸਿਡਨੀ (ਅਸਟਰੇਲੀਆ) ਛੱਡ ਗਏ ਹਨ। ਪ੍ਰੋ. ਅਵਤਾਰ ਸਿੰਘ ਰੈਣਾ ਨੂੰ ਸਾਹਿਤਕ ਕਾਰਜਾਂ ਕਰਕੇ ਅਤੇ ਕੰਵਲਜੀਤ ਕੌਰ ਨੂੰ ਵਿਦਿਅਕ ਖੇਤਰ ਵਿਚ ਪਾਏ ਯੋਗਦਾਨ ਲਈ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਦੀ ਆਤਿਮਕ ਸ਼ਾਂਤੀ ਲਈ ਰਖੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਪਹਿਲੀ ਦਸੰਬਰ 2023 ਨੂੰ ਦੁਪਹਿਰ 12.30 ਤੋਂ 1.30 ਤੀਕ ਗੁਰਦੁਆਰਾ ਮਾਈ ਬਿਸ਼ਨ ਕੌਰ, ਪ੍ਰੋਫ਼ੈਸਰ ਕਲੋਨੀ, ਬਾੜੇਵਾਲ ਰੋਡ, ਲੁਧਿਆਣਾ ਵਿਖੇ ਹੋਵੇਗੀ।



# ਮੈਂ ਤੇ ਮੇਰਾ ਸਾਈਕਲ



ਜਗਨ ਉੱਗੋਕੇ ਧਾਲੀਵਾਲ
9915598209

ਇਹ ਮੇਰਾ ਸਾਇਕਲ ਉਸ ਵਕਤ ਲਿਆ ਸੀ ਜਦੋਂ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੁੰਦਾ ਸੀ।ਨਵਾ ਨਹੀਂ ਬੱਸ ਚਲਦਾ ਹੀ ਲਿਆ ਸੀ।ਇਹ ਸਾਈਕਲ ਤੇ ਮੈਂ ਪੜਨ ਵੀ ਜਾਂਦਾ ਰਿਹਾ ਹਾਂ ਉਸ ਵਕਤ ਵੀ ਸਾਇਕਲ ਦਾ ਬਹੁਤ ਜ਼ਿਆਦਾ ਸ਼ੌਕ ਸੀ। ਹਰ ਰੋਜ਼ ਦਿਨ ਚ ਦੋ ਤਿੰਨ ਵਾਰ ਕੱਪੜਾ ਮਾਰਨਾਂ ਜਦੋਂ ਕਿਤੇ ਵੀ ਜਾਣਾਂ ਦੂਰ ਨੇੜੇ ਤਾਂ ਵੀ ਸਾਇਕਲ ਤੇ ਹੀ ਜਾਣਾਂ ਸਮਾਂ ਲੰਘਦਾ ਗਿਆ ਪੜਦਾ ਰਿਹਾ ਆਪਾਂ ਸਭ ਨੂੰ ਹੀ ਪਤਾ ਹੈ ਕਿ ਸਾਇਕਲ ਚਲਾਉਣਾ ਸੇਹਤ ਲਈ ਇਕ ਬਹੁਤ ਵਧੀਆ ਖੁਰਾਕ ਹੈ ਦਵਾਈ ਹੈ। ਸਾਈਕਲ ਦਾ ਅੱਜ ਵੀ ਉਨ੍ਹਾਂ ਹੀ ਸ਼ੌਕ ਹੈ। ਅੱਜ ਵੀ ਇਸ ਸਾਈਕਲ ਦਾ ਮੈਂ ਆਪਣੇ ਆਪ ਤੋਂ ਵੱਧ ਖਿਆਲ ਰੱਖਦਾਂ ਹਾਂ।

ਹਰ ਇੱਕ ਇੰਨਸਾਨ ਦੀ ਆਪਣੀ ਆਪਣੀ ਸੋਚ ਹੁੰਦੀ ਹੈ। ਕੋਈ ਵੀ ਇੰਨਸਾਨ ਮਾੜਾ ਨਹੀਂ ਹੁੰਦਾ ਹੈ। ਆਪਣੀਂ ਆਪਣੀਂ ਥਾਂ ਤੇ ਹਰ ਇੱਕ ਸਹੀ ਹੁੰਦਾ ਹੈ।ਇਸ ਕਰਕੇ ਮੈਨੂੰ ਕਈ ਇੰਨਸਾਨਾ ਨੇਂ ਕਿਹਾ ਵੀ ਹੈ ਕਿ ਤੂੰ ਜਿੰਦਗੀ ਚ ਕਦੇ ਵੀ ਸਾਈਕਲ ਤੋਂ ਅੱਗੇ ਨਹੀਂ ਵਧਿਆ ਤੇ ਨਾਂ ਹੀ ਤੂੰ ਵੱਧ ਸਕਦਾਂ। ਪਰ ਮੈਨੂੰ ਇਸ ਗੱਲ ਕੋਈ ਇਤਰਾਜ਼ ਨਹੀਂ ਕੋਈ ਗੁੱਸਾ ਨਹੀਂ ਆਉਂਦਾ ਮੈਨੂੰ ਇਹ ਸੁਣ ਕੇ ਖੁਸ਼ੀ ਹੁੰਦੀ ਹੈ, ਖੁਸ਼ੀ ਇਸ ਤਰ੍ਹਾਂ ਹੁੰਦੀ ਹੈ ਵੀ ਚਲੋਂ ਅਗਲਾ ਆਪਣੀ ਤਰੱਕੀ ਚਹੁੰਦਾ ਹੈ। ਪਰ ਹੁਣ ਜੋਂ ਮੇਰੇ ਦਿਮਾਗ ਚ ਗੱਲਾਂ ਬਾਤਾਂ ਨੇਂ ਕਿਤਾਬਾਂ ਚ ਵੀ ਪੜ੍ਹਿਆ ਹੈ। ਸਾਈਕਲ ਚਲਾਉਣ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ਸਾਈਕਲ ਚਲਾਉਣ ਨਾਲ ਦਿਲ, ਦਿਮਾਗ, ਬਿਲਕੁਲ ਹੀ ਸਹੀ ਰਹਿੰਦਾ ਹੈ ਕੋਈ ਪ੍ਰੌਬਲਮ ਨਹੀਂ ਆਉਂਦੀ ਬਾਕੀ ਬਲੱਡ ਪਰੈਸ਼ਰ ਬਿਲਕੁਲ ਸਹੀ ਰਹਿੰਦਾ ਹੈ




ਸਾਰੇ ਦਾ ਸਾਰਾ ਸਰੀਰ ਹੀ ਬਿਲਕੁਲ ਸਹੀ ਰਹਿੰਦਾ ਹੈ।ਇਹ ਵੀ ਨਹੀਂ ਪਤਾ ਲੱਗਿਆ ਮੈਨੂੰ ਤਾਂ ਅਜੇ ਤੱਕ ਵੀ ਡਾਕਟਰ ਕੀਹਨੂੰ ਕਹਿੰਦੇ ਨੇ ਇਸ ਕਰਕੇ ਮੈਂ ਨਹੀਂ ਜ਼ਿਆਦਾ ਸੋਚਿਆ ਕਦੇ ਵੀ ਦੂਰ ਚਾਹੇ ਨੇੜੇ ਚਾਹੇਂ ਕੋਈ ਰਿਸ਼ਤੇਦਾਰੀ ਆ ਸਾਈਕਲਾਂ ਤੇ ਹੀ ਚਲਾ ਜਾਂਦਾ ਹਾਂ ਜਦੋਂ ਕਿਤੇ ਮਨ ਚ ਆ ਜਾਵੇ ਵੀ ਚਲ ਫਲਾਣੇ ਨੂੰ ਮਿਲ ਕੇ ਆਉਣਾ ਉਸੀ ਵਕਤ ਬੱਸ ਤੁਰ ਈ ਪੈਣਾ ਕੋਈ ਕਿਤੇ ਕੱਪੜਿਆਂ ਵੱਲ ਧਿਆਨ ਨਹੀਂ ਗਿਆ ਮੇਰਾ ਵੀ ਕੱਪੜੇ ਬਦਲ ਕੇ ਚੱਲਾਂਗੇ ਬੱਸ ਧਿਆਨ ਹੀ ਨਹੀਂ ਗਿਆ ਕਦੇ ਇੰਨਾ ਗੱਲਾਂਬਾਤਾਂ ਚ ਮੈਂ ਤਾਂ ਹੁਣ ਹੈ ਈ ਇਸ ਤਰ੍ਹਾਂ ਪਹਿਲਾਂ ਆਪਣੇ ਬੱਚਪਨ ਤੋਂ ਹੀ ਸੁਭਾਅ ਪਿਆ ਹੋਇਆ ਹੈ। ਇੱਕ ਵਾਰ ਮੇਰਾ ਬੈਠੇ ਬੈਠੇ ਦਾ ਵਿਚਾਰ ਬਣ ਗਿਆ ਵੀ ਚਲ ਭੂਆ ਕੋਲੇ ਚਲਦੇ ਹਾਂ।

ਕੁਸ ਨਹੀਂ ਸੋਚਿਆ ਉਸੀ ਵਕਤ ਤੁਰ ਪਿਆ ਮੈਂ ਰਾਹ ਮੈਨੂੰ ਕੋਈ ਸਾਡੇ ਪਿੰਡ ਦਾ ਬੰਦਾ ਮਿਲਿਆ ਮੇਰੇ ਚਾਚੇ ਦੀ ਥਾ ਲੱਗਦਾ ਉਹ ਮੈਨੂੰ ਕਹਿੰਦਾ ਵੀ ਤੂੰ ਜਗਨੇ ਕਿੱਧਰ ਨੂੰ ਜਾਨਾਂ ਜਿਵੇਂ ਆਪਾਂ ਆਮ ਹੀ ਪੁੱਛ ਲੈਂਦੇ ਹਾਂ ਇੱਕ ਦੂਸਰੇ ਨੂੰ ਮੈਂ ਉਸਨੂੰ ਕਿਹਾ ਵੀ ਚਾਚਾ ਜੀ ਮੈਂ ਆਵਦੀ ਭੂਆ ਕੋਲੇ ਜਾ ਕੇ ਆਉਣਾ ਕਹਿੰਦਾ ਸਾਈਕਲ ਤੇ ਮੈਂ ਕਿਹਾ ਹਾਂ ਕਹਿੰਦਾ ਪਤੰਦਰਾ ਕੋਈ ਸ਼ਰਮ ਮੰਨ ਮਾੜੀ ਮੋਟੀ ਤੂੰ ਰਿਸ਼ਤੇਦਾਰੀ ਚ ਜਾਣਾਂ ਤਾਂ ਤੂੰ ਵਧੀਆ ਕੱਪੜਾ ਲੀੜਾ ਪਾ ਕੇ ਜਾਹ ਮੋਟਸਾਈਕਲ ਤੇ ਜਾਹ ਨਹੀ ਬੱਸ ਤੇ ਜਾਹ ਮੈਂ ਕਿਹਾ ਨਹੀਂ ਮੈਂ ਤਾ ਆਈ ਜਾਊਗਾ ਬੱਸ ਫਿਰ ਉਹ ਮੈਨੂੰ ਕਹਿੰਦਾ ਨੰਬਰ ਬਣਾਉਣੇ ਚਾਹੀਦੇ ਨੇ ਆਵਦੇ ਪੂਰੇ ਫੁੱਲ ਕਹਿੰਦਾ ਅੱਜ ਕੱਲ੍ਹ ਫੇਰ ਈ ਰਿਸ਼ਤਾ ਹੁੰਦਾ ਅਗਲਾ ਕਹਿੰਦਾ ਮੁੰਡਾ ਸੋਹਣਾ ਨਾਲ ਦੀ ਨਾਲ ਈ ਰਿਸ਼ਤਾ ਹੋ ਜਾਂਦਾ ਜਿਹੜੇ ਹਿਸਾਬ ਨਾਲ ਤੂੰ ਰਿਸ਼ਤੇਦਾਰੀ ਚ ਜਾਨਾਂ ਤੈਨੂੰ ਕਿਸੇ ਨੇਂ ਕੁੜੀ ਨਹੀਂ ਤੋਰਨੀ ਤੈਨੂੰ ਮੈਂ ਦੱਸਾ ਗੱਲ ਕਹਿੰਦਾ ਅੱਜ ਕੱਲ੍ਹ ਦੀਆਂ ਕੁੜੀਆਂ ਤਾ ਸੋਹਣੇ ਮੁੰਡੇ ਭਾਲਦੀਆ ਚੰਗੀ ਟੌਹਰ ਸੌਕੀਨੀ ਵਾਲੇ ਅੱਜ ਕੱਲ੍ਹ ਚਲੋ ਮੈਨੂੰ ਕਈ ਗੱਲਾਂ ਬਾਤਾਂ ਕਹੀਆ ਮੈਂ ਕਦੇ ਵੀ ਕਿਸੇ ਦਾ ਗ਼ੁੱਸਾ ਬਿਲਕੁਲ ਹੀ ਨਹੀਂ ਕਰਦਾ ਬੇਸ਼ੱਕ ਮੈਨੂੰ ਕੋਈ ਜੋਂ ਮਰਜੀ ਕਹੀ ਜਾਵੇ ਮੈਨੂੰ ਗੁੱਸਾ ਬਿਲਕੁਲ ਨਹੀਂ ਆਉਂਦਾ ਮੈਂ ਇਹੀ ਸੋਚਦਾ ਹਾਂ ਕਿ ਚਲੋ ਕੋਈ ਵੀ ਇੰਨਸਾਨ ਹੋਵੇ ਹਰੇਕ ਇਨਸਾਨ ਹੀ ਆਪਣੀ ਸੋਚ ਮੁਤਾਬਕ ਗੱਲ ਕਰਦਾ ਕਿਉਂਕਿ ਮੈਂ ਆਪ ਆਪਣੀ ਸੋਚ ਤੇ ਅਜ਼ਾਦ ਹਾ ਜਿਵੇਂ ਮੈਨੂੰ ਚੰਗਾ ਲੱਗਦਾ ਉਸੇ ਤਰ੍ਹਾਂ ਹੀ ਮੈਂ ਆਪਣੀ ਜ਼ਿੰਦਗੀ ਦਾ ਸਫਰ ਤੈਅ ਕਰਦਾਂ ਹਾਂ ਜਿਵੇਂ ਆਪਣਾਂ ਮਨ ਖੁਸ਼ ਹੋਵੇ ਕਿਉਂਕਿ ਮਨ ਦੀ ਖੁਸ਼ੀ ਕਦੇ ਮੁੱਲ ਨਹੀਂ ਖਰੀਦੀ ਜਾ ਸਕਦੀ ਬਿਲਕੁਲ ਵੀ। ਚਲੋ ਮੈਂ ਉਸਨੂੰ ਕਿਹਾ ਕਿ ਠੀਕ ਐ ਚਾਚਾ ਜੀ ਮੈਨੂੰ ਤੁਹਾਡੀਆਂ ਗੱਲਾਂ ਦਾ ਕੋਈ ਵੀ ਗੁੱਸਾ ਨਹੀਂ ਪਰ ਹੁਣ ਤੁਸੀਂ ਮੇਰੀ ਗੱਲ ਸੁਣੋਂ ਕਹਿੰਦਾ ਨਹੀ ਯਾਰ ਹੁਣ ਤਾਂ ਤੇਜੀ ਐਂ, ਮੈਂ ਤਾਂ ਜਾਨਾ ਕਦੇ ਫੇਰ ਸੁਣਾਂਗੇ ਮੈਂ ਕਿਹਾ ਨਹੀਂ ਤੂੰ ਸੁਣ ਤਾਂ ਸਹੀ ਇੱਕ ਮਿੰਟ ਕਹਿੰਦਾ ਨਹੀਂ ਫੇਰ ਸਹੀ ਕਦੇ ਉਹ ਇੱਧਰ ਪਿੰਡ ਵੱਲ ਆ ਗਿਆ ਤੇ ਮੈਂ ਅੱਗੇ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਿਆ ਚਲੋ ਮੈਂ ਆਪਣੀ ਭੂਆ ਕੋਲੇ ਗਿਆ ਬਹੁਤ ਵਧੀਆ ਚਾਅ ਕੀਤਾ ਤੇ ਮੈਨੂੰ ਉਹ ਸਾਰਾ ਪਰਿਵਾਰ ਹੀ ਮੇਰੀ ਸੋਚ ਨੂੰ ਸਮਝਦਾਂ ਬਾਕੀ ਮੈਂ ਪਹਿਲਾਂ ਤੋਂ ਆਉਂਦਾ ਜਾਂਦਾ ਹਾਂ ਉਨ੍ਹਾਂ ਕੋਲ ਇਸ ਕਰਕੇ ਮੈਨੂੰ ਉਹ ਸਮਝਦੇ ਨੇ ਮੇਰੀ ਭੂਆ ਦੇ ਦੋ ਮੁੰਡੇ ਨੇ ਮੇਰੀ ਦੋਵਾ ਨਾਲ ਹੀ ਬਹੁਤ ਵਧੀਆ ਬਣਦੀ ਹੈ।ਪਰ ਜਿਹੜਾ ਮੇਰੀ ਭੂਆਂ ਦਾ ਵੱਡਾ ਮੁੰਡਾ ਗੁਰਬਿੰਦਰ ਉਸ ਨਾਲ ਮੇਰੀ ਸੋਚ ਸੇਮ ਹੀ ਮਿਲਦੀ ਸੀ ਸਾਡੀ ਦੋਹਾਂ ਦੀ ਸੋਚ ਬਿਲਕੁਲ ਇੱਕ ਹੀ ਸੀ ਇਸ ਕਰਕੇ ਸਾਨੂੰ ਦੋਵਾਂ ਨੂੰ ਇੱਕ ਦੂਸਰੇ ਨੂੰ ਕੁਸ ਦੱਸਣ ਪੁੱਛਣ ਦੀ ਜ਼ਰੂਰਤ ਨਹੀਂ ਪੈਂਦੀ ਸੀ ਤੇ ਇੱਕ ਦੂਸਰੇ ਨੂੰ ਇਸੇ ਤਰ੍ਹਾਂ ਬਗੈਰ ਬੋਲੇ ਤੋਂ ਹੀ ਸਮਝ ਲੈਂਦੇ ਸੀ।ਉਸਦਾ ਇੱਕ ਸ਼ੌਕ ਸੀ ਉਸ ਕੋਲ ਕਾਪੀ ਹੁੰਦੀ ਛੋਟੀ ਜਿਹੀ ਉਸ ਤੇ ਕੁਸ ਨਾ ਕੁਸ਼ ਉਹ ਬੱਸ ਲਿਖਦਾ ਹੀ ਰਹਿੰਦਾ ਕਦੇ ਕੋਈ ਸ਼ੇਅਰ ਲਿਖਤਾਂ ਕਦੇ ਕੋਈ ਕਵਿਤਾ ਲਿਖਤੀ ਬੱਸ ਸਾਰਾ ਦਿਨ ਚੁੱਪ ਚਾਪ ਹੀ ਰਹਿੰਦਾ ਤੇ ਜਦੋਂ ਕੁਸ ਦਿਮਾਗ ਚ ਆ ਜਾਂਦਾ ਤਾ ਨਾਲ ਦੀ ਨਾਲ ਲਿਖ ਲੈਂਦਾ ਛੋਟੀ ਜਿਹੀ ਡਾਇਰੀ ਤੇ ਪਿੰਨ ਜ਼ੇਬ ਚ ਹੀ ਰੱਖਦਾਂ ਸੀ।ਇਸ ਕਰਕੇ ਕੋਈ ਵੀ ਉਸ ਦੇ ਦਿਲ ਚ ਗੱਲ ਹੁੰਦੀ ਤਾਂ ਉਹ ਮੈਨੂੰ ਦੱਸ ਦਿੰਦਾ ਜੇ ਮੇਰੇ ਦਿਲ ਚ ਕੋਈ ਗੱਲ ਹੁੰਦੀ ਤਾਂ ਮੈਂ ਉਸਨੂੰ ਦੱਸ ਦਿੰਦਾ ਇਸ ਕਰਕੇ ਸਾਡੀ ਦੋਵਾਂ ਦੀ ਬਹੁਤ ਹੀ ਵਧੀਆ ਬਣਦੀ ਸੀ।ਉਸਦੀ ਡੈਥ ਹੋ ਗਈ ਸੀ ਛੇ ਸੱਤ ਸਾਲ ਪਹਿਲਾਂ ਤੇ ਮੈਨੂੰ ਅੱਜ ਵੀ ਨਹੀਂ ਭੁੱਲਦਾ ਕਿਉਂਕਿ ਜ਼ਿੰਦਗੀ ਚ ਛੇਤੀਂ ਕਿਸੇ ਇੰਨਸਾਨ ਨਾਲ ਸੋਚ ਨਹੀਂ ਮਿਲਦੀ ਜੀਹਦੇ ਨਾਲ ਆਪਾਂ ਆਪਣੇ ਦਿਲ ਦੀਆਂ ਗੱਲਾਂ ਬਾਤਾਂ ਕਰ ਲੈਂਦੇ ਹਾਂ।ਉਹੀ ਇੱਕ ਦੁਨੀਆਂ ਚ ਪਹਿਲਾਂ ਬੰਦਾਂ ਸੀ ਜੀਹਦੇ ਨਾਲ ਮੇਰੀ ਸੋਚ ਮਿਲੀ ਸੀ ਉਸ ਤੋਂ ਬਾਅਦ ਅਜ਼ੇ ਕਿਸੇ ਨਾਲ ਵੀ ਮੇਰੀ ਸੋਚ ਵਿਚਾਰ ਨਹੀਂ ਮਿਲੇ ਤੇ ਨਾਂ ਹੀ ਮੈਂ ਕਦੇ ਵੀ ਕਿਸੇ ਨਾਲ ਆਪਣੇ ਦਿਲ ਦੀ ਕੋਈ ਵੀ ਗੱਲ ਸ਼ੇਅਰ ਕੀਤੀ ਹੈ

ਬਾਕੀ ਮੈਂ ਰਿਹਾਂ ਹੀ ਪਹਿਲੇ ਦਿਨ ਤੋਂ ਇਕੱਲਾ ਜਿਹਾਂ ਹਾਂ। ਬੋਲ ਕੇ ਵੀ ਬਹੁਤ ਘੱਟ ਈ ਖੁਸ਼ ਹਾਂ। ਜਿਥੇ ਵੀ ਕੋਈ ਗੱਲ ਸੁਣ ਲਵਾਂ ਉਥੇ ਹੀ ਛੱਡ ਦਿੰਦਾਂ ਹਾਂ। ਮੈਂ ਆਪ ਕਿਸੇ ਨਾਲ ਕੋਈ ਗੱਲ ਕਰਦਾ ਨਹੀਂ ਹੋਰ ਤਾਂ ਹੋਰ ਮੈਨੂੰ ਤਾਂ ਜੇਕਰ ਕਦੇ ਕੋਈ ਸੁਪਨਾ ਵੀ ਆ ਜਾਵੇ ਉਹ ਵੀ ਨਹੀਂ ਕਿਤੇ ਸ਼ੇਅਰ ਕੀਤਾਂ ਕਿਸੇ ਨਾਲ ਵੀ ਚਲੋਂ ਛੱਡੋ। ਮੈਂ ਆਪਣੀ ਭੂਆ ਕੋਲੋਂ ਤਿੰਨ ਕੁ ਦਿਨਾਂ ਬਾਅਦ ਮੁੜ ਕੇ ਪਿੰਡ ਆ ਗਿਆ ਤੇ ਆਉਂਦੇ ਨੂੰ ਚਾਚਾ ਸੱਥ ਚ ਬੈਠਾਂ ਆਪਣੇ ਘਰ ਕੋਲ ਸੱਥ ਹੈ। ਚਾਚਾ ਕਹਿੰਦਾ ਕਿਉਂ ਜਗਨੇ ਕੀ ਹਾਲ ਚਾਲ ਐ ਮਿਲਿਆ ਆਇਆਂ ਭੂਆਂ ਨੂੰ ਮੈਂ ਕਿਹਾ ਹਾ ਜੀ ਚਾਚਾ ਜੀ ਫਿਰ ਮੈਂ ਵੀ ਲਾ ਕੇ ਸਾਈਕਲ ਦਾ ਸਟੈਂਡ ਬੈਠ ਗਿਆ ਚਾਚੇ ਕੋਲ ਤੇ ਕਿਹਾ ਚਾਚਾ ਜੀ ਮੈਂ ਉਸ ਦਿਨ ਤੁਹਾਡੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਸੀ। ਕਹਿੰਦਾ ਮੈਨੂੰ ਜਗਨੇ ਬਹੁਤ ਹੀ ਜ਼ਿਆਦਾ ਤੇਜ਼ੀ ਸੀ ਉਸ ਦਿਨ ਫੇਰ ਮੈਂ ਹਸਦੇ ਹਸਦੇ ਨੇ ਕਿਹਾ ਹੁਣ ਤਾ ਨਹੀਂ ਤੇਜੀ ਕਹਿੰਦਾ ਹੁਣ ਨਹੀਂ ਹੁਣ ਤਾ ਤੇਰੇ ਕੋ.ਲੇ ਹੀ ਹਾਂ। ਫਿਰ ਅਸੀ ਦੋਵਾ ਨੇ ਕਾਫੀ ਗੱਲਾਂ ਬਾਤਾਂ ਕੀਤੀਆਂ ਤੇ ਮੈਂ ਕਿਹਾ ਚਾਚਾ ਜੀ ਦੇਖੋਂ ਹੁਣ ਤੁਸੀਂ ਸੱਥ ਚ ਬੈਠੇ ਉ ਸਾਦੇ ਪਹਿਰਾਵੇਂ ਚ ਤੁਹਾਨੂੰ ਸਾਰੇ ਈ ਜਾਣਦੇ ਨੇ ਕਿ ਇਹ ਮੁੰਡਾ ਕੀਹਦਾ ਤੇ ਕਿਵੇਂ ਦਾ ਇੰਨਸਾਨ ਹੈਂ।

ਕਹਿੰਦਾ ਹਾਂ ਫਿਰ ਮੈਂ ਕਿਹਾ ਕਿ ਜੇਕਰ ਤੁਸੀਂ ਏਥੇ ਚੰਗੀ ਸ਼ੌਕੀਨੀ ਲਾ ਕੇ ਬੈਠੋਗੇ ਤਾਂ ਵੀ ਤੁਹਾਡੀ ਉਸੇ ਤਰ੍ਹਾਂ ਹੀ ਪਹਿਚਾਣ ਰਹੇਂਗੀ ਕਹਿੰਦਾ ਹਾਂ ਸਹੀ ਹੈ ਫਿਰ ਮੈਂ ਕਿ ਚਾਚਾ ਜੀ ਤੁਸੀਂ ਹੁਣ ਮੋਟਰਸਾਈਕਲ ਤੇ ਸਫਰ ਕਰਦੇ ਉ ਤਾਂ ਵੀ ਤੁਹਾਡੀ ਉਹੀ ਪਛਾਣ ਹੈ ਜੇਕਰ ਤੁਸੀਂ ਹੁਣ ਮੋਟਰਸਾਈਕਲ ਛੱਡ ਕੇ ਨਵੀ ਕਾਰ ਤੇ ਸ਼ੌਕੀਨੀ ਲਾ ਕੇ ਸਫ਼ਰ ਤੈਅ ਕਰੋਂ ਗੇ ਤਾਂ ਵੀ ਤੁਹਾਡੀ ਉਹੀ ਪਹਿਚਾਣ ਰਹੇਂਗੀ ਪਹਿਚਾਣ ਤਾ ਤੁਹਾਡੀ ਉਹੀ ਰਹੇਗੀ। ਬੇਸ਼ੱਕ ਤੁਸੀਂ ਜਹਾਜ਼ ਤੇ ਸਫ਼ਰ ਤੈਅ ਕਰ ਲਵੋ। ਪਹਿਚਾਣ ਨਹੀਂ ਕਿਸੇ ਵੀ ਇੰਨਸਾਨ ਦੀ ਬਦਲ ਸਕਦੀ ਚਾਚਾ ਜੀ ਕਹਿੰਦੇ ਹਾਂ ਜਗਨ ਬਿਲਕੁਲ ਸਹੀ ਕਿਹਾ ਤੂੰ ਬੰਦੇ ਦਾ ਤਾ ਉਈ ਪਤਾ ਲੱਗ ਜਾਂਦਾ ਹੈ ਕਿ ਕੌਂਣ ਕਿੰਨੇ ਕੁ ਪਾਣੀ 'ਚ ਹੈ। ਦਿਖਾਵੇ ਦੀ ਤਾ ਲੋੜ ਈ ਨਹੀਂ ਪੈਂਦੀ।

ਇਸ ਕਰਕੇ ਹਮੇਸ਼ਾ ਹੀ ਆਪਣੀ ਸੋਚ ਤੇ ਅਜ਼ਾਦ ਹੋ ਕੇ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ ਜਿਵੇਂ ਮਨ ਖੁਸ਼ ਹੋਵੇ ਕਰੋਂ ਕਿਉਂਕਿ ਮਨ ਦੀ ਖੁਸ਼ੀ ਕਦੇ ਵੀ ਮੁੱਲ ਨਹੀਂ ਖਰੀਦੀ ਜਾ ਸਕਦੀ ਪਰ ਸੋਚ ਹਰ ਇੱਕ ਇੰਨਸਾਨ ਨੂੰ ਚੰਗੀ ਰੱਖਣੀ ਚਾਹੀਦੀ ਹੈ।ਗਲਤ ਕੰਮਾਂ ਤੋਂ ਬੱਚਣਾ ਚਾਹੀਦਾ ਹੈ,ਗਲਤ ਸੰਗਤ ਤੋਂ ਬਚਣਾ ਚਾਹੀਦਾ ਹੈ, ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਇਸ ਕਰਕੇ ਮੈਂ ਸਭ ਨੂੰ ਹੀ ਬੇਨਤੀ ਕਰਦਾ ਹਾਂ ਕਿ ਸਾਈਕਲ ਚਲਾਉ ਸੇਹਤ ਬਚਾਉ ਸਾਈਕਲ ਚਲਾਉਣ ਦੇ ਰਿਜਾਲਟ ਤੁਹਾਨੂੰ ਆਪਣੇ ਆਪ ਮਿਲਣ ਲੱਗ ਜਾਣਗੇ।

# 'ਧਿਆਨ ਲਿਉ ਮਾਰ ਜੀ'

ਕਹਿੰਦੇ 'ਸਹਾਰਾ ਗਰੁੱਪ' ਦੇ ਮਾਲਕ 'ਸੁਬਰਾਤ ਰਾਏ'
ਬਹੁਤ ਵੱਡਾ ਧਨੀ ਜੀਹਦਾ ਵੱਡਾ ਕਾਰੋਬਾਰ ਜੀ।

ਕੈਂਸਰ ਦੀ ਬਿਮਾਰੀ ਨਾਲ ਮਰ ਗਿਆ ਜੂਝਦਾ,
ਪਤਨੀ ਤੇ ਬੱਚਿਆਂ ਨੇ ਨਾ ਲਈ ਆਕੇ ਸਾਰ ਜੀ।

ਸਸਕਾਰ ਮੌਕੇ ਵੀ ਨਹੀਂ ਪਹੁੰਚੇ ਪਤਨੀ ਤੇ ਮੁੰਡੇ,
ਜਿਹਨਾਂ ਲਈ ਜੋੜਿਆ ਸੀ 'ਧਨ' ਬੇਸ਼ੁਮਾਰ ਜੀ।

'ਢਾਈ ਲੱਖ ਕਰੋੜ' ਰਹਿ ਗ ਏ ਵਿਚ ਖਾਤਿਆਂ ਦੇ,
ਜੋ ਦੇ ਨਾ ਸਕੇ ਹੋਰ 'ਸਾਹਾਂ' ਦਾ ਭੰਡਾਰ ਜੀ।

ਉਲਾਦ ਲਈ ਨਜਾਇਜ਼ ਕਮਾਈ ਕਰਨ ਵਾਲਿਓ,
ਇਧਰ ਵੀ ਤੁਸੀਂ 'ਮੇਜਰ' ਧਿਆਨ ਲਿਉ ਮਾਰ ਜੀ।

**ਮੇਜਰ ਸਿੰਘ ਬੁਢਲਾਡਾ**
94176 42327



# ਸ੍ਰੀ ਗੁਰੂ ਨਾਨਕ ਦੇਵ ਜੀ

ਕਿਵੇਂ ਸਦੀਆਂ ਦੇ ਕਈ ਸਾਲੀ ਬੀਤੇ ਤੈਨੂੰ ਦੁਖੜੇ ਖੋਲ੍ਹ ਸੁਣਾਵਾਂ
ਕੁੱਲ ਦੁਨੀਆਂ ਸੀ ਤਾਰੀ ਤੇ ਤੈਨੂੰ ਦੱਸ ਕਿਵੇਂ ਭੁੱਲ ਜਾਵਾਂ
ਇੱਥੇ ਕੂੜ ਹੋਇਆ ਪ੍ਰਧਾਨ ਤੇ ਫਿਰਦੇ ਸੱਜਣ ਠੱਗ ਵਪਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ਲੱਭਦੀ ਫਿਰਦੀ ਸਾਰੀ।

ਤੇਰੇ ਦਿੱਤੇ ਹੋਏ ਉਪਦੇਸ਼ ਨੂੰ ਅੱਜ ਸਭ ਨੇ ਫੇਰ ਭੁਲਾਇਆ
ਉੱਤਰ ਦੱਖਣ ਆ ਕੇ ਵੇਖੀ ਕਿਵੇਂ ਜਾਣੂ ਟੂਣਾ ਚਲਾਇਆ
ਨਾ ਕਿਰਤ ਕਰਨ ਨਾ ਵੰਡ ਛਕੇ, ਇੱਥੇ ਥਾਂ-ਥਾਂ ਫਿਰ ਲਚਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਹਿੰਦੋਸਤਾਨ ਦੇ ਹੋ ਗਏ ਟੁਕੜੇ ਸਭ ਕੁਝ ਖੋਹ ਕੇ ਲੈ ਗਏ
ਪੰਜਾ ਤੇ ਨਨਕਾਣਾ ਸਾਹਿਬ ਸਾਡੇ ਸੁਪਨੇ ਬਣ ਕੇ ਰਹਿ ਗਏ
ਕੀਹਨੇ ਮੱਥਾ ਟੇਕਣ ਜਾਣਾ ਨਾ ਕੋਈ ਮਿਲਦੀ ਹੈ ਰਾਹਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਥੋੜ੍ਹੇ ਬਹੁਤ ਜਗਾ ਕੇ ਦੀਵੇ ਤੇਰੀ ਰਹਿੰਦੇ ਅਲਖ ਜਗਾਉਂਦੇ
ਭਰ ਦਿੰਦੇ ਅਖਬਾਰਾਂ ਤੇ ਆਪਣਾ ਬਿਜਨਸ ਖੂਬ ਚਲਾਉਂਦੇ
ਉਤੋਂ ਫੋਕੀਆਂ ਦੇਣ ਵਧਾਈਆਂ ਤੇ ਪੂਰੀ ਕਰਦੇ ਖਾਤਰਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਬੱਸ ਚਾਰੇ ਕੂਟ ਹਨੇਰਾ ਤੇ ਤੈਨੂੰ ਸੌ ਦੀ ਇਕ ਸੁਣਾਵਾਂ
ਗਰੀਬ ਤਰਸਦੇ ਰੋਟੀ ਨੂੰ ਤੇ ਕੁੱਤੇ ਖਾਂਦੇ ਖੀਰ ਵਿਖਾਵਾਂ
ਦੱਸੇ 'ਦੇਵ ਘੋਲੀਏ' ਵਾਲਾ ਹਰ ਕੋਈ ਬਣਿਆ ਫਿਰੇ ਹੰਕਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ਲੱਭਦੀ ਫਿਰਦੇ ਸਾਰੀ।




**- ਦੇਵ ਘੋਲੀਆ ਖੁਰਦ**
(ਫਰਿਜ਼ਨੋ)
559-232-7764

# ਪੁਸਤਕ ਸਮੀਖਿਆ/ ਸੁੰਨ ਸਿਫ਼ਰ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਸੁਰਿੰਦਰ ਸਿੰਘ ਸੁੰਨੜ**
**ਪ੍ਰਕਾਸ਼ਕ: ਪੰਜਾਬ ਪਬਲਿਸ਼ਰਜ਼ ਜਲੰਧਰ,**
**ਪੰਨੇ:152, ਮੁੱਲ:200/-**

ਅਮਰੀਕਾ ਵਸਦਾ ਸ਼ਾਇਰ ਸੁਰਿੰਦਰ ਸੁੰਨੜ ਜੀਵਨ ਨੂੰ ਬੜੀ ਬਰੀਕੀ ਨਾਲ ਵਾਚਦਾ ਹੋਇਆ ਇਸ ਸਿੱਟੇ ਤੇ ਪੁੱਜਾ ਹੈ ਕਿ ਜੇਕਰ ਇਸ ਸੰਸਾਰ ਵਿਚ ਕੁੱਝ ਕਰਨ ਵਾਲਾ ਹੈ ਤਾਂ ਉਹ ਹੈ ਸੱਚਾ ਸੁੱਚਾ ਕਰਮ ਜਿਸ ਨਾਲ ਲੋਕ ਕਲਿਆਣ ਹੋਵੇ। ਸਾਰੇ ਸੰਸਾਰ ਦੀ ਰਚਨਾ ਸ਼ਬਦ ਰਾਹੀਂ ਹੋਈ ਮੰਨੀ ਗਈ ਹੈ ਤੇ ਸੁੰਨੜ ਨੇ ਵੀ ਸ਼ਬਦ ਦੀ ਉਪਾਸਨਾ ਤੇ ਪ੍ਰਕਾਸ਼ਨਾ ਦੀ ਸੇਵਾ ਦਾ ਆਰੰਭ ਉੱਘੇ ਸਾਹਿਤਕਾਰ ਡਾ. ਲਖਵਿੰਦਰ ਜੌਹਲ ਦੀ ਅਗਵਾਈ ਹੇਠ ਕੀਤਾ ਹੈ। ਹੱਥਲੀ ਪੁਸਤਕ ਵੀ ਉਸੇ ਲੜੀ ਤਹਿਤ ਪੰਜਾਬ ਪਬਲਿਸ਼ਰਜ਼ ਦੀ ਨਰੋਈ ਪੇਸ਼ਕਸ਼ ਹੈ। ਦੇਸ਼ ਦੁਨੀਆਂ ਦੇ ਅਨੁਭਵ ਨੂੰ ਮਾਣਦਾ ਹੋਇਆ ਮੁੜ ਆਪਣੀਆਂ ਜੜ੍ਹਾਂ ਦੀ ਸਾਂਭ ਸੰਭਾਲ ਵਿਚ ਜੁਟ ਜਾਂਦਾ ਹੈ। ਹੁਣ ਤਕ ਉਸਦੀਆਂ ਇਕ ਦਰਜਨ ਦੇ ਕਰੀਬ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਵਿਸ਼ਵ ਪੱਧਰੀ ਪੁਸਤਕਾਂ ਛਪ ਚੁੱਕੀਆਂ ਹਨ। ਇਹਨਾਂ ਵਿਚ ਦੁਨੀਆਂ ਭਰ ਦਾ ਗਿਆਨ ਵਿਗਿਆਨ ਅਤੇ ਸਮਾਜ ਸਾਸ਼ਤਰ ਦੇਖਿਆ ਜਾ ਸਕਦਾ ਹੈ।




ਹੱਥਲੀ ਪੁਸਤਕ ਦਾ ਨਾਮ ਹੀ ਸਪੱਸ਼ਟ ਕਰਦਾ ਹੈ ਕਿ ਸਾਰੇ ਬ੍ਰਹਿਮੰਡ ਦੀ ਰਚਨਾ 'ਸੁੰਨ ਸਿਫ਼ਰ' ਚੋਂ ਹੀ ਹੋਈ ਹੈ। ਉਸ ਅਪਾਰ ਸ਼ਕਤੀ ਦੀ ਛਤਰ ਛਾਇਆ ਹੇਠ ਪੂਰਾ ਸੰਸਾਰ ਤੁਰਦਾ ਫਿਰਦਾ ਹੈ। ਤੇ ਸੰਸਾਰ ਵਿਚ ਵਰਤ ਰਹੇ ਵਰਤਾਰਿਆਂ ਨੂੰ ਬੜੀ ਮਹੀਨ ਨਜ਼ਰ ਨਾਲ ਵਿਚਾਰਿਆ ਅਤੇ ਨਿਖਾਰਿਆ ਗਿਆ ਹੈ। ਇਹ ਸਭ ਮਸਲੇ ਧਰਮ, ਸਮਾਜ, ਆਰਥਿਕ ਅਤੇ ਰਾਜਸੀ ਹਨ। ਜਿਨ੍ਹਾਂ ਦਾ ਸਾਡੇ ਜੀਵਨ ਨਾਲ ਸਿੱਧਾ ਸਬੰਧ ਹੈ। ਕਵੀ ਦਾ ਉਦੇਸ਼ ਹੈ ਕਿ ਹਰ ਇਨਸਾਨ ਨੂੰ ਇਨਸਾਨੀ ਹੱਕ ਹਰ ਹਾਲ ਮਿਲਣੇ ਚਾਹੀਦੇ ਹਨ। ਇਹਨਾਂ ਕਵਿਤਾਵਾਂ ਰਾਹੀਂ ਉਹ ਇਨਸਾਨੀਅਤ ਦਾ ਪ੍ਰਚਾਰ ਕਰਦਾ ਹੋਇਆ ਇਕ ਸੰਤ ਮਹਾਤਮਾ ਵਰਗਾ ਜਾਪਣ ਲੱਗ ਜਾਂਦਾ ਹੈ। ਦੂਜੇ ਪਲ ਜਦੋਂ ਉਹ ਸੱਜਣਾ ਨਾਲ ਹੱਸਣ ਖੇਡਣ ਦੀ ਗੱਲ ਕਰਦਾ ਹੈ ਤਾਂ ਉਹ ਇਕ ਗੱਭਰੂ ਦਿਖਾਈ ਦਿੰਦਾ ਹੈ। ਜਦੋਂ ਬਚਪਨ ਦੀ ਬਾਤ ਪਾਉਂਦਾ ਹੈ ਤਾਂ ਇੰਜ ਲਗਦਾ ਹੈ ਜਿਵੇਂ ਉਹ ਮਾਂ ਦੀ ਗੋਦੀ ਵਿਚ ਬੈਠਾ ਲੋਰੀਆ ਦਾ ਆਨੰਦ ਮਾਣ ਰਿਹਾ ਹੋਵੇ। ਇਸ ਤਰ੍ਹਾਂ ਇਹ ਕਾਵਿ ਸੰਗ੍ਰਹਿ ਬਹੁ ਪਰਤੀ ਬਣ ਜਾਂਦਾ ਹੈ। ਮੁਹਾਵਰੇ×ਦਾਰ ਭਾਸ਼ਾ ਹਰ ਪਾਠਕ ਦੇ ਦਿਲ ਦਿਮਾਗ ਦੇ ਹਨੇਰੇ ਕੋਨਿਆਂ ਨੂੰ ਰੌਸ਼ਨੀਆਂ ਨਾਲ ਭਰਦੀ ਹੈ।

ਜਿਵੇਂ: ਭਰਮ ਦਾ ਅੱਲਣ ਪਾ ਕੇ ਭਾਜੀ ਪੱਕਦੀ ਹੈ,
ਖੁਸ਼ ਫਹਿਮੀ ਦਾ ਸਾਡੇ ਘਰੇ ਲਵੇਰਾ ਹੈ।

ਸਵੈ ਨੂੰ ਸੋਚਣ ਅਤੇ ਪੜਚੋਲਣ ਦਾ ਸੁਨੇਹਾ ਦਿੰਦੀਆਂ ਕਵਿਤਾਵਾਂ ਨਵੇਂ ਤੇ ਨਰੋਏ ਸਮਾਜ ਦੀ ਸਿਰਜਣਾ ਵੱਲ ਨੂੰ ਤੋਰਦੀਆਂ ਹਨ। ਇਹਨਾਂ ਅੰਦਰ ਇਕ ਮਹਾਨ ਫਲਸਫਾ ਛੁਪਿਆ ਹੋਇਆ ਹੈ। ਅੰਤਰ ਨਾਦ ਨੂੰ ਸੁਣਨਾ ਹੀ ਸੁੰਨ ਸਮਾਧੀ ਅੰਦਰ ਜਾਣਾ ਹੈ। ਜਿਸਦਾ ਗਿਆਨ ਸੁਖਾਲਾ ਨਹੀਂ ਮਿਲਦਾ।

ਸਾਨੂੰ ਮੰਨੂ ਨੇ ਕੀ ਵੱਢਣਾ, ਅਸੀਂ ਆਪਣੇ ਕਾਤਲ ਆਪ
ਅਸੀਂ ਖੁਦ ਨਹੀਂ ਪਹਿਚਾਣਿਆ, ਤਾਂ ਹੀ ਭੋਗ ਰਹੇ ਸੰਤਾਪ।

ਕਵੀ ਨੇ ਆਪਣੀ ਵਿਸ਼ਾਲ ਸੋਚ ਦੇ ਜਰੀਏ ਇਸ ਪੁਸਤਕ ਵਿਚ ਰਵਾਨੀ, ਦਇਆ, ਸਬਰ ਸੰਤੋਖ, ਸ਼ਬਦ ਸਾਧਨਾ, ਅੰਤਰ ਗਿਆਨ, ਸ਼ਬਦ ਭਗਵਾਨ, ਨਾਰੀ ਮਾਣ, ਕਿਰਤੀ ਅਤੇ ਕਿਸਾਨ, ਮਨੁੱਖ ਬਣਿਆ ਹੈਵਾਨ, ਆਦਿ ਵਿਸ਼ਿਆਂ ਬਾਰੇ ਗਹਿਰ ਗੰਭੀਰ ਕਵਿਤਾਵਾਂ ਸ਼ਾਮਲ ਕੀਤੀਆਂ ਹਨ ਜੋ ਪਾਠਕ ਮਨ ਨੂੰ ਹਲੂਣਾ ਮਾਰਦੀਆਂ ਹਨ। ਜੀਵਨ ਨਾਲ ਸਬੰਧਤ ਸ਼ਾਇਦ ਹੀ ਕੋਈ ਵਿਸ਼ਾ ਹੋਵੇਗਾ ਜਿਸ ਬਾਰੇ ਪੁਸਤਕ ਵਿਚ ਕਵਿਤਾ ਨਾ ਸ਼ਾਮਲ ਹੋਵੇ। ਲੋਹੜੇ ਦੀ ਰਵਾਨੀ ਵਾਲੀਆਂ ਇਹ ਕਵਿਤਾਵਾਂ ਸੌਖਿਆਂ ਹੀ ਗਾਈਆ ਜਾ ਸਕਦੀਆਂ ਹਨ।ਕਵਿਤਾਵਾਂ ਦੇ ਬੋਲ ਨਿਰਮਲ ਅਤੇ ਪਵਿੱਤਰ ਹਨ। ਇਸੇ ਕਰਕੇ ਇਹ ਮਨੁੱਖ ਨੂੰ ਮਾਨਵੀ ਕਦਰਾਂ ਕੀਮਤਾਂ ਦੀ ਪਹਿਰੇਦਾਰੀ ਕਰਨ ਦਾ ਸੁਨੇਹਾ ਦਿੰਦੀਆਂ ਹਨ। ਉਸ ਸ਼ਬਦ ਦੀ ਸ਼ਕਤੀ ਨਾਲ ਜੁੜਕੇ ਇਸ ਸਮਾਜ ਲਈ ਕੁਝ ਪੁਖਤਾ ਕਰਨ ਦੇ ਆਹਰੇ ਲਾਉਂਦੀਆਂ ਹਨ। ਧਰਮ ਬਾਰੇ ਇਹ ਸਤਰ੍ਹਾਂ ਬਹੁਤ ਕਮਾਲ ਦੀਆਂ ਹਨ:

ਧਰਮ ਕਦੇ ਕਿਰਿਆ ਨਹੀ ਹੁੰਦੀ ਧਰਮ ਤਾਂ ਇਕ ਧਿਆਨ ਹੈ।
ਕਰਮਕਾਂਡ ਜੋ ਬੰਦਾ ਕਰਦਾ, ਉਹ ਸਭ ਬੰਦੇ ਦਾ ਵਿਗਿਆਨ ਹੈ।

ਜ਼ਿੰਦਗੀ ਦੇ ਸਫ਼ਰ ਵਿਚ ਮਨੁੱਖ ਹਮੇਸ਼ਾ ਲੋੜਾਂ ਅਤੇ ਥੋੜਾਂ ਨਾਲ ਦੇ ਚਾਰ ਹੁੰਦਾ ਰਹਿੰਦਾ ਹੈ। ਉਹ ਕਦੀ ਲੱਖਾਂ ਦਾ ਤੇ ਕਦੀ ਕੱਖਾਂ ਦਾ ਬਣ ਜਾਂਦਾ ਹੈ। ਇਸ ਵਾਸਤੇ ਉਹ ਮਨੁੱਖ ਨੂੰ ਇਕ ਸੱਚ ਦਾ ਲੜ ਫੜਕੇ ਹਿੰਮਤ ਨਾਲ ਅਗੇਰੇ ਵਧਣ ਲਈ ਤਿਆਰ ਕਰਦਾ ਹੈ। ਕੁਦਰਤ ਨਾਲ ਹੁੰਦੇ ਖਿਲਵਾੜ ਦੀ ਵੀ ਚਿੰਤਾ ਕਵੀ ਨੂੰ ਸਤਾ ਰਹੀ ਹੈ। ਗੁਰੂ ਸਾਹਿਬਾਨ ਦੇ ਫਰਮਾਨਾ ਨੂੰ ਦਰਕਿਨਾਰ ਕਰਨ ਕਰਕੇ ਹੀ ਸਾਡੇ ਸਮਾਜ ਦੀ ਹਾਲਤ ਨਿਘਰ ਰਹੀ ਹੈ। ਮਖੌਟੇ ਪਾਈ ਫਿਰਦੇ ਮਨੁੱਖ ਅੰਦਰ ਵਸਦੇ ਸ਼ੈਤਾਨ ਬਾਰੇ ਵੀ ਸੁਚੇਤ ਕੀਤਾ ਹੈ। ਸੁਰਿੰਦਰ ਸਿੰਘ ਸੁੰਨੜ ਦੀ ਪੁਸਤਕ 'ਸੁੰਨ ਸਿਫ਼ਰ' ਮਨ ਦੇ ਹੁਲਾਰਿਆਂ, ਇਸ਼ਾਰਿਆਂ, ਮੁਹੱਬਤਾਂ, ਮਮਤਾ, ਸਾਂਝਾਂ, ਇਲਾਹੀ ਧੁਨ, ਖੁਸ਼ੀਆਂ ਗਮੀਆਂ ਅਤੇ ਚਿੰਤਾ ਤੇ ਚਿੰਤਨ ਦੀ ਸ਼ਾਇਰੀ ਹੈ। ਸੁਰ ਤਾਲ ਨਾਲ ਭਰਪੂਰ ਇਹ ਗੀਤ, ਕਵਿਤਾਵਾਂ ਤੇ ਗ਼ਜਲਾਂ ਪਾਠਕਾਂ ਦੇ ਮਨ ਨੂੰ ਬਹਿਲਾਉਂਦੀਆਂ ਹੋਈਆਂ ਨਵੇਂ ਦਿਸਹੱਦੇ ਸਰ ਕਰਨ ਦੀ ਤਿਆਰੀ ਕਰਵਾਉਂਦੀਆਂ ਹਨ।




# ਮਹਿੰਗੇ ਮੁੱਲੀਂ ਅੰਤਰਰਾਸ਼ਟਰੀ ਸ਼ਿਕਾਰੀ ਕੁੱਤਿਆਂ ਦਾ ਦੌੜਾਕ 'ਪਰਮਜੀਤ ਸਿੰਘ ਪੰਮੀ ਹੁੰਦਲ' ਕੋਟਲੀ ਅਰਾਈਆਂ (ਜਰਮਨ ਵਾਲੇ)

## ਅਨੇਕਾਂ ਦੌੜਾਂ ਵਿੱਚ ਜਿੱਤ ਦੇ ਗੱਡੇ ਪੰਜਾਬ 'ਚ ਝੰਡੇ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਮਹਿੰਗੇ ਮੁੱਲ ਦੇ ਅੰਤਰਰਾਸ਼ਟਰੀ ਸ਼ਿਕਾਰੀ ਦੌੜਾਕ ਕੁੱਤਿਆਂ ਦੇ ਪਾਲਕ ਪਰਮਜੀਤ ਸਿੰਘ ਪੰਮੀ ਹੁੰਦਲ (ਕੋਟਲੀ ਅਰਾਈਆਂ ਵਾਲੇ) ਨੇੜੇ ਆਦਮਪੁਰ ਜਿਲਾ ਜਲੰਧਰ, ਪੰਜਾਬ ਵਿੱਚ ਅਨੇਕਾਂ ਸ਼ਿਕਾਰੀ ਕੁੱਤਿਆਂ ਦੀਆਂ ਦੌੜਾਂ ਦੇ ਟੂਰਨਾਮੈਂਟਾਂ ਵਿੱਚ ਵਿਨਰ ਰਹਿਣ ਦਾ ਖਿਤਾਬ ਪ੍ਰਾਪਤ ਕਰ ਚੁੱਕੇ ਹਨ। ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਪਰਮਜੀਤ ਸਿੰਘ ਪੰਮੀ ਹੁੰਦਲ (ਕੋਟਲੀ ਅਰਾਈਆਂ, ਜਰਮਨ ਵਾਲੇ) ਨੇ ਦੱਸਿਆ ਕਿ ਉਹਨਾਂ ਵਲੋਂ ਪੰਜਾਬ ਵਿੱਚ ਹੋਣ ਵਾਲੇ ਅਨੇਕਾਂ ਕੁੱਤਿਆਂ ਦੀਆਂ ਦੌੜਾਂ ਦੇ ਟੂਰਨਾਮੈਂਟਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਜਾ ਚੁੱਕਾ ਹੈ । ਉਹਨਾਂ ਨੂੰ ਦੱਸਿਆ ਕਿ ਉਹਨਾਂ ਦੇ ਸ਼ਿਕਾਰੀ ਦੌੜਾਕ ਕੁੱਤੇ ਬਲੈਕ ਬਰੈਨੋ, ਮਾਈ ਲੀ, ਹੈਕਟਰ ਗ੍ਰੇਹੁੰਡ ਟਰੈਕ ਰੇਸ ਵਿੱਚ ਜੇਤੂ ਰਹਿਣ ਦਾ ਖਿਤਾਬ ਪ੍ਰਾਪਤ ਕਰ ਚੁੱਕੇ ਹਨ । ਇਹ ਕੁੱਤੇ ਵਿਦੇਸ਼ ਤੋਂ ਵਿਸ਼ੇਸ਼ ਤੌਰ ਤੇ ਉਨਾਂ ਵਲੋਂ ਲਿਆਂਦੇ ਗਏ ਹਨ, ਜੋ ਪੰਜਾਬ ਵਿੱਚ ਆਪਣੀ ਤੇਜ਼ ਦੌੜ ਨਾਲ ਸਭ ਨੂੰ ਹੈਰਾਨ ਕਰਦਿਆਂ ਦੰਦਾਂ ਥੱਲੇ ਜੀਭ ਦੱਬਣ ਲਈ ਮਜਬੂਰ ਕਰ ਰਹੇ ਹਨ ਅਤੇ ਹਰ ਥਾਂ ਜਿੱਤ ਤਾ ਝੰਡਾ ਗੱਡ



ਰਹੇ ਹਨ। ਇੰਡੀਅਨ ਸ਼ਿਕ–ਾਰੀ ਕੁੱਤਿਆਂ ਦੀਆਂ ਦੌੜਾਂ ਵਿੱਚ ਉਹ ਸੁਖਨਾ ਅਬਲੂ ਸ੍ਰੀ ਮੁਕਤਸਰ ਸਾਹਿਬ , ਬਿਹਾਲਾ ਹੁਸ਼ਿਆਰਪੁਰ, ਸੂਸਾਂ ਹੁਸ਼ਿਆਰਪੁਰ ਤੋਂ ਇਲਾਵਾ ਹੋਰ ਕਈ ਟੂਰਨਾਮੈਂਟਾਂ ਵਿੱਚ ਵਿਨਰ ਰਹਿ ਚੁੱਕੇ ਹਨ ਅਤੇ ਪਹਿਲੇ ਦਰਜੇ ਦੀਆਂ ਟਰਾਫੀਆਂ ਤੇ ਕਾਬਜ ਹੋਏ ਹਨ। ਉਹਨਾਂ ਦੱਸਿਆ ਕਿ ਉਹਨਾਂ ਨੂੰ ਇਹ ਸ਼ੌਂਕ ਲੰਬੇ ਸਮੇਂ ਤੋਂ ਪਿਆ ਹੋਇਆ ਹੈ ਅਤੇ ਉਹ ਇਹ ਸ਼ਿਕਾਰੀ ਕੁੱਤਿਆਂ ਨੂੰ ਵੱਖ ਵੱਖ ਵਿਦੇਸ਼ੀ ਮੁਲਕਾਂ ਤੋਂ ਲਿਆ ਕੇ ਇੱਥੇ ਦੌੜਾਂ ਵਿੱਚ ਸ਼ਾਮਿਲ ਕਰਦੇ ਹਨ । ਕੁੱਤਿਆਂ ਦੀ ਦੇਖਭਾਲ ਲਈ ਜਿੱਥੇ ਉਨਾਂ ਵੱਲੋਂ ਵਿਸ਼ੇਸ਼ ਤੌਰ ਤੇ ਦੇਖਭਾਲ ਟੀਮ, ਮੈਡੀਕਲ ਟੀਮ, ਫੀਡ ਟੀਮ ਰੱਖੀ ਹੋਈ ਹੈ, ਉੱਥੇ ਹੀ ਇਹਨਾਂ ਕੁੱਤਿਆਂ ਨੂੰ ਰੱਖਣ ਦਾ ਵਿਸ਼ੇਸ਼ ਟਰੀਟਮੈਂਟ ਉਹਨਾਂ ਵਲੋਂ ਘਰ ਵਿੱਚ ਹੀ ਕੀਤਾ ਹੋਇਆ ਹੈ।

ਗਰਮੀ ਸਰਦੀ ਦੇ ਮੌਸਮ ਵਿੱਚ ਕੁੱਤਿਆਂ ਦੇ ਅਨੁਕੂਲ ਹਰ ਤਾਪਮਾਨ ਨੂੰ ਮੇਨਟੇਨ ਕਰਨ ਲਈ ਘਰ ਵਿੱਚ ਹੀ ਵਿਸ਼ੇਸ਼ ਪ੍ਰਬੰਧ ਵਿਸ਼ੇਸ਼ ਵਿਦੇਸ਼ੀ ਕੈਮਰਿਆਂ ਦੀ ਨਿਗਰਾਨੀ ਹੇਠ ਕੀਤਾ ਗਿਆ ਹੈ, ਜੋ ਆਪਣੇ ਆਪ ਵਿੱਚ ਇੱਕ ਵੱਡੀ ਗੱਲ ਕਹੀ ਜਾ ਸਕਦੀ ਹੈ। ਪਰਮਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਇਹ ਕੁੱਤੇ ਜਰਮਨ ਇੰਗਲੈਂਡ, ਅਮਰੀਕਾ, ਕਨੇਡਾ ਆਸਟਰੇਲੀਆ ਤੋਂ ਇਲਾਵਾ ਹੋਰ ਕਈ ਮੁਲਕਾਂ ਤੋਂ ਲਿਆਂਦੇ ਗਏ ਹਨ, ਜਿਨਾਂ ਨੂੰ ਲੈ ਕੇ ਆਉਣ ਜਾਣ ਦੇ ਹਵਾਈ ਸਫਰ ਵਿੱਚ ਲੱਖਾਂ ਰੁਪਇਆਂ ਦਾ ਖਰਚਾ ਆਉਂਦਾ ਹੈ। ਪਰਮਜੀਤ ਸਿੰਘ ਪੰਮੀ ਹੁੰਦਲ ਨੇ ਸ਼ੌਂਕ ਦਾ ਕੋਈ ਮੁੱਲ ਨਹੀਂ ਦੀ ਕਹਾਵਤ ਨੂੰ ਸੱਚਮੁੱਚ ਹੀ ਅਮਲੀ ਜਾਮਾ ਪਹਿਨਾ ਕੇ ਦੱਸ ਦਿੱਤਾ ਹੈ।

## ਬਲਜਿੰਦਰ ਕੌਰ ਸ਼ੇਰਗਿੱਲ, ਮੁਹਾਲੀ ਦੀਆਂ ਕੁਝ ਰਚਨਾਵਾਂ

### ਪੰਜਾਬੀ ਮਾਂ ਬੋਲੀ ਰਹੀ ਹਾਂ

ਭਰੇ ਸੱਥ 'ਚ ਬੋਲ ਰਹੀ ਹਾਂ,
ਭੇਦ ਦਿਲਾਂ ਦੇ ਖੋਲ ਰਹੀ ਹਾਂ,
ਪੰਜਾਬ ਦੇ ਵਰਕੇ ਫਰੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਦੇਖਿਆ ਬੱਚਿਆਂ ਦਾ ਜਦ ਬਸਤਾ,
ਹਾਲਤ ਮੇਰੀ ਹੋ ਗਈ ਖਸਤਾ
ਘਰ ਤੋਂ ਆਪਣੇ ਡੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਖ਼ਤਮ ਹੋ ਗਏ ਹੁਣ ਟਾਟ ਵਿਛਾਏ,
ਕਿਉਂ ਪੋਚ ਦਿੱਤੀ ਗਈ ਫੱਟੀ,
ਇਹ ਸਾਰੇ ਜਵਾਬ ਢੰਢੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਨੇਮ ਪਲੇਟਾਂ ਅੰਗਰੇਜ਼ੀ 'ਚ ਲਾ ਕੇ,
ਵੱਡਿਆਂ ਨਾਲ ਯਰਾਨੇ ਪਾ ਕੇ,
ਮਨ ਦੇ ਬੂਹੇ ਖੋਲ੍ਹ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਗੁਰੂਆਂ ਦੀ ਬਾਣੀ ਹੱਥ ਫੜਾ ਕੇ,
ਬੁੱਲ੍ਹੇ, ਵਾਰਿਸ ਦੀ ਕਾਵਿ ਕਿਆਰੀ ਲਾ ਕੇ,
"ਬਲਜਿੰਦਰ" ਤੋਂ ਲਿਖ਼ਤਾਂ ਲਿਖਵਾ ਕੇ,
ਸਭ ਖਰੀਆਂ ਗੱਲਾਂ ਟਟੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲੀ ਰਹੀ ਹਾਂ।

### ਮਾਂ ਬੋਲੀ

ਹੱਦੋਂ ਵੱਧ ਮਾਂ ਬੋਲੀ ਨੂੰ ਪਿਆਰ ਕਰਦੀ ਹਾਂ,
ਔਰਤ ਹਾਂ ਔਰਤ ਦਾ ਸਤਿਕਾਰ ਕਰਦੀ ਹਾਂ।

ਨੌਜਵਾਨਾਂ ਨੂੰ ਇਹੋ ਗੁਹਾਰ ਕਰਦੀ ਹਾਂ,
ਮਾਂ ਬੋਲੀ ਸਾਂਭਣ ਇਹੀ ਪ੍ਰਚਾਰ ਕਰਦੀ ਹਾਂ।

ਸਾਹਿਤਕਾਰਾਂ ਦਾ ਦਿਲ ਤੋਂ ਮੈਂ ਸਤਿਕਾਰ ਕਰਦੀ ਹਾਂ,
ਮਾਂ ਬੋਲੀ ਦੇ ਹੱਕ 'ਚ ਪ੍ਰਸਾਰ ਕਰਦੀ ਹਾਂ।

ਜਿਸ ਦੀ ਗੋਦੀ 'ਚ ਬਹਿ ਕੇ ਮਾਂ ਬੋਲੀ, ਬੋਲੀ ਮੈਂ,
ਉਸ ਮਾਂ ਨੂੰ ਸਿਜਦਾ ਵਾਰਮ ਵਾਰ ਕਰਦੀ ਹਾਂ।

ਜਿਸ ਮਿੱਟੀ ਤੇ ਡੁੱਲ੍ਹਿਆ ਖ਼ੂਨ ਸ਼ਹੀਦਾਂ ਦਾ,
ਉਸ ਮਿੱਟੀ ਚ ਮੈਂ ਰੱਬ ਦਾ ਦੀਦਾਰ ਕਰਦੀ ਹਾਂ।

"ਬਲਜਿੰਦਰ" ਨੂੰ ਜਿਸ ਪੁਚਾਇਆ ਇਸ ਮੁਕਾਮ ਤੇ,
ਉਹ ਲਿਖਤਾਂ ਵਿੱਚ ਮਾਂ ਬੋਲੀ ਦਾ ਸ਼ਿੰਗਾਰ ਕਰਦੀ ਹਾਂ।

### ਖੁਦ

ਖੁਦ ਦੀ ਖੁਦ ਨਾਲ ਹੋਈ ਗੱਲਬਾਤ,
ਖੁਦਾ ਨੇ ਮੈਨੂੰ ਕੋਈ ਬਖ਼ਸ਼ੀ ਹੈ ਦਾਤ ।

ਲਿਖ ਰਹੀ ਹਾਂ ਖੁਦ ਦੇ ਖ਼ਿਆਲਾਤ,
ਮੁਹਬੱਤਾਂ ਦੇ ਨਗ਼ਮੇ ਗਾ ਰਹੀ ਦਿਨ ਰਾਤ।

ਇੱਕ ਦਿਨ ਮੁੱਕ ਜਾਣੇ ਇਹ ਸਾਰੇ ਜਜ਼ਬਾਤ,
ਜਿਸ ਦੀ ਗਹਿਰਾਈ ਤੇ ਨਾ ਮਾਰੇ ਕੋਈ ਝਾਤ।

ਇਸ਼ਕੇ ਦੇ ਗ਼ਮਾਂ 'ਚ ਸੱਜ ਜਾਣੀ ਬਰਾਤ,
ਜੋ ਹਰ ਵੇਲੇ ਹੰਝੂਆਂ ਦੀ ਲਾ ਰਹੀ ਬਰਸਾਤ।

"ਬਲਜਿੰਦਰ" ਮਿਲੇਗੀ ਬੇਸ਼ਕੀਮਤੀ ਸੌਗਾਤ,
ਰੂਹ ਨੂੰ ਠਾਰੇ ਗੀ ਜਦ ਅੰਬਰੀਂ ਪ੍ਰਭਾਤ ।

### ਚੰਨ ਤਾਰੇ

ਗਈ ਮੈਂ ਬਜ਼ਾਰ,
ਆਪਣੀ ਸਹੇਲੀ ਦੇ ਨਾਲ,
ਇੱਕ ਦੂਜੀ ਲੱਗੀਆਂ,
ਆਪੋਂ ਆਪਣਾ ਸੁਣਾਉਣ ਹਾਲ,
ਨੇੜੇ ਆਇਆ ਇੱਕ ਭਾਈ,
ਕਹਿੰਦੇ ਲੈ ਲੋ ਜੀ ਚੰਨ ਤਾਰੇ ਹਰ ਹਾਲ ।

ਮੈਂ ਆਖਿਆ, ਭਾਈ ਚੰਨ ਤਾਰੇ,
ਸਾਡਾ ਤਾਂ ਆਪਣਾ ਚੰਨ ਗੁਆਚਿਆ,
ਜੋ ਸਾਨੂੰ ਦਿਨੇ ਦਿਖਾਵੇ ਤਾਰੇ ।

ਭਾਈ ਵੀ ਹੱਸਿਆ,
ਹੋਇਆ ਪਾਸੇ ਨਾਲ,
ਦੇਖਦਾ ਰਿਹਾ ਸਾਨੂੰ,
ਹੋਇਆ ਖੁਸ਼ੀ 'ਚ ਮਲਾਲ ।

